# ਸੰਪਾਦਕੀ

'ਆਤਮ ਮਾਰਗ' ਨੂੰ ਆਪ ਪਾਠਕਾਂ ਦੀ ਅਤੇ ਸਮੂੰਹ ਮਾਨਵਤਾ ਦੀ ਸੇਵਾ ਕਰਦਿਆਂ ਅੱਜ ਪੂਰੇ ਚਾਰ ਵਰ੍ਹੇ ਹੋ ਗਏ ਹਨ। ਇਨ੍ਹਾਂ ਚਾਰ ਵਰ੍ਹਿਆਂ ਵਿਚ 'ਆਤਮ ਮਾਰਗ ਦਾ ਸੁਨੇਹਾ', ਹਜ਼ਾਰਾਂ ਘਰਾਂ ਵਿਚ ਪੁੱਜਿਆ ਹੈ। ਆਮ ਤੌਰ ਤੇ ਬਾਣੀ ਦਾ ਪਾਠ ਨਿਤਨੇਮ ਵਜੋਂ ਬਹੁਤ ਪ੍ਰੇਮੀ ਬਹੁਤ ਸਮੇਂ ਤੋਂ ਕਰਦੇ ਆ ਰਹੇ ਹਨ ਪਰ ਇਨ੍ਹਾਂ ਪ੍ਰੇਮੀਆਂ ਵਲੋਂ ਇਹ ਸ਼ਿਕਾਇਤ ਆਮ ਰਹੀ ਹੈ ਕਿ ਬਾਣੀ ਵਿਚ ਮਨ ਨਹੀਂ ਟਿਕਦਾ, ਪਤਾ ਨਹੀਂ ਲਗਦਾ – ਕਦੋਂ ਜਪੁਜੀ ਦਾ ਪਾਠ ਅਰੰਭ ਹੋਇਆ, ਕਦੋਂ 'ਕੇਤੀ ਛੁਟੀ ਨਾਲਿ' ਕਹਿ ਸਮਾਪਤੀ ਹੋ ਗਈ। ਦੂਜੀ ਆਮ ਸ਼ਿਕਾਇਤ ਇਹ ਹੈ ਕਿ ਬੀਬੀਆਂ ਜਾਂ ਭਾਈ ਕਾਫੀ ਸਮਾਂ ਨਿਤਨੇਮ ਪਾਠ ਵਿਚ ਲਾਉਂਦੇ ਹਨ ਪਰ ਨਾ ਹੀ ਉਨ੍ਹਾਂ ਦਾ ਕ੍ਰੋਧ ਘਟਦਾ ਹੈ, ਨਾ ਹੀ ਵੈਰ ਵਿਰੋਧ। ਨਿੰਦਿਆ ਰਸ ਉਸੇ ਤਰ੍ਹਾਂ ਬਣਿਆ ਹੋਇਆ ਹੈ। ਕਿਸੇ ਵੀਰ ਭੈਣ ਨੂੰ ਕੀਤਾ ਨਿਤਨੇਮ ਦਾ ਪਾਠ ਨਿੰਦਿਆ ਤੋਂ ਹੋੜਦਾ ਕਿਉਂ ਨਹੀਂ? ਇਸ ਤਰ੍ਹਾਂ ਪਾਠ ਕਰਨ ਵਾਲਿਆਂ ਦੇ ਆਪਣੇ ਜੀਵਨ ਵਿਚ ਕੋਈ ਸੁੱਚਤਾ ਜਾਂ ਉਚਤਾ ਨਾ ਆਉਣ ਕਾਰਨ ਉਹ ਕਿਸੇ ਹੋਰ ਲਈ ਉਤਸ਼ਾਹ ਦਾ ਕਾਰਨ ਨਹੀਂ ਬਣ ਸਕਦੇ। ਕਾਰਨ ਕੀ ਹੈ? ਗੁਰਬਾਣੀ ਵਰਗੀ ਮਹਾਨ ਰਚਨਾ ਸੰਸਾਰ ਦੇ ਧਾਰਮਿਕ ਸਾਹਿਤ ਵਿਚ ਦੁਰਲੱਭ ਹੈ। ਗੁਰਬਾਣੀ ਦੇ ਚਾਨਣ ਵਿਚ ਮਨੁੱਖ ਦਾ ਜੀਵਨ ਵਿਗਾਸਮਈ, ਸਹਿਜਮਈ, ਖੁਸ਼ੀ ਭਰਿਆ, ਵਿਸਮਾਦਜਨਕ ਹੋ ਜਾਣਾ ਲਾਜ਼ਮੀ ਹੈ। ਪਰ ਇਦਾਂ ਹੁੰਦਾ ਨਹੀਂ। ਇਸ ਘਾਟ ਨੂੰ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਦਿਲੋਂ ਅਨੁਭਵ ਕੀਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਗੁਰਬਾਣੀ ਨਾਲ ਜੁੜਿਆ ਜੀਵਨ ਦੁਖਾਂ ਕਲੇਸ਼ਾਂ ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਸੁਖ ਸ਼ਾਂਤੀ ਤੇ ਨਾਮ ਦੀ ਚੜ੍ਹਦੀ ਕਲਾ ਦਾ ਜੀਵਨ ਹੋਣਾ ਚਾਹੀਦਾ ਹੈ। ਐਸਾ ਨਾ ਹੋਣ ਦਾ ਕਾਰਨ ਇਹ ਹੈ ਕਿ ਬਾਣੀ ਨੂੰ ਰਸਮੀ ਤੌਰ ਤੇ ਬਿਨਾਂ ਸਮਝਿਆਂ ਪੜ੍ਹਿਆ ਜਾਂਦਾ ਹੈ। ਬਾਣੀ ਨੂੰ ਸਮਝ ਕੇ ਪੜ੍ਹਨ ਅਤੇ ਇਸ ਨੂੰ ਅਮਲ ਵਿਚ ਲਿਆਉਣ ਦੀ ਲੋੜ ਹੈ। ਗੁਰਬਾਣੀ ਦੇ ਗਹੂਜ ਭਾਵਾਂ ਨੂੰ ਉਜਾਗਰ ਕਰਨ ਹਿਤ 'ਆਤਮ ਮਾਰਗ' ਅਪ੍ਰੈਲ 1994 ਵਿਚ ਹੋਂਦ ਵਿਚ ਆਇਆ ਅਤੇ ਇਸ ਨਿਸ਼ਚੇ ਅਤੇ ਨਿਸ਼ਾਨੇ ਨਾਲ ਇਹ ਆਪ ਜੀ ਦੀ ਸੇਵਾ ਵਿਚ ਜੁੱਟ ਗਿਆ ਤਾ ਕਿ ਨਾਮ ਪਿਆਰ ਵਿਚ ਭਿੱਜਿਆ ਜੀਵਨ ਸੁਖੀ ਜੀਵਨ ਅੰਮ੍ਰਿਤਮਈ ਜੀਵਨ ਹੋ ਨਿਬੜੇ, ਸਰਬ ਸੰਸਾਰ ਵਿਚੋਂ "ਵੈਰ ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਮਹਾਂ ਲੋਭ, ਧ੍ਰੋਹ" ਵਰਗੇ ਵਿਕਾਰਾਂ ਦਾ ਨਾਸ ਹੋਵੇ।

***'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' (ਪੰਨਾ – 97)*** ਦੀ ਭਾਵਨਾ ਦਾ ਪਾਸਾਰ ਹੋਵੇ। ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਨੂੰ ਆਪਣੀ ਪਿਆਰ ਗਲਵਕੜੀ ਵਿਚ ਲਿਆ। ਗੁਰੂ ਅਰਜਨ ਦੇਵ ਜੀ ਨੇ ਸਰਬ ਮਾਨਵਤਾ ਨਾਲ ਪਿਆਰ ਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਹੀਂ ਦਿਤਾ। ਐਸੀ ਪਰੰਪਰਾ ਨੂੰ ਜਾਰੀ ਰਖਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਭਾਰਤੀ ਸਮਾਜ ਦੇ ਵੱਖ–ਵੱਖ ਵਰਗਾਂ ਨੂੰ ਇਕ ਸਮਾਨ ਦਰਜਾ ਦਿੰਦਿਆਂ ਖੰਡੇ ਦਾ ਅੰਮ੍ਰਿਤ ਛਕਾ ਕੇ ਖਾਲਸੇ ਦੇ ਰੂਪ ਵਿਚ ਵਿਦਮਾਨ ਕੀਤਾ। ਮਹਾਂਪੁਰਸ਼ਾਂ ਨੇ ਆਤਮ ਮਾਰਗ ਦਾ ਐਸਾ ਹੀ ਆਦਰਸ਼ ਚੁਣਿਆ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਇਸ ਆਦਰਸ਼ ਨੂੰ ਸਨਮੁਖ ਰਖਦਿਆਂ 'ਆਤਮ ਮਾਰਗ' ਆਪ ਜੀ ਦੀ ਸੇਵਾ ਵਿਚ ਜੂਝ ਰਿਹਾ ਹੈ। ਸਾਰੇ ਲੇਖ ਗੁਰਬਾਣੀ ਦੇ ਇਸ ਆਸ਼ੇ ਅਨੁਸਾਰ ਲਿਖੇ ਅਤੇ ਛਾਪੇ ਜਾਂਦੇ ਹਨ ਕਿ ਜੀਵਨ ਦੀਆਂ ਚਿੰਤਾਵਾਂ, ਦੁਖਾਂ, ਕਲੇਸ਼ਾਂ ਤੋਂ ਨਵਿਰਤੀ ਕਿਵੇਂ ਹੋਵੇ ਅਤੇ ਸੁਖ ਸ਼ਾਂਤੀ ਦਾ ਸਹਿਜਮਈ ਜੀਵਨ ਕਿਵੇਂ ਪ੍ਰਾਪਤ ਹੋਵੇ? ਇਸੇ ਕਾਰਨ 'ਆਤਮ ਮਾਰਗ' ਇਸ ਥੋੜ੍ਹੇ ਜਿਹੇ ਜੀਵਨ ਕਾਲ ਵਿਚ ਅੱਜ ਸੰਸਾਰ ਭਰ ਵਿਚ ਹਰਮਨ ਪਿਆਰਾ ਹੋ ਨਿਬੜਿਆ ਹੈ। 40,000 ਪਾਠਕਾਂ ਨੇ ਇਸ ਦਾ ਹੁੰਗਾਰਾ ਭਰਿਆ ਹੈ, ਇਨ੍ਹਾਂ ਰਾਹੀਂ ਲੱਖਾਂ ਪਾਠਕ ਇਸ ਦਾ ਅਨੰਦ ਮਾਣਦੇ ਹਨ। ਅਨੇਕਾਂ ਪ੍ਰਾਣੀਆਂ ਦੀ ਇਹ ਰੂਹ ਦੀ ਖੁਰਾਕ ਬਣ ਚੁਕਿਆ ਹੈ। ਬੇਅੰਤ ਬਰਬਾਦ ਹੋਏ ਬੰਦਿਆਂ ਨੂੰ ਮੁੜ ਨਰੋਆ ਜੀਵਨ ਮਿਲਿਆ ਹੈ, ਹਜ਼ਾਰਾਂ ਲੋਕ ਨਾਮ ਬਾਣੀ ਨਾਲ ਜੁੜੇ ਹਨ। ਵਿਸ਼ੇਸ਼ ਤੌਰ ਤੇ ਪਾਠਕਾਂ ਵਿਚ ਨਾਮ ਦੀ ਜਗਿਆਸਾ ਉਤਪੰਨ ਹੋਈ ਹੈ। ਮਈ 1999 ਦਾ ਹਥਲਾ ਅੰਕ ਹੀ ਵੇਖੋ। ਇਸ ਵਿਚ ਮਹਾਂਪੁਰਸ਼ਾਂ ਰਾਹੀਂ ਲਿਖਿਆ ਪਹਿਲਾਂ ਲੇਖ ਹੈ – *'ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ'* ਇਸ ਵਿਚ ਨਾਮ ਦੇ ਮਹਾਨ ਸਿਧਾਂਤ *'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ'* ਦੀ ਭਰਪੂਰ ਵਿਆਖਿਆ ਪ੍ਰਾਪਤ ਹੋਈ ਹੈ। ਜਿੰਨਾ ਵਿਸ਼ਾ ਗੰਭੀਰ ਅਤੇ ਕਠਨ ਹੈ, ਓਨਾ ਹੀ ਲਿਖਣ ਢੰਗ ਸੁਖੈਨ ਅਤੇ ਰਸਦਾਇਕ। ਆਮ ਤੌਰ ਤੇ ਨਾ ਸਾਨੂੰ ਸਰੀਰਕ ਕਿਲ੍ਹੇ ਦੀ ਜਾਣਕਾਰੀ ਹੈ, ਨਾ ਦਸਵੇਂ ਗੁਪਤ ਦਵਾਰ ਦੀ। ਫੇਰ ਇਸ ਦਾ ਸਮਾਧਾਨ ਵੀ ਦਸਿਆ ਹੈ – *'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥'* ਪ੍ਰਸੰਗਾਂ ਰਾਹੀਂ ਇਸ ਗੂੜ੍ਹ ਗਿਆਨ ਨੂੰ ਬੜਾ ਸਰਲ ਕਰ ਦਿਤਾ ਹੈ। ਏਦਾਂ ਹੀ 'ਨਾਮ ਅਮੋਲਾ' ਵਿਚ ਨਾਮ ਦੇ ਅਮੁਲ ਗੁਣ ਪੜ੍ਹ ਕੇ ਹਰੇਕ ਨਾਮ ਅਭਿਲਾਸ਼ੀ ਨਾਮ ਦੇ ਮਹਾਨ ਰਸ ਨੂੰ ਮਾਨਣ ਲਈ ਬਿਹਬਲ ਹੋ ਉਠਦਾ ਹੈ। 'ਕਿਵ ਸਚਿਆਰਾ ਹੋਈਐ? ਆਤਮ ਮਾਰਗ ਦੇ ਹਰ ਪਾਂਧੀ ਦਾ ਮੂਲ ਪ੍ਰਸ਼ਨ ਹੈ। ਲੜੀਵਾਰ ਲੇਖਾਂ ਰਾਹੀਂ ਮਹਾਂਪੁਰਸ਼ ਪਾਠਕ ਦੀ ਸੁਰਤਿ ਨੂੰ ਨਿਰੰਤਰ ਉਚਤਾ ਬਖਸ਼ ਰਹੇ ਹਨ। ਮਹਾਂਪੁਰਸ਼ਾਂ ਦੀਆਂ ਲਿਖਤਾਂ ਦੇ ਨਾਲ–ਨਾਲ ਡਾ. ਸਵਾਮੀ ਰਾਮ ਦੇ ਲੇਖ ਨਿੱਜੀ ਅਨੁਭਵ ਅਤੇ ਅਭਿਆਸ ਦਾ ਪ੍ਰਤੱਖ ਪ੍ਰਮਾਣ ਹਨ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਦੀ ਬਾਣੀ ਭਗਵਤ ਗੀਤਾ ਅਤੇ ਉਪਨਿਸ਼ਦਾਂ ਦਾ ਆਧੁਨਿਕ ਰੂਪ ਹੈ। ਭਗਵਤ ਗੀਤਾ ਦੇ ਆਤਮ ਦਰਸ਼ਨ ਨੂੰ ਸੁਖੈਨ ਭਾਸ਼ਾ ਵਿਚ ਇਸੇ ਆਸਾ ਨਾਲ ਲੜੀਵਾਰ ਛਾਪਿਆ ਜਾ ਰਿਹਾ ਹੈ। ਆਤਮ ਮਾਰਗ ਦਾ ਪੈਂਡਾ 'ਪਵਿੱਤਰ ਪੈਂਡਾ' ਹੀ ਹੈ। ਸਵਾਮੀ ਜੀ ਦਾ ਲੜੀਵਾਰ ਛਪਦਾ ਇਹ ਲੇਖ ਤੁਹਾਨੂੰ ਬਹੁਤ ਉਤਸ਼ਾਹਤ ਕਰੇਗਾ। ਇਸ ਤਰ੍ਹਾਂ ਹੀ ਬਾਕੀ ਦੇ ਲੇਖ ਹਨ ਜੋ ਆਪ ਸਭ ਨੂੰ 'ਆਤਮ ਮਾਰਗ' ਤੇ ਚੱਲਣ ਲਈ ਨਾ ਕੇਵਲ ਪ੍ਰੇਰਤ ਕਰਦੇ ਹਨ, ਸਗੋਂ ਪੱਥ ਪਰਦਰਸ਼ਕ ਦਾ ਕੰਮ ਵੀ ਕਰਦੇ ਹਨ ਜਿਸ ਨਾਲ ਜੀਵਨ ਪੈਂਡਾ ਸੌਖਾ, ਸੋਹਣਾ, ਸੁਹਾਵਣਾ ਹੁੰਦਾ ਹੈ। 'ਕੇਤੀ ਛੁਟੀ ਨਾਲਿ' ਦੀ ਭਾਵਨਾ ਨੂੰ ਸਨਮੁਖ ਰਖਦਿਆਂ 'ਆਤਮ ਮਾਰਗ' ਪਰਿਵਾਰ ਵਿਚ ਵੱਧ ਤੋਂ ਵੱਧ ਜਗਿਆਸੂਆਂ ਨੂੰ ਸੰਮਿਲਤ ਕਰਨ ਦਾ ਜਸ ਖੱਟੀਏ। ਇਹ ਸੇਵਾ ਮਹਾਨ ਪਰਉਪਕਾਰ ਹੋਵੇਗਾ।

***ਡਾ. ਜਗਜੀਤ ਸਿੰਘ***

# ਹੈ ਕੋਈ ਸਾਜਨੁ ਸੰਤ ਜਨੁ ?
# ਨਾਨਕ ਪ੍ਰਭ ਮੇਲਣਹਾਰ ?

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 55)*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਜੇ ਹਉ ਭੂਲ ਵਿਗਾੜਿਆ ਨਾ ਕਰ ਮੈਲਾ ਚਿਤ॥*
*ਸਾਹਿਬ ਗਉਰਾ ਲੋੜੀਐ ਨਫਰ ਵਿਗਾੜੇ ਨਿਤ॥*

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥*
*ਪੰਨਾ - 1095*

*ਧਾਰਨਾ - ਤਉ ਦਰਸਨ ਕੇ ਤਾਂਈ,*
*ਭਇਆ ਦੀਵਾਨਾ ਭਇਆ ਦੀਵਾਨਾ।*
*ਭਇਆ ਦੀਵਾਨਾ, ਭਇਆ ਦੀਵਾਨਾ।*
*ਤਉ ਦਰਸ਼ਨ ਕੇ ਤਾਂਈ.......।*

*ਅਖੀ ਕਾਢਿ ਧਰੀ ਚਰਣਾ ਤਲਿ*
*ਸਭ ਧਰਤੀ ਫਿਰਿ ਮਤ ਪਾਈ॥*
*ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ*
*ਜੇ ਮਾਰਿ ਕਢਹਿ ਭੀ ਧਿਆਈ॥*
*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ*
*ਜੇ ਨਿੰਦੈ ਤ ਛੋਡਿ ਨ ਜਾਈ॥*
*ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ*
*ਤੁਧੁ ਵਿਸਰਿਐ ਮਰਿ ਜਾਈ।।* *ਪੰਨਾ - 757*

*ਧਾਰਨਾ - ਤਉ ਦਰਸਨ ਕੇ ਤਾਂਈ,*
*ਭਇਆ ਦੀਵਾਨਾ ਭਇਆ ਦੀਵਾਨਾ।*
*ਭਇਆ ਦੀਵਾਨਾ, ਭਇਆ ਦੀਵਾਨਾ।*
*ਤਉ ਦਰਸ਼ਨ ਕੇ ਤਾਂਈ.......।*

*ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥*
*ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥*
*ਪੰਨਾ - 757*

*ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥*
*ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ।।*
*ਪੰਨਾ - 1122*

*ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ॥*
*ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ॥*
*ਪੰਨਾ - 928*

*ਧਾਰਨਾ - ਇਹੋ ਤੇਰੀ ਵਾਰੀ ਐ,*
*ਗੋਬਿੰਦ ਮਿਲਣੇ ਦੀ,......।*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ।।*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥* *ਪੰਨਾ - 12*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਹਫਤਾਵਾਰੀ ਸਤਿਸੰਗ ਦੇ ਅੰਦਰ ਅੱਜ 23 ਨਵੰਬਰ 1984 ਨੂੰ ਸਾਰੇ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀਆਂ ਹਾਜ਼ਰੀਆਂ ਭਰ ਰਹੇ ਹੋ। ਬਹੁਤ ਦਿਨਾਂ ਤੋਂ ਬਚਨ ਚਲਿਆ ਹੋਇਆ ਹੈ ਕਿ ਪ੍ਰਮੇਸ਼ਰ ਨੂੰ ਮਿਲਿਆ ਜਾ ਸਕਦਾ ਹੈ ਜਾਂ ਨਹੀਂ ਮਿਲਿਆ ਜਾ ਸਕਦਾ ਕਿਉਂਕਿ ਦੋਵੇਂ ਤਰ੍ਹਾਂ ਦੇ ਖਿਆਲ ਚਲ ਰਹੇ ਹਨ। ਇਕ ਤਾਂ ਇਹ ਖਿਆਲ ਹੈ ਕਿ ਵਾਹਿਗੁਰੂ ਨੂੰ ਅਨੁਭਵ ਨਹੀਂ ਕੀਤਾ ਜਾ ਸਕਦਾ, ਬਹੁਤ ਉਚੀਆਂ ਉਡਾਰੀਆਂ ਵਿਚ ਜਾਂ ਕਿਸੇ ਥਾਂ ਤੇ ਗੁਆਚ ਜਾਇਆ ਕਰਦੇ ਹਨ। ਇਕ ਉਹ ਹਨ ਜਿਹੜੇ ਕਹਿੰਦੇ ਹਨ ਕਿ ਕੇਵਲ ਸਾਡਾ ਹੀ ਵਾਹਿਗੁਰੂ ਹੈ। ਜੋ ਦੂਸਰਾ ਮਤਿ ਹੈ ਉਸ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਫੁਰਮਾਨ ਹੈ ਕਿ ਜੀਵ ਅਲਪੱਗ ਹੈ। ਇਸ ਦੇ ਵਿਚ ਸ਼ਕਤੀ ਨਹੀਂ ਹੈ, ਇਹ ਜਾਣਦਾ ਨਹੀਂ ਹੈ, ਇਹਨੂੰ ਅੰਤਰਜਾਮਤਾ ਨਹੀਂ ਹੈ। ਵਾਹਿਗੁਰੂ ਸਰਬੱਗ ਹੈ।

*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥* *ਪੰਨਾ - 284*

ਅੱਖ ਝਮਕਣ ਜਿੰਨੇ ਚਿਰ ਦੇ ਅੰਦਰ ਕ੍ਰੋੜਾਂ ਬ੍ਰਹਿਮੰਡ ਬਣਾ ਦਿੰਦਾ ਹੈ ਤੇ ਕਰੋੜਾਂ ਹੀ ਖਤਮ ਕਰ ਦਿੰਦਾ ਹੈ। ਇਹ ਤਾਂ ਹੋ ਸਕਦਾ ਹੈ ਕਿ ਅਸੀਂ ਵਾਹਿਗੁਰੂ ਦੀ ਅੰਸ ਹਾਂ, ਜਿਸ ਤਰ੍ਹਾਂ ਦੇ ਨਾਲ ਗਿਲਾਸ ਦਾ ਪਾਣੀ ਦਰਿਆ ਦਾ ਪਾਣੀ, ਸਮੁੰਦਰ ਦਾ ਪਾਣੀ। ਪਾਣੀ ਤਾਂ ਤਿੰਨੇ ਹੀ ਇਕੋ ਨੇ ਪਰੰਤੂ ਇਕ ਗਿਲਾਸ ਦਾ ਪਾਣੀ ਸੀਮਤ ਹੈ, ਸੀਮਾਂ ਦੇ ਅੰਦਰ ਹੈ, ਦੇਸ਼ ਕਾਲ ਦੇ ਅੰਦਰ ਹੈ। ਜੋ ਵਾਹਿਗੁਰੂ ਹੈ ਉਹ ਬੇਅੰਤ ਹੈ। ਬੇਅੰਤ ਨੂੰ ਕਿਸ ਤਰੀਕੇ ਨਾਲ ਮਿਲਣਾ ਹੈ? ਮਹਾਂਪੁਰਸ਼ਾਂ ਨੇ ਇਸ ਦੇ ਦੋ ਤਰੀਕੇ ਫੁਰਮਾਏ ਹਨ ਕਿ ਇਕ ਤਾਂ ਭਗਤਾਂ ਦਾ ਮਿਲਣਾ ਹੈ ਤੇ ਇਕ ਫਿਲਾਸਫਰਾਂ ਦਾ, ਗਿਆਨੀਆਂ ਦਾ ਮਿਲਣਾ ਹੈ। ਦੋਨਾਂ ਦੇ ਵਿਚ ਥੋੜ੍ਹਾ-ਥੋੜ੍ਹਾ ਫਰਕ ਹੋਇਆ ਕਰਦਾ ਹੈ ਪਰ ਇਕੋ ਹੀ ਹੈ ਕਿਉਂਕਿ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*
*ਪੰਨਾ - 290*

ਨਿਰਗੁਣ ਵੀ ਓਹੀ ਹੈ ਤੇ ਸਰਗੁਣ ਵੀ ਉਹ ਆਪ ਹੀ ਹੈ। ਸਾਡਾ ਮਨ ਪਸੀਜਦਾ ਨਹੀਂ ਜਦੋਂ ਤਕ ਸਾਨੂੰ ਸਾਡੇ ਵਰਗਾ ਹੋ ਕੇ ਨਾ ਮਿਲੇ ਕਿਉਂਕਿ ਸਾਡੀ ਸਾਇਕਾਲੋਜੀ (ਮਾਨਸਿਕ ਬਿਰਤੀ) ਇਸੇ ਤਰ੍ਹਾਂ ਦੀ ਹੈ ਕਿ ਜੇ ਮਿਲਣਾ ਹੈ ਵਾਹਿਗੁਰੂ ਨੂੰ ਤਾਂ ਉਹ ਸਾਡੇ ਵਰਗਾ ਹੀ ਹੋਣਾ ਚਾਹੀਦਾ ਹੈ ਭਾਵ ਜਿਸ ਤਰ੍ਹਾਂ ਦਾ ਮੈਂ ਚਾਹੁੰਦਾ ਹਾਂ ਉਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਸਾਧ ਸੰਗਤ ਜੀ! ਇਹ ਭਾਵਨਾ ਦੀ ਗੱਲ ਹੈ, ਵਾਹਿਗੁਰੂ

ਦੇ ਅੱਗੇ ਕੋਈ ਰੁਕਾਵਟ ਨਹੀਂ ਹੈ ਕਿ ਮੈਂ ਐਸਾ ਨਹੀਂ ਹਾਂ, ਜੇ ਗੁਰੂ ਨਾਨਕ ਕਰਕੇ ਵੇਖਣਾ ਹੈ ਤਾਂ ਗੁਰੂ ਨਾਨਕ ਹੋ ਜਾਵੇਗਾ, ਦਸ਼ਮੇਸ਼ ਪਿਤਾ ਦੇਖਣਾ ਹੈ ਤਾਂ ਉਹ ਦਸ਼ਮੇਸ਼ ਰੂਪ ਵਿਚ ਮਿਲ ਜਾਵੇਗਾ, ਕ੍ਰਿਸ਼ਨ ਮਹਾਰਾਜ ਕਰਕੇ ਵੇਖਣਾ ਹੈ, ਉਹ ਹੋ ਜਾਵੇਗਾ, ਸ੍ਰੀ ਰਾਮ ਚੰਦਰ ਜੀ ਕਰਕੇ ਜ਼ਿਆਦਾ ਪਿਆਰ ਹੈ ਉਹਦੇ ਦਰਸ਼ਨ ਹੋ ਜਾਣਗੇ ਕਿਉਂਕਿ ਵਾਹਿਗੁਰੂ ਹੀ ਸਾਰੇ ਪਰੀਪੂਰਨ ਹੈ। ਸੋ ਜ਼ਿੰਦਗੀ ਦਾ ਜੋ ਪਰਮ ਮਨੋਰਥ ਹੈ, ਉਹ ਇਹ ਹੈ ਕਿ ਵਾਹਿਗੁਰੂ ਦੇ ਨਾਲ ਮਿਲ ਜਾਣਾ ਤੇ ਉਸ ਦੇ ਦਰਸ਼ਨ ਕਰ ਲੈਣੇ। ਸਾਡੇ ਗਲ ਵਿਚ ਜੋ ਜੰਮਣ ਤੇ ਮਰਨ ਦਾ ਚੱਕਰ ਪਿਆ ਹੋਇਆ ਹੈ ਉਸ ਵਿਚੋਂ ਨਿਕਲ ਜਾਣਾ। ਦੂਸਰਾ ਜੋ ਮਨੋਰਥ ਹੈ ਕਿ ਵਾਹਿਗੁਰੂ ਨੂੰ ਕਾਹਦੇ ਨਾਲ ਮਿਲਿਆ ਜਾ ਸਕਦਾ ਹੈ। ਵਾਹਿਗੁਰੂ ਨੇ ਇਸ ਸਰੀਰ ਦੇ ਅੰਦਰ ਇਕ ਐਸੀ ਨਸ ਰੱਖੀ ਹੈ, ਇਸ ਦੀ ਬਣਤਰ ਐਸੀ ਬਣਾਈ ਹੈ ਕਿ ਇਹਦੇ ਅੰਦਰ ਪੱਚੀ ਪ੍ਰਕ੍ਰਿਤੀਆਂ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਚਾਰ ਹਿੱਸੇ ਅੰਤਸ਼ਕਰਣ ਦੇ ਹਨ। ਇਸ ਦੇ ਅੰਦਰ ਨੌਂ ਦਰਵਾਜ਼ੇ ਪ੍ਰਗਟ ਕਰ ਦਿਤੇ।

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਪੰਨਾ – 954***

ਇਕ ਦਰਵਾਜ਼ਾ ਗੁਪਤ ਰੱਖ ਦਿਤਾ। ਇਕ ਬਜਰ ਕਪਾਟ ਐਸਾ ਹੈ ਜਿਸ ਨੂੰ ਆਸਾ ਤੇ ਅੰਦੇਸਾ ਦਾ ਦਰਵਾਜ਼ਾ ਕਹਿੰਦੇ ਹਨ –

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥ ਪੰਨਾ – 877***

ਦਸ ਪਾ ਦਿਤੀ ਕਿ ਕਿਥੇ ਰਹਿੰਦਾ ਹੈ, ਉਹ ਤੁਹਾਡੇ ਅੰਦਰ ਰਹਿੰਦਾ ਹੈ ਉਸ ਨੂੰ ਲੱਭ ਲਵੋ। ਕਈ ਪ੍ਰੇਮੀਆਂ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਸਾਡਾ ਸਰੀਰ ਤਾਂ ਛੋਟਾ ਜਿਹਾ ਹੈ ਐਡਾ ਸਮਰੱਥ ਵਾਹਿਗੁਰੂ ਸਾਡੇ ਅੰਦਰ ਕਿਸ ਤਰ੍ਹਾਂ ਰਹਿੰਦਾ ਹੈ। ਜੇ ਕਿਸੇ ਦੇ ਅੰਦਰ ਭੂਤ ਰਹਿੰਦਾ ਹੋਵੇ ਤਾਂ ਉਸ ਦੀਆਂ ਨਿਸ਼ਾਨੀਆਂ ਬਾਹਰ ਆ ਜਾਇਆ ਕਰਦੀਆਂ ਹਨ। ਭੂਤ ਉਸ ਦੀ ਸੁਰਤੀ ਨੂੰ ਗੁੰਮ ਕਰਕੇ, ਉਸ ਤੇ ਕਾਬੂ ਪਾ ਲੈਂਦਾ ਹੈ। ਸਰੀਰ ਨੂੰ ਭਾਰਾ ਕਰ ਦਿੰਦਾ ਹੈ, ਉਸ ਵਿਚ ਬੋਲਣ ਦੀ ਸ਼ਕਤੀ ਨਹੀਂ ਰਹਿੰਦੀ ਕਿਉਂਕਿ ਉਹ ਭੂਤ ਹੈ। ਸੋ ਜੇ ਵਾਹਿਗੁਰੂ ਸਾਡੇ ਅੰਦਰ ਰਹਿੰਦਾ ਹੋਵੇ ਤਾਂ ਇਹ ਨੇਕੀ ਬਦੀ ਕਿਥੋਂ ਆ ਗਈ, ਫੇਰ ਤਾਂ ਸਾਡਾ ਸਰੀਰ ਪਵਿੱਤਰ ਚਾਹੀਦਾ ਹੈ। ਫੇਰ ਤਾਂ ਇਹ ਗੱਲ ਹੋ ਨਹੀਂ ਸਕਦੀ ਕਿ ਸਾਡੇ ਅੰਦਰ ਵਾਹਿਗੁਰੂ ਦਾ ਵਾਸਾ ਹੋਵੇ ਤੇ ਸਾਡੇ ਸਰੀਰ ਵਿਚ ਬੁਰਿਆਈ ਤੇ ਬਦੀ ਉਠਦੀ ਹੋਵੇ ਤੇ ਭੈੜੀਆਂ ਵਾਸ਼ਨਾਵਾਂ ਉਠਦੀਆਂ ਹੋਣ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਹੈ ਤਾਂ ਤੇਰੇ ਅੰਦਰ ਹੀ, ਤੇਰੇ ਤੇ ਪ੍ਰਮੇਸ਼ਰ ਦੇ ਵਿਚਕਾਰ ਇਕ ਐਸਾ ਸਖਤ ਪੜ੍ਹਦਾ ਪੈ ਗਿਆ ਕਿ ਉਹਦਾ ਪ੍ਰਕਾਸ਼ ਜੋ ਤੇਰੇ ਤੇ ਪੈ ਰਿਹਾ ਹੈ, ਹੌਲੀ ਹੌਲੀ ਐਨਾ ਮੱਧਮ ਪੈ ਗਿਆ ਕਿ ਬਿਲਕੁਲ ਖਤਮ ਹੋਣ ਦੇ ਬਰਾਬਾਰ ਹੀ ਆ ਗਿਆ। ਪਹਿਲਾ ਪੜਦਾ ਅਨੰਦ ਦਾ ਪੈ ਗਿਆ, ਦੂਸਰਾ ਤੇਰੀ ਬੁੱਧੀ ਦਾ ਪੈ ਗਿਆ, ਤੀਸਰਾ ਪੜਦਾ ਮਨ ਦਾ ਪੈ ਗਿਆ, ਚੌਥਾ ਪੜਦਾ ਪ੍ਰਾਣਾਂ ਦਾ ਪੈ ਗਿਆ, ਪੰਜਵਾਂ ਪੰਜ ਤੱਤ ਦੇ ਸਰੀਰ ਦਾ ਪੈ ਗਿਆ। ਇਸ ਤਰ੍ਹਾਂ ਸਮਝ ਲਵੋ ਜੇਕਰ ਹਜ਼ਾਰ ਵਾਟ ਜਗਦੇ ਬਲਬ ਉਤੇ ਪਹਿਲਾਂ ਇਕ ਚਿੱਟਾ ਕਾਗਜ਼ ਵਲੇਟ ਦੇਈਏ, ਫੇਰ ਗਾੜ੍ਹੇ ਪੀਲੇ ਰੰਗ ਦਾ ਗਲੋਬ ਚੜ੍ਹਾ ਦੇਈਏ, ਲਾਈਟ ਘਟ ਜਾਏਗੀ। ਫੇਰ ਗਾੜ੍ਹੇ ਨੀਲੇ ਰੰਗ ਦਾ ਦੇ ਦੇਈਏ ਤਾਂ ਹੋਰ ਲਾਈਟ ਘੱਟ ਜਾਵੇਗੀ ਫੇਰ ਬਿਲਕੁਲ ਕਾਲੇ ਰੰਗ ਦਾ ਗਲੋਬ ਚੜ੍ਹਾ ਦੇਈਏ ਤਾਂ ਲਾਈਟ ਬਿਲਕੁਲ ਧੀਮੀ ਹੋ ਜਾਵੇਗੀ ਅਤੇ ਇਸ ਦੇ ਉਪਰ ਕੋਈ ਟੱਬ ਜਾਂ ਘੜਾ ਮੂਧਾ ਮਾਰ ਦੇਈਏ ਤਾਂ ਕੀ ਹੋਵੇਗਾ ਕਿ ਅੰਦਰ ਲਾਈਟ ਤਾਂ ਹੈ ਪਰ ਬਾਹਰ ਬਿਲਕੁਲ ਦਿਖਾਈ ਨਹੀਂ ਦੇਵੇਗੀ ਤੇ ਲਾਈਟ ਬਾਹਰ ਨਹੀਂ ਆਏਗੀ। ਇਸੇ ਤਰ੍ਹਾਂ ਵਾਹਿਗੁਰੂ ਤਾਂ ਸਭ ਦੇ ਅੰਦਰ ਹੈ, ਪਰ ਉਹ ਭੂਤ ਵਰਗਾ ਨਹੀਂ ਹੈ ਕਿ ਭਾਰਾ ਕਰ ਦੇਵੇ, ਉਹ ਬਹੁਤ ਹੀ ਪਿਆਰਾ ਹੈ। ਉਸ ਦਾ ਸਰੂਪ ਨਿਰਾ ਹੀ ਅਨੰਦ ਹੈ। ਜਿੰਨਾਂ ਅਨੰਦ ਵਲ ਨੂੰ ਵਧਦਾ ਜਾਵੇਗਾ ਜਿੰਨੀ ਰਸ ਵਲ ਨੂੰ ਬਿਰਤੀ ਜਾਵੇਗੀ ਉਨਾਂ ਹੀ ਪ੍ਰਮੇਸ਼ਰ ਦੇ ਨੇੜੇ ਨੂੰ ਜਾਂਦਾ ਹੈ। ਸੋ ਪਹਿਲੀ ਚੀਜ਼ ਤਾਂ ਇਹ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ। ਦੂਸਰੀ ਚੀਜ਼ ਹੈ ਕਿ ਵਾਹਿਗੁਰੂ ਨੇ ਇਸ ਸਰੀਰ ਦੇ ਅੰਦਰ ਇਕ ਬਚਿਤਰ ਮਸ਼ੀਨ ਪਾਈ ਹੈ ਜਿਸ ਨੂੰ ਅੰਗਰੇਜ਼ੀ ਵਿਚ sophisticated (ਨਾਜ਼ੁਕ) ਕਹਿੰਦੇ ਹਨ। ***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥'*** ਨੌਂ ਦਰਵਾਜ਼ਿਆਂ ਵਾਲਾ ਕਿਲਾ ਇਹ ਸਰੀਰ ਬਣਾ ਦਿਤਾ।

ਜਦੋਂ ਗੁਰੂ ਨਾਨਕ ਮਹਾਰਾਜ ਜੀ ਮੱਕਾ ਸ਼ਰੀਫ ਵਿਚ ਪਹੁੰਚੇ ਤਾਂ ਕਾਜ਼ੀ ਰੁਕਨਦੀਨ ਨੇ ਬੇਨਤੀ ਕੀਤੀ ਹੇ ਗੁਰੂ ਨਾਨਕ! ਕ੍ਰਿਪਾ ਕਰਕੇ ਉਹ ਮਹਿਲ ਤਾਂ ਦੱਸੋ ਉਹ ਕਿਸ ਤਰ੍ਹਾਂ ਦਾ ਹੈ, ਜਿਹਦੇ ਵਿਚ ਅੱਲਾਹ ਤਾਲਾ ਰਹਿੰਦਾ ਹੈ, ਖ਼ੁਦਾ ਰਹਿੰਦਾ ਹੈ? ਅੱਲਾਹ ਤਾਲਾਹ ਉਚੇ ਤੋਂ ਉਚਾ ਵੀ ਹੈ ਤੇ ਘਟ ਘਟ ਵਿਚ ਵੀ ਵਸਦਾ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਭਾਈ! ਉਹ ਬਵੰਜਾ ਕਿੰਗਰਿਆਂ ਵਾਲਾ ਕਿਲਾ ਹੈ। ਉਹਦੇ ਨੌਂ ਦਰਵਾਜ਼ੇ ਹਨ ਅਤੇ ਦਸਵਾਂ ਦਰਵਾਜ਼ਾ ਅੰਦਰਲੇ ਪਾਸੇ ਨੂੰ ਖੁਲ੍ਹਦਾ ਹੈ। ਉਹਦੇ ਵਿਚ ਸੁਲਤਾਨ 'ਅਲਾਹ ਤਾਲਾਹ' ਬੈਠਾ ਹੈ ਪਰ ਉਸ ਨੂੰ ਬਜਰ ਕਪਾਟ ਲੱਗੇ ਹੋਏ ਹਨ ਜੋ ਖੁਲ੍ਹਦੇ ਨਹੀਂ। ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥'*** ਪਰ ਜੇ ਗੁਰੂ ਦਾ ਸ਼ਬਦ ਪ੍ਰਾਪਤ ਹੋ ਜਾਵੇ ਫੇਰ ਉਹ ਖੁਲ੍ਹ ਜਾਇਆ ਕਰਦਾ ਹੈ ਜਦੋਂ ਉਹ ਖੁਲ੍ਹ ਜਾਂਦਾ ਹੈ ਤਾਂ ਫੇਰ ਕੀ ਹੁੰਦਾ ਹੈ? ***'ਅਨਹਦ ਵਾਜੇ ਧੁਨਿ ਵਜਦੇ'*** ਇਹ ਕੋਈ imaginative (ਫਰਜ਼ੀ) ਨਹੀਂ ਹੈ ਕਿ ਮੈਨੂੰ ਰੱਬ ਮਿਲ ਗਿਆ, ਇਥੇ ਨਿਸ਼ਾਨੀਆਂ ਹਨ ਕਿ ਅਨਹਦ ਵਾਜਿਆਂ ਦੀ ਗੁੰਜ਼ਾਰ ਪਵੇਗੀ। ਇਹ practical stage (ਸਚਮੁੱਚ ਵਾਪਰਨ ਵਾਲੀ ਹਾਲਤ) ਹੈ ਮਹਾਂਪੁਰਸ਼ਾਂ ਨੂੰ ਮਿਲ ਕੇ ਪਤਾ ਲਗ ਜਾਂਦਾ ਹੈ ਕਿ ਮੈਂ ਕਿਸ ਸਟੇਜ ਤੇ ਪਹੁੰਚਿਆ ਹਾਂ, ਕਿਥੇ ਬਿਰਤੀ ਪਹੁੰਚੀ ਹੈ। ਉਨ੍ਹਾਂ ਨੂੰ ਦਸ ਦਿਓ ਤਾਂ ਅੱਗੇ ਦਸ ਦੇਣਗੇ ਕਿ ਤੂੰ ਹੁਣ ਇਥੇ ਤਾਂ ਪੁੱਜ ਗਿਆ ਹੈਂ। 'ਸ਼ਬਦ ਸੁਣਦੈ ਕੋਈ'? ਜਵਾਬ ਮਿਲਦਾ ਹੈ ਐਸ ਤਰ੍ਹਾਂ ਦਾ ਸ਼ਬਦ ਸੁਣਦਾ ਹੈ ***'ਗੁਰ ਸਬਦਿ ਸੁਣੀਜੈ॥'*** ਤਾਂ ਉਹ ਝੱਟ ਦਸ ਦਿੰਦੇ ਨੇ ਕਿ ਭਾਈ! ਹੁਣ ਤੂੰ ਫਲਾਣੀ ਮੰਜ਼ਲ ਤੇ ਪਹੁੰਚ ਗਿਆ। ਕੀ ਉਥੇ ਹਨ੍ਹੇਰ ਗੁਬਾਰ ਹੈ? ਕਹਿੰਦੇ ਨਹੀਂ, ਉਥੇ ਪ੍ਰਕਾਸ਼ ਹੀ ਪ੍ਰਕਾਸ਼ ਹੈ। ***'ਤਿਤੁ ਘਟ ਅੰਤਰਿ ਚਾਨਣਾ'*** ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੈ। ਉਸ ਨੂੰ ਮਿਲਣਾ ਕਿਵੇਂ ਹੈ? ***'ਕਰਿ***

***ਭਗਤਿ ਮਿਲੀਜੈ॥'*** ਭਗਤੀ ਵਿਚ ਆ, devotion (ਸਮਰਪਣ) ਵਿਚ ਆ, ਪਿਆਰ ਵਿਚ ਆ, ਤਾਂ ਫੇਰ ਉਹ ਪ੍ਰਾਪਤ ਹੋ ਜਾਵੇਗਾ। ਜਦੋਂ ਅੰਦਰ ਪ੍ਰਕਾਸ਼ ਹੋ ਗਿਆ ਤਾਂ ਕੀ ਨਜ਼ਰ ਆਵੇਗਾ? ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥'*** ਸਭ ਦੇ ਅੰਦਰ ਉਹੀ ਪ੍ਰਮੇਸ਼ਰ ਵਰਤ ਰਿਹਾ ਹੈ, ਉਸ ਪ੍ਰਮੇਸ਼ਰ ਨੇ ਕਰੋੜਾਂ ਕਰੋੜਾਂ, ਖਰਬਾਂ ਖਰਬਾਂ ਬ੍ਰਹਿਮੰਡ ਬਣਾ ਦਿਤੇ ਹਨ, ਜਿਸ ਦੀ ਗਿਣਤੀ ਨਹੀਂ ਹੋ ਸਕਦੀ ਉਹ ਵਾਹਿਗੁਰੂ ਐਸਾ ਹੈ ਜਿਹਦਾ ਨਾ ਕੋਈ ਆਦਿ ਹੈ ਨਾ ਹੀ ਅੰਤ ਹੈ। ਉਹ ਕਿਤੋਂ ਸ਼ੁਰੂ ਨਹੀਂ ਹੁੰਦਾ, ਕਿਤੇ ਵੀ ਉਸ ਦਾ ਅੰਤ ਨਹੀਂ ਹੈ। ਐਡਾ ਦਿਆਲੂ ਪ੍ਰਭੂ, ਉਹ ਹਰੇਕ ਦੇ ਅੰਦਰ ਹੈ, ਦੂਰ ਜਾਣ ਦੀ ਲੋੜ ਨਹੀਂ ਹੈ। ਪਰ ਉਹ ਮਿਲਦਾ ਨਹੀਂ ਹੈ ਇਸ ਦੇ ਵਾਸਤੇ ਬੜੇ ਤਰਲੇ ਲੈਣੇ ਪੈਂਦੇ ਹਨ। ਸੋ ਆਪਾਂ ਨੇ ਸ਼ੁਰੂ ਵਿਚ ਇਹ ਸ਼ਬਦ ਪੜ੍ਹਿਆ ਸੀ ਕਿ ਹੇ ਵਾਹਿਗੁਰੂ! ਤੇਰੇ ਦਰਸ਼ਨ ਲਈ ਅਸੀਂ ਦੀਵਾਨੇ ਹੋ ਗਏ ਪਰ ਦੀਵਾਨਾ ਕੋਈ ਹੁੰਦਾ ਨਹੀਂ, ਕੇਵਲ ਗਾਉਂਦੇ ਹੀ ਹਾਂ, ਲੋਚਾ ਨਹੀਂ ਮਿਲਣ ਦੀ। ਇਸ ਕਰਕੇ ਸਾਡਾ ਮੇਲ ਨਹੀਂ ਹੁੰਦਾ।

ਸੋ ਪਿਛੇ ਬੇਨਤੀ ਕੀਤੀ ਸੀ ਕਿ ਭਾਈ ਚੰਦਾ ਸਿੰਘ ਜੋ ਗਜ਼ਨੀ ਦੇ ਰਹਿਣ ਵਾਲਾ ਸੀ, ਉਹ ਬਾਬਾ ਸਾਹਿਬ ਸਿੰਘ ਜੀ ਪਾਸ ਊਨੇ ਆਉਂਦਾ ਹੈ, ਉਥੇ ਆ ਕੇ ਬੇਨਤੀ ਕਰਦਾ ਹੈ ਕਿ ਮਹਾਰਾਜ! ਮੈਂ ਆਪ ਦੀ ਸ਼ਰਨ ਆਇਆ ਹਾਂ ਤੇ ਮੈਨੂੰ ਇਕ ਗੁਰਮੁਖ ਪਿਆਰੇ ਨੇ ਆਪ ਦੀ ਦਸ ਪਾ ਦਿਤੀ ਅਤੇ ਮੈਨੂੰ ਇਹ ਗੱਲ ਨਿਸ਼ਚੇ ਕਰਵਾ ਦਿਤੀ ਕਿ ਸੰਸਾਰਕ ਪਦਾਰਥਾਂ ਤੇ ਸੰਸਾਰਕ ਸੁਖਾਂ ਦੇ ਪ੍ਰਾਪਤ ਹੋਣ ਨਾਲ ਜੀਵਨ ਦਾ ਮਨਰੋਥ ਖਤਮ ਨਹੀਂ ਹੋ ਜਾਂਦਾ ਸਗੋਂ ਪਰਮ ਪਦ ਦੀ ਪ੍ਰਾਪਤੀ ਹੀ ਮਨੁੱਖ ਦਾ ਪਰਮ ਮਨਰੋਥ ਹੈ। ਪਰਮ ਮਨੋਰਥ ਦੀ ਪ੍ਰਾਪਤੀ ਪੂਰਨ ਮਹਾਤਮਾ ਦੀ ਸੰਗਤ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ। ਉਸ ਦੇ ਇਸ ਬਚਨ ਨੇ ਮੇਰੇ ਮਨ ਤੇ ਗਹਿਰਾ ਅਸਰ ਕੀਤਾ ਅਤੇ ਮੈਨੂੰ ਉਸ ਨੇ ਆਪ ਦੀ ਦਸ ਪਾਈ ਹੈ। ਸੋ ਆਪ ਕ੍ਰਿਪਾ ਕਰੋ, ਮੈਂ ਪੂਰੀ ਤਰ੍ਹਾਂ ਨਾਲ ਆਪ ਨੂੰ ਸਮਰਪਣ ਹਾਂ ਤੇ ਮੈਨੂੰ ਪ੍ਰਭੂ ਦੇ ਮਿਲਣ ਦੀ ਬਹੁਤ ਤੜਫ ਹੈ। ਬਾਬਾ ਜੀ ਕਹਿਣ ਲੱਗੇ ਭਾਈ ਚੰਦਾ ਸਿੰਘਾ! ਤੂੰ ਧਿਆਨ ਨਾਲ ਸਤਿਸੰਗਤ ਸਰਵਣ ਕਰ। ਪਿਛਲੇ ਸਤਿਸੰਗ ਵਿਚ ਅਸੀਂ ਤੈਨੂੰ ਪ੍ਰਤੀਤ ਤੇ ਭਰੋਸੇ ਬਾਰੇ ਵਿਸਥਾਰ ਨਾਲ ਦੱਸਿਆ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਮਾਰਗ ਦੱਸਿਆ ਹੈ ਉਸ ਵਿਚ ਕੁਝ ਰਹਿਤਾਂ ਹਨ ਜਿਨ੍ਹਾਂ ਰਾਹੀਂ ਪ੍ਰਮੇਸ਼ਰ ਨੂੰ ਮਿਲਿਆ ਜਾਂਦਾ ਹੈ। ਜਿੰਨਾਂ ਚਿਰ ਆਦਮੀ ਉਨ੍ਹਾਂ ਰਹਿਤਾਂ ਨੂੰ ਨਹੀਂ ਰਖਦਾ ਉਹ ਰਸਤਾ ਪ੍ਰਾਪਤ ਨਹੀਂ ਹੋਇਆ ਕਰਦਾ। ਦੂਜਾ ਇਹ ਹੈ ਕਿ ਪ੍ਰਮੇਸ਼ਰ ਦੇ ਹੱਥ ਵਿਚ veto power (ਸਾਰੀ ਸਮਰੱਥਾ) ਹੈ, ਉਸ ਦੀ ਆਪਣੀ ਦਇਆ ਤੇ ਨਦਰ ਹੈ। ਉਹ ਕਿਸੇ ਮੰਤਰ ਜਾਂ ਜੰਤਰ ਨਾਲ ਵਸ ਨਹੀਂ ਕੀਤਾ ਜਾ ਸਕਦਾ। ਦਰਵਾਜ਼ੇ ਕੋਲ ਪਹੁੰਚ ਕੇ ਦਰਵਾਜ਼ਾ ਖੜਕਾਉਣਾ ਸਾਡਾ ਕੰਮ ਹੈ ਅਤੇ ਦਰਵਾਜ਼ਾ ਖੋਲ੍ਹਣਾ ਉਸ ਦਾ ਕੰਮ ਹੈ। ਉਹ ਦਰਵਾਜ਼ਾ ਕਿਸੇ ਸਮਾਧੀ ਦੇ ਬਲ ਨਾਲ ਨਹੀਂ ਖੋਲ੍ਹਦਾ, ਕੇਵਲ ਪਿਆਰ ਦੇ ਬਲ ਨਾਲ ਖੋਲ੍ਹਦਾ ਹੈ। ਪਿਆਰ ਦਾ ਬੰਨ੍ਹਿਆ ਹੋਇਆ ਉਹ ਬੇਵੱਸ ਹੋ ਜਾਂਦਾ ਹੈ। ਸੋ ਭਾਈ ਚੰਦਾ ਸਿੰਘ, ਕੁਝ ਰਹਿਤਾਂ ਹਨ ਤੂੰ ਉਹ ਰਹਿਤਾਂ ਅਪਣਾਅ ਲੈ।

ਪਿਛਲੀ ਵਾਰੀ ਪ੍ਰਤੀਤ ਤੇ ਭਰੋਸੇ ਬਾਰੇ ਦੱਸਿਆ ਸੀ ਜਿਸਨੂੰ base (ਬੁਨਿਆਦ) ਆਖਦੇ ਹਨ। ਜਿੰਨਾਂ ਚਿਰ ਸਾਡੇ ਮਨ ਵਿਚ ਵਾਹਿਗੁਰੂ ਬਾਰੇ ਪ੍ਰਤੀਤ ਤੇ ਭਰੋਸਾ ਪੈਦਾ ਨਹੀਂ ਹੁੰਦਾ ਉਨਾਂ ਚਿਰ ਸਾਡਾ ਵਾਹਿਗੁਰੂ ਨਾਲ ਸਬੰਧ ਨਹੀਂ ਜੁੜਦਾ ਕਿਉਂਕਿ ਸ਼ੰਕਾ ਰਹਿੰਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਵਾਹਿਗੁਰੂ ਬਾਰੇ ਅਸੀਂ ਸੋਚਦੇ ਹੀ ਨਹੀਂ, ਜੇ ਸੋਚਦੇ ਹਾਂ ਤਾਂ ਭਰੋਸਾ ਨਹੀਂ ਆਉਂਦਾ, ਜਿੰਨਾਂ ਚਿਰ ਵਿਸ਼ਵਾਸ਼ ਨਹੀਂ ਬੱਝਦਾ ਉਨਾਂ ਚਿਰ ਗੱਲ ਨਹੀਂ ਬਣਿਆ ਕਰਦੀ। ਪਿਛਲੀ ਵਾਰੀ ਦਸਿਆ ਸੀ ਕਿ ਧੰਨਾ ਜੋ ਇਕ ਅਣਜਾਣ ਬੱਚਾ ਸੀ ਲੇਕਿਨ ਉਸ ਨੇ ਆਪਣੇ ਵਿਸ਼ਵਾਸ਼ ਦੇ ਬਲ ਨਾਲ ਪ੍ਰਮੇਸ਼ਰ ਦੇ ਪ੍ਰਤੱਖ ਦਰਸ਼ਨ ਕਰ ਲਏ –

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥***

***ਪੰਨਾ – 488***

ਮਹਾਰਾਜ ਫੁਰਮਾਨ ਕਰਦੇ ਹਨ ਕਿ ਉਹ ਬਾਲਕ ਵੱਡਿਆਂ ਭਾਗਾਂ ਵਾਲਾ ਸੀ ਜਿਹੜਾ ਅਮਰ ਹੋ ਗਿਆ ਤੇ ਉਸ ਨੇ ਪ੍ਰਮੇਸ਼ਰ ਦੇ ਪ੍ਰਤੱਖ ਦਰਸ਼ਨ ਮਨੁੱਖ ਰੂਪ ਵਿਚ ਕਰ ਲਏ। ਪ੍ਰਮੇਸ਼ਰ ਨੂੰ ਪ੍ਰਸ਼ਾਦਾ ਛਕਾ ਦਿਤਾ, ਲੱਸੀ ਪਿਲਾ ਦਿਤੀ, ਛੋਲਿਆਂ ਦੀਆਂ ਮਿਸੀਆਂ ਰੋਟੀਆਂ ਖੁਆ ਦਿਤੀਆਂ। ਇਥੇ ਹੀ ਬਸ ਨਹੀਂ ਕੀਤੀ ਪ੍ਰਮੇਸ਼ਰ, ਧੰਨੇ ਦੇ ਨਾਲ ਹੀ ਹੋ ਲਿਆ ਤੇ ਕਿਹਾ, ਧੰਨਿਆ! ਤੂੰ ਆਹ ਮਾਲਾ ਦੇ ਨਾਲ ਰਾਮ ਰਾਮ ਕਰਿਆ ਕਰ। ਧੰਨਾ ਕਹਿਣ ਲਗਾ, ਪ੍ਰਭੂ ਇਹ ਤੈਨੂੰ ਚੰਗਾ ਲਗਦਾ ਹੈ, ਕਹਿਣ ਲੱਗੇ ਹਾਂ, ਧੰਨਿਆ! ਮੈਨੂੰ ਵਾਹ-ਵਾਹ ਕੀਤੀ ਹੋਈ ਬਹੁਤ ਭਾਉਂਦੀ ਹੈ। ਧੰਨਾ ਕਹਿਣ ਲੱਗਾ ਪ੍ਰਭੂ! ਜੇ ਮੈਂ ਰਾਮ ਰਾਮ ਕਰਦਾ ਰਿਹਾ ਤਾਂ ਕੰਮ ਮੇਰੇ ਕੌਣ ਕਰਿਆ ਕਰੂ? ਧੰਨਿਆ! ਤੇਰੇ ਕੰਮ ਮੈਂ ਕਰਿਆ ਕਰਾਂਗਾ। ਤੈਨੂੰ ਕਹਿਣ ਦੀ ਹੀ ਲੋੜ ਹੈ ਕੰਮ ਕੀਤੇ ਹੋਏ ਹੀ ਨਜ਼ਰ ਆਇਆ ਕਰਨਗੇ। ਕਹਿਣ ਲੱਗਾ, "ਮਹਾਰਾਜ! ਉਹ ਤਾਂ ਮੈਂ ਦੇਖਿਆ ਹੈ, ਜਦੋਂ ਤੁਸੀਂ ਚਰ੍ਹੀ (ਪੱਠੇ) ਵੱਢਦੇ ਸੀ ਮੈਂ ਹੈਰਾਨ ਹੋਈ ਜਾਂਦਾ ਸੀ, ਨਾ ਦਾਤੀ ਉਸ ਨੂੰ ਛੋਂਹਦੀ ਸੀ ਤੇ ਆਪਣੇ ਆਪ ਭਰਾ ਵੱਢ ਹੋ ਜਾਂਦਾ ਸੀ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਸੀਆਂ ਗੱਲਾਂ ਵੀ ਮੁਮਕਿਨ ਹੋ ਸਕਦੀਆਂ ਹਨ? ਹਾਂ, ਸਾਧਸੰਗਤ ਜੀ! ਹੋ ਸਕਦੀਆਂ ਹਨ ਕਿਉਂਕਿ ਜੋ ਰੂਹਾਨੀ ਵਿਧਾਨ ਹੈ ਉਸ ਨੂੰ ਦੁਨਿਆਵੀ ਵਿਧਾਨ ਨਹੀਂ ਸਮਝ ਸਕਦਾ। ਧੰਨੇ ਕੋਲ ਤਾਂ ਆਪ ਭਗਵਾਨ ਮਨੁੱਖ ਦੇ ਰੂਪ ਵਿਚ ਪ੍ਰਗਟ ਹੋ ਕੇ ਸਾਰੇ ਕੰਮ ਕਰ ਰਿਹਾ ਸੀ। ਸੋ ਧੰਨਾ ਆਪਣੀ ਪ੍ਰਤੀਤ ਦੇ ਸਦਕੇ ਸਦਾ ਸਦਾ ਲਈ ਅਮਰ ਹੋ ਗਿਆ ਅਤੇ ਪਰਮਪਦ ਦੀ ਪ੍ਰਾਪਤੀ ਕਰ ਲਈ। ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰੂ ਦੀ ਪ੍ਰਾਪਤੀ ਹੋਣ ਦਾ ਮਾਣ ਪ੍ਰਾਪਤ ਹੈ। ਆਉਣ ਵਾਲੇ ਸਮੇਂ ਵਿਚ ਸੰਤ, ਭਗਤ, ਜਗਿਆਸੂ, ਗੁਰਸਿੱਖ ਉਨ੍ਹਾਂ ਦੇ ਜੀਵਨ ਤੋਂ ਭਰੋਸੇ ਤੇ ਪ੍ਰਤੀਤ ਦੇ ਸਬਕ ਨੂੰ ਪਕਾਉਣ ਲਈ ਪ੍ਰੇਰਨਾ ਲੈਂਦੇ ਰਹਿਣਗੇ। ਦੂਸਰੀ ਜੋ ਚੀਜ਼ ਹੈ ਕਿ ਇਹ ਜੋ ਮਨੁਖਾ ਦੇਹੀ ਹੈ, ਇਹ ਬਹੁਤ ਅਨਮੋਲ ਤੇ ਕੀਮਤੀ ਹੈ ਕਿਉਂਕਿ ਇਹਦੇ ਵਿਚ ਹੀ ਵਾਹਿਗੁਰੂ ਦੇ ਦਰਸ਼ਨ ਹੋ ਸਕਦੇ ਹਨ ਹੋਰ ਕਿਸੇ ਸਰੀਰ ਵਿਚ ਨਹੀਂ ਹੋ ਸਕਦੇ। ਦੇਵਤਿਆਂ ਦੇ ਸਰੀਰ ਵਿਚ ਵਾਹਿਗੁਰੂ ਦੇ ਦਰਸ਼ਨ ਨਹੀਂ ਹੋ ਸਕਦੇ ਕਿਉਂਕਿ

ਦੇਵਤਿਆਂ ਦੇ ਸਰੀਰ ਭੋਗ ਜੂਨੀਆਂ ਹਨ। ਜਿਸ ਤਰ੍ਹਾਂ ਚੁਰਾਸੀ ਲੱਖ ਜੂਨੀਆਂ ਹਨ, ਇਸੇ ਤਰ੍ਹਾਂ ਦੇ ਨਾਲ ਦੇਵਤਿਆਂ ਦੀ ਵੀ ਭੋਗ ਜੂਨੀ ਹੈ। ਕੀਤੇ ਹੋਏ ਕਰਮਾਂ ਦਾ ਫਲ ਭੋਗਣ ਵਾਸਤੇ ਇਨ੍ਹਾਂ ਸੂਖਸ਼ਮ ਮੰਡਲਾਂ ਦੀ ਜੂਨੀਆਂ ਭੋਗਣੀਆਂ ਪੈਂਦੀਆਂ ਹਨ ਜਿਵੇਂ ਸਵਰਗ ਲੋਕ ਹੈ, ਪਿਤਰ ਲੋਕ ਹੈ, ਗੰਧਰਬ ਲੋਕ, ਇੰਦਰ ਲੋਕ ਹੈ, ਪਰਜਾਪਤ ਲੋਕ ਹੈ। ਪੁਰੀਆਂ ਹਨ - ਬ੍ਰਹਮਪੁਰੀ, ਸ਼ਿਵਪੁਰੀ ਅਤੇ ਬੈਕੁੰਠ ਧਾਮ ਆਦਿ ਹਨ। ਜਿਹੋ ਜਿਹੇ ਕਿਸੇ ਨੇ ਕਰਮ ਚੰਗੇ ਕੀਤੇ ਹਨ ਜਿਸ degree (ਪੱਧਰ) ਦੇ ਕੀਤੇ ਹਨ, ਉਥੇ ਉਨ੍ਹਾਂ ਨੂੰ ਭੋਗਣ ਵਾਸਤੇ ਚਲਿਆ ਜਾਂਦਾ ਹੈ। ਉਥੇ ਜਾ ਕੇ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਅਸੀਂ ਬਹੁਤ ਵੱਡਾ ਮੌਕਾ ਹੱਥੋਂ ਲੰਘਾ ਦਿਤਾ, ਸਵਰਗ ਦੀ ਲੋਚਾ ਕਰਦੇ ਰਹੇ ਸਗੋਂ ਸਾਨੂੰ ਪਰਮਪਦ ਦੀ ਲੋਚਾ ਕਰਨੀ ਚਾਹੀਦੀ ਸੀ ਜੋ ਪ੍ਰਮੇਸ਼ਰ ਦੀ ਦਰਗਾਹ-ਹੇ-ਖਾਸ ਹੈ। ਉਸ ਥਾਂ ਤੇ ਭਾਵ ਮਨੁੱਖ ਸਰੀਰ ਵਿਚ ਜਿਹੜਾ ਕੰਮ ਕਰਨਾ ਸੀ ਉਹ ਇਥੇ ਨਹੀਂ ਹੋ ਸਕਦਾ ਕਿਉਂਕਿ ਇਥੇ ਨਾਮ ਫਲੀਭੂਤ ਨਹੀਂ ਹੁੰਦਾ। ਹੇਠਲੀਆਂ ਜੂਨੀਆਂ ਵਿਚ ਵੀ ਨਹੀਂ ਹੁੰਦਾ, ਕੇਵਲ ਮਨੁੱਖ ਦੇ ਅੰਦਰ ਹੀ ਵਾਹਿਗੁਰੂ ਨੇ ਅਨੁਭਵ ਰੂਪੀ ਇਕ ਐਸਾ ਪੁਰਜਾ (instrument) ਲਾਇਆ ਹੈ ਉਹ ਇਸ ਅਨੁਭਵ ਦੁਆਰਾ ਹੀ ਪ੍ਰਮੇਸ਼ਰ ਦੇ ਦਰਸ਼ਨ ਕਰ ਸਕਦਾ ਹੈ, ਪ੍ਰਭੂ ਦੇ ਦਰਸ਼ਨ ਕਰਨ ਦਾ ਹੋਰ ਕੋਈ ਵੀ ਤਰੀਕਾ ਨਹੀਂ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਭਾਈ! ਇਹ ਜਿਹੜਾ ਮਨੁਖਾ ਸਰੀਰ ਤੈਨੂੰ ਪ੍ਰਾਪਤ ਹੋਇਆ ਹੈ ਇਸ ਨੂੰ ਤੂੰ ਐਵੇਂ ਨਾ ਗਵਾ, ਬਿਰਥਾ ਨਾ ਗਵਾ, ਇਹ ਬੜੀ ਕੀਮਤੀ ਚੀਜ਼ ਹੈ ਤੇ ਇਸ ਦੀ ਤਾਂ ਲੋਚਾ ਦੇਵਤਾ ਲੋਕ ਵੀ ਕਰਦੇ ਹਨ -

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ- 2, 4***

***ਗੁਰ ਸੇਵਾ ਤੇ ਭਗਤਿ ਕਮਾਈ।।***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ।।***
***ਸੋ ਦੇਹੀ ਭਜੁ ਹਰਿ ਕੀ ਸੇਵ॥ ਪੰਨਾ - 1159***

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਗੁਰੂ ਦੇ ਉਪਦੇਸ਼ ਦੀ ਕਮਾਈ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ ਤੈਨੂੰ ਇਹ ਮਨੁਖਾ ਸਰੀਰ ਪ੍ਰਾਪਤ ਹੋਇਆ ਹੈ। ਇਸ ਨੂੰ ਸਵਰਗਾਂ ਵਿਚ ਬੈਠੇ ਹੋਏ ਦੇਵਤਾ ਲੋਕ ਵੀ ਯਾਦ ਕਰ ਰਹੇ ਨੇ ਕਿ ਕਦੋਂ ਸਾਡਾ ਇਹ ਸਵਰਗ ਦਾ ਸਮਾਂ ਖਤਮ ਹੋਵੇ ਤੇ ਮੁੜ ਕੇ ਸਾਨੂੰ ਮਨੁੱਖ ਦਾ ਜਾਮਾ ਮਿਲੇ ਤੇ ਮਾਨਸ ਦੇਹ ਪ੍ਰਾਪਤ ਕਰਕੇ ਕਰਮ, ਉਪਾਸਨਾ, ਗਿਆਨ, ਵਿਗਿਆਨ ਇਹ ਚਾਰਾਂ ਮੰਜ਼ਲਾਂ ਵਿਚੀਂ ਲੰਘ ਕੇ ਪਰਮਪਦ ਦੀ ਪ੍ਰਾਪਤੀ ਕਰੀਏ। ਸੋ ਇਸ ਤਰ੍ਹਾਂ -

***ਭਜਹੁ ਗੋੁਬਿੰਦ ਭੂਲਿ ਮਤ ਜਾਹੁ।।***
***ਮਾਨਸ ਜਨਮ ਕਾ ਏਹੀ ਲਾਹੁ।। ਪੰਨਾ - 1159***

ਮਹਾਰਾਜ ਸਾਨੂੰ ਸਿਆਣੇ ਸਮਝਦੇ ਹਨ ਤੇ ਤਾਕੀਦ ਕਰਦੇ ਹਨ ਕਿ ਦੇਖਿਓ ਕਿਤੇ ਭੁੱਲ ਨਾ ਜਾਇਓ। ਤੁਸੀਂ ਗੋਬਿੰਦ ਦਾ ਭਜਨ ਕਰੋ ਤੇ ਉਸ ਨੂੰ ਮਿਲਣ ਦਾ ਕੋਈ ਜਤਨ ਕਰੋ ਤੇ ਮਾਨਸ ਜਨਮ ਪ੍ਰਾਪਤ ਕਰਨਾ ਦਾ ਇਹੀ ਲਾਹਾ ਹੈ। ਬਾਕੀ ਜਿਹੜੀਆਂ ਕੋਠੀਆਂ ਬਣਾ ਲੈਣੀਆਂ, ਫਾਰਮ ਬਣਾ ਲੈਣੇ, ਟਰਾਂਪੋਰਟਾਂ ਬਣਾ ਲੈਣੀਆਂ, ਹੋਰ ਕਈ ਬੇਅੰਤ ਸੰਸਾਰ ਦੇ ਵਿਹਾਰ ਕਰ ਲੈਣੇ, ਸਭ ਵਿਅਰਥ (useless) ਹਨ, ਕਿਸੇ ਲੇਖੇ ਵਿਚ ਨਹੀਂ ਪੈਂਦੇ, ਐਵੇਂ ਆਦਮੀ ਉਲਝਿਆ ਹੋਇਆ ਤੁਰਿਆ ਫਿਰਦਾ ਰਹਿੰਦਾ ਹੈ।

***ਜਬ ਲਗੁ ਜਰਾ ਰੋਗੁ ਨਹੀ ਆਇਆ॥ ਪੰਨਾ - 1159***

ਜਿੰਨਾਂ ਚਿਰ ਤੈਨੂੰ ਬੁਢਾਪੇ ਦੇ ਰੋਗ ਨੇ ਨਹੀਂ ਫੜਿਆ ਕਿਉਂਕਿ ਬੁਢਾਪਾ ਰੋਗ ਹੋਇਆ ਕਰਦਾ ਹੈ। ਤਿੰਨੇ ਅਵਸਥਾ ਇਸ ਸਰੀਰ ਦੀਆਂ ਹੁੰਦੀਆਂ ਹਨ -

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***
***ਪੰਨਾ - 1428***

ਬਾਲਪਨ ਅਵਸਥਾ ਜਿਹੜੀ ਹੈ ਇਸ ਨੂੰ ਮੂੜ੍ਹ ਅਵਸਥਾ ਕਹਿੰਦੇ ਹਨ ਜਿਸ ਦੇ ਪੂਰਬਲੇ ਸੰਸਕਾਰ ਪ੍ਰਬਲ ਹੋਣ ਕੇਵਲ ਉਸ ਬੱਚੇ ਨੂੰ ਨਾਮ ਜਪਣ ਦੀ ਸੋਝੀ ਆਉਂਦੀ ਹੈ, ਬਾਕੀ ਨਹੀਂ ਸਮਝ ਸਕਦੇ। ਜਿਹੜੀ ਜਵਾਨ ਅਵਸਥਾ ਹੁੰਦੀ ਹੈ, ਉਹ ਬਹੁਤ ਹੀ ਅਭਿਮਾਨ ਦੀ ਭਰੀ ਹੋਈ, ਅਮੋੜ ਅਵਸਥਾ ਹੋਇਆ ਕਰਦੀ ਹੈ। ਜਵਾਨ ਮਨੁੱਖ ਨਾ ਗੁਰੂ ਦਾ ਉਪਦੇਸ਼ ਮੰਨਦਾ ਹੈ, ਨਾ ਕਿਸੇ ਸਿਆਣੇ ਬਜ਼ੁਰਗ ਦਾ ਕਹਿਣਾ ਮੰਨਦਾ ਹੈ, ਆਪਣੇ ਮਨ ਦੀ ਮਰਜ਼ੀ ਕਰਕੇ ਆਪ ਹੀ ਦੁਖਾਂ ਤਕਲੀਫਾਂ ਵਿਚ ਪੈ ਕੇ ਫੇਰ ਪਿਛੋਂ ਜਾ ਕੇ ਪਛਤਾਉਂਦਾ ਹੈ। ਸੋ ਇਸ ਦਾ ਸਮਾਂ ਵੀ ਇਸੇ ਤਰ੍ਹਾਂ ਨਾਲ ਲੰਘ ਜਾਂਦਾ ਹੈ ਕਿਉਂਕਿ ਇਹ ਮੂੜ੍ਹ ਅਵਸਥਾ ਤੋਂ ਵੀ ਮਹਾਂ ਮੂੜ੍ਹ ਅਵਸਥਾ ਹੋਇਆ ਕਰਦੀ ਹੈ। ਤੀਸਰਾ ਬੁਢਾਪਾ ਹੁੰਦਾ ਹੈ, ਇਸ ਉਮਰ ਵਿਚ ਆਦਮੀ ਨੂੰ ਬਹੁਤ ਸਮਸਿਆਵਾਂ ਹੁੰਦੀਆਂ ਹਨ। ਬੜੇ ਅਣਹੋਣੇ ਹਾਲਾਤ ਵਿਚੋਂ ਦੀ ਲੰਘਣਾ ਪੈਂਦਾ ਹੈ। ਉਹ ਜਿਹੜਾ ਪਹਿਲਾ ਜਵਾਨੀ ਦਾ ਚਾਅ ਸੀ, ਮੱਠਾ ਪੈ ਜਾਂਦਾ ਹੈ। ਵੱਡੇ ਮਸਲੇ ਆ ਕੇ ਸਾਮ੍ਹਣੇ ਖੜ੍ਹੇ ਹੋ ਜਾਂਦੇ ਹਨ, ਜਿਵੇਂ ਬੱਚਿਆਂ ਦੇ ਮਸਲੇ, ਉਨ੍ਹਾਂ ਦੀ ਪੜ੍ਹਾਈ ਲਿਖਾਈ ਤੇ ਸ਼ਾਦੀਆਂ ਦੇ, ਕਿਤੇ ਕਾਰੋਬਾਰ ਦੇ ਮਸਲੇ, ਕਿਤੇ ਆਪਣੀ ਸਿਹਤ ਦੇ ਮਸਲੇ, ਕਿਤੇ ਰਿਸ਼ਤੇਦਾਰਾਂ ਤੇ ਸਮਾਜ ਦੇ ਮਸਲੇ ਅਤੇ ਕਿਤੇ ਰਾਜਸੀ ਝਗੜੇ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਉਸ ਨੂੰ ਸਾਰਿਆਂ ਦੀ ਸੋਝੀ ਹੋ ਜਾਂਦੀ ਹੈ ਅਤੇ ਸਾਰਿਆਂ ਮਸਲਿਆਂ ਨੂੰ ਸੂਖਸ਼ਮ ਵਿਚਾਰ (senstive mind) ਦੇ ਨਾਲ ਨਜਿੱਠਦਾ ਹੈ। ਇਹ ਸਾਰੀਆਂ ਚੀਜ਼ਾਂ ਇਸ ਦੇ ਮਨ ਨੂੰ ਕਮਜ਼ੋਰ ਕਰ ਦਿੰਦੀਆਂ ਹਨ ਤੇ ਬੁਢਾਪਾ ਇਸ ਦੇ ਸਰੀਰ ਨੂੰ ਕਮਜ਼ੋਰ ਕਰ ਦਿੰਦਾ ਹੈ। ਸੋ ਇਹ ਦੋਵੇਂ ਰੋਗ ਇਕੱਠੇ ਹੋ ਜਾਂਦੇ ਹਨ। ਸੋ ਇਸੇ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਪੰਨਾ - 1159***

ਜਿੰਨਾਂ ਚਿਰ ਤੇਰੇ ਸਰੀਰ ਨੂੰ ਕਾਲ ਨੇ ਨਹੀਂ ਫੜਿਆ ਭਾਵ ਤੇਰੇ ਸਰੀਰ ਦੇ ਅੰਤ ਹੋਣ ਤੋਂ ਪਹਿਲਾਂ ਪਹਿਲਾਂ -

***ਜਬ ਲਗੁ ਬਿਕਲ ਭਈ ਨਹੀ ਬਾਨੀ॥ ਪੰਨਾ - 1159***

ਜਿੰਨਾਂ ਚਿਰ ਤੇਰੀ ਬੋਲੀ ਤੋਤਲੀ ਨਹੀਂ ਹੋਈ ਭਾਵ ਜਿੰਨਾਂ ਚਿਰ ਤੇਰੀ ਜੁਬਾਨ ਸਹੀ ਉਚਾਰਨ ਕਰ ਸਕਦੀ ਹੈ।

***ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਪੰਨਾ - 1159***

ਤੂੰ ਪਪੀਹੇ ਦੀ ਤਰ੍ਹਾਂ ਜਿਹੜਾ ਸ੍ਵਾਂਤੀ ਬੂੰਦ ਨੂੰ ਪਾਉਣ ਲਈ 'ਪਿਰਹੁ ਪਿਰਹੁ' ਕਰਦਾ ਹੈ ਤੂੰ ਵੀ ਪ੍ਰਮੇਸ਼ਰ ਦਾ ਭਜਨ ਕਰ ਲੈ -

***ਅਬ ਨ ਭਜਸਿ ਭਜਸਿ ਕਬ ਭਾਈ॥***

*ਆਵੈ ਅੰਤੁ ਨ ਭਜਿਆ ਜਾਈ॥* *ਪੰਨਾ - 1159*

ਜੇ ਕਹੇ ਕਿ ਮੈਂ ਅਜਾਮਲ ਵਾਂਗੂੰ ਆਖਰੀ ਸੁਆਸ ਨਾਲ ਵਾਹਿਗੁਰੂ ਕਹਿ ਦਿਆਂਗਾ, ਮਹਾਰਾਜ ਕਹਿੰਦੇ, ਐਸ ਤਰ੍ਹਾਂ ਨਹੀਂ ਭਜ ਹੋਣਾ ਤੈਥੋਂ, ਅਜਾਮਲ ਉਤੇ ਮਹਾਂਪੁਰਸ਼ਾਂ ਦੀ ਮਿਹਰ ਸੀ, ਉਸ ਕ੍ਰਿਪਾ ਦੇ ਸਦਕੇ ਉਸ ਦੇ ਮੂੰਹ ਵਿਚੋਂ 'ਨਾਰਾਇਣ' ਨਿਕਲ ਗਿਆ। ਬਾਕੀ ਹਰ ਇਕ ਦੇ ਮੁਖ ਤੋਂ ਤਾਂ ਆਖਰੀ ਸਮੇਂ ਵਾਹਿਗੁਰੂ, ਅੱਲਾ, ਰਾਮ ਨਿਕਲਦਾ ਹੀ ਨਹੀਂ ਹੁੰਦਾ।

ਇਕ ਵਾਰੀ ਇਕ ਪ੍ਰੇਮੀ ਸੁਣਾਵੇ ਕਿ ਇਕ ਸੇਠ ਸੀ ਉਸ ਨੇ ਸੋਚਿਆ ਕਿ ਭਜਨ ਤਾਂ ਹੁੰਦਾ ਨਹੀਂ, ਚਲੋ ਐਸ ਤਰ੍ਹਾਂ ਕਰਦੇ ਹਾਂ ਕਿ ਬੱਚਿਆਂ ਦੇ ਨਾਮ ਹੀ ਇਸ ਤਰ੍ਹਾਂ ਦੇ ਰੱਖ ਲੈਂਦੇ ਹਾਂ ਕਿ ਮੁੱਖ ਤੋਂ ਭਗਵਾਨ ਦਾ ਨਾਮ ਨਿਕਲਦਾ ਰਹੇ। ਉਸ ਨੇ ਇਕ ਦਾ ਨਾਉਂ ਰਾਮ, ਇਕ ਦਾ ਕ੍ਰਿਸ਼ਨ ਤੇ ਇਕ ਦਾ ਨਾਂ ਗੋਪਾਲ ਤੇ ਇਕ ਦਾ ਨਾਮ ਗੋਬਿੰਦ ਰੱਖ ਲਿਆ ਤੇ ਸੋਚਣ ਲੱਗਿਆ ਕਿ ਜਦੋਂ ਮੇਰਾ ਆਖਰੀ ਸਮਾਂ ਆਵੇਗਾ ਤਾਂ ਇਨ੍ਹਾਂ ਬੱਚਿਆਂ ਵਿਚੋਂ ਕੋਈ ਨਾ ਕੋਈ ਤਾਂ ਮੇਰੇ ਸਾਮ੍ਹਣੇ ਹੋਵੇਗਾ ਹੀ, ਮੈਂ ਨਾਉਂ ਲੈ ਲਵਾਂਗਾ, ਜਿਵੇਂ ਅਜਾਮਲ ਨੇ ਆਖਰੀ ਸਮੇਂ ਇਕ ਵਾਰੀ ਨਰਾਇਣ ਕਿਹਾ ਤੇ ਤਰ ਗਿਆ, ਉਵੇਂ ਜਿਵੇਂ ਮੇਰਾ ਵੀ ਉਧਾਰ ਹੋ ਜਾਵੇਗਾ।

ਉਸ ਸੇਠ ਦੀ ਬਿਰਤੀ ਹਰ ਵਕਤ ਆਪਣੇ ਕਾਰੋਬਾਰ ਵਿਚ ਰਹਿੰਦੀ ਸੀ। ਉਸ ਦਾ ਅੰਤ ਸਮਾਂ ਆ ਗਿਆ, ਸਿਆਣੇ ਬੰਦਿਆਂ ਨੇ ਉਸਦੇ ਚਾਰੇ ਪੁਤਰਾਂ ਨੂੰ ਉਸ ਦੇ ਸਾਮ੍ਹਣੇ ਖੜ੍ਹਾ ਕਰ ਦਿਤਾ ਕਿਉਂਕਿ ਮਿਤਰ ਉਹ ਹੁੰਦਾ ਹੈ ਜੋ ਅੰਤ ਦੇ ਸਮੇਂ ਪ੍ਰਮੇਸ਼ਰ ਦੇ ਨਾਮ ਵਲ ਬਿਰਤੀ ਲਿਜਾਵੇ। ਦੁਸ਼ਮਨ ਉਹ ਹੁੰਦਾ ਹੈ ਜਿਹੜਾ ਅੰਤ ਦੇ ਸਮੇਂ ਪੁਛੇ ਕਿ ਬੈਂਕ ਵਿਚ ਪੈਸੇ ਕਿੰਨੇ ਕੁ ਹਨ ਤੂੰ ਦੱਸਿਆ ਨਹੀਂ, ਕਿਸ ਕਿਸ ਤੋਂ ਪੈਸਾ ਲੈਣਾ ਹੈ, ਛੇਤੀ ਦੱਸ ਕਿਉਂਕਿ ਹੁਣ ਤੂੰ ਤੁਰਿਆ ਜਾ ਰਿਹਾ ਹੈਂ। ਇਹਦੇ ਵਰਗਾ ਦੁਸ਼ਮਣ ਸੰਸਾਰ ਤੇ ਕੋਈ ਨਹੀਂ ਹੋਇਆ ਕਰਦਾ। ਜਿਹੜਾ ਕਹੇ ਕਿ ਹੁਣ ਤੂੰ ਰਹਿਣ ਦੇ, ਸੰਸਾਰ ਤੋਂ ਤੂੰ ਜਾ ਰਿਹਾ ਹੈਂ, ਪ੍ਰਮੇਸ਼ਰ ਦਾ ਧਿਆਨ ਕਰ, ਕੋਈ ਸਾਖੀ ਸੁਣੀ ਹੈ, ਕਿਸੇ ਮਹਾਂਪੁਰਸ਼ ਦੇ ਦਰਸ਼ਨ ਕਰੇ ਹਨ, ਕਿਸੇ ਮਹਾਂਪੁਰਸ਼ ਨਾਲ ਪਿਆਰ ਹੈ ਉਸ ਦਾ ਧਿਆਨ ਧਰ ਲੈ, ਜਿਥੇ ਉਹ ਜਾਵੇਗਾ, ਤੈਨੂੰ ਵੀ ਉਥੇ ਹੀ ਲੈ ਜਾਵੇਗਾ। ਸੋ ਸੇਠ ਦੇ ਮਿਤਰ ਕਹਿਣ ਲੱਗੇ, ਹੁਣ ਸੇਠ ਤੋਂ ਗੱਲ ਨਹੀਂ ਹੁੰਦੀ ਤੇ ਚਾਰੋਂ ਬੱਚੇ ਸਾਮ੍ਹਣੇ ਹਨ ਤੇ ਸੇਠ ਨੂੰ ਇਕੱਲੇ ਇਕੱਲੇ ਪੁਤਰ ਵਲ ਇਸ਼ਾਰਾ ਕਰਕੇ ਕਹਿਣ ਲੱਗੇ ਸੇਠ ਜੀ! ਇਹ ਕੌਣ ਹੈ? ਇਨ੍ਹਾਂ ਦੇ ਨਾਂ ਲਵੋ। ਸੇਠ ਨੇ ਨਾਮ ਤਾਂ ਕਿਸੇ ਦਾ ਵੀ ਨਹੀਂ ਲਿਆ ਸਗੋਂ ਰੋਹ ਵਿਚ ਆ ਕੇ ਕਹਿਣ ਲੱਗਿਆ, ਓਏ ਤੁਸੀਂ ਸਾਰੇ ਹੀ ਦੁਕਾਨ ਬੰਦ ਕਰਕੇ ਇਥੇ ਆ ਗਏ, ਦੁਕਾਨ ਤੇ ਕੌਣ ਹੈ? ਇੰਨਾਂ ਕਹਿ ਕੇ ਮਰ ਗਿਆ। ਉਸ ਨੇ ਸਾਰੀ ਜ਼ਿੰਦਗੀ ਆਸ ਰੱਖੀ ਕਿ ਮੈਂ ਅੰਤ ਸਮੇਂ ਪ੍ਰਮੇਸ਼ਰ ਦਾ ਨਾਮ ਲੈ ਲਵਾਂਗਾ ਲੇਕਿਨ ਨਾਮ ਲੈਣ ਦੀ ਥਾਂ ਤੇ ਵਿਹਾਰ 'ਚ ਬਿਰਤੀ ਚਲੀ ਗਈ, ਕਿਉਂਕਿ ਵਿਹਾਰੀ ਬਿਰਤੀ ਸੀ ਤੇ ਅੰਤ ਸਮੇਂ ਵੀ ਇਹ ਕਹਿ ਸਕਿਆ ਕਿ ਤੁਸੀਂ ਸਾਰੇ ਹੀ ਕਾਰੋਬਾਰ ਬੰਦ ਕਰਕੇ ਆ ਗਏ ਤੇ ਉਸੇ ਵੇਲੇ ਪ੍ਰਾਣ ਨਿਕਲ ਗਏ। ਸੋ ਮਹਾਰਾਜ ਫੁਰਮਾਨ ਕਰਦੇ ਹਨ ਕਿ ਜੇ ਤੂੰ ਭਜਨ ਕਰਨਾ ਹੈ ਤਾਂ ਹੁਣੇ ਹੀ ਕਰ ਲੈ।

ਸੋ ਇਸ ਤਰ੍ਹਾਂ ਸੰਸਾਰ ਦੇ ਅੰਦਰ ਸਾਨੂੰ ਇਨਸਾਨੀ ਜਾਮਾ ਪ੍ਰਾਪਤ ਕਰਕੇ ਦੋ ਤਰ੍ਹਾਂ ਦੀਆਂ ਸੁਸਾਇਟੀ ਨਾਲ ਵਾਹ ਪੈਂਦਾ ਹੈ। ਇਕ ਸੁਸਾਇਟੀ ਉਹ ਹੈ ਜੋ ਕਿ ਹਿਤ ਵਿਚ ਹੋਇਆ ਕਰਦੀ ਹੈ, ਦੂਸਰੀ ਸੁਸਾਇਟੀ ਅਹਿਤ ਦੀ ਹੋਇਆ ਕਰਦੀ ਹੈ। ਉਸ ਨੂੰ ਖਰਾਬ ਕਰਨ ਵਾਲੀ ਹੁੰਦੀ ਹੈ, ਖਰਾਬ ਕਰਨ ਵਾਲੀ ਸੁਸਾਇਟੀ ਉਹ ਹੁੰਦੀ ਹੈ ਜਿਹਦੇ ਵਿਚ ਪ੍ਰਮੇਸ਼ਰ ਦਾ ਭਜਨ ਕਰਨ ਦੀ ਥਾਂ ਤੇ ਵਿਸ਼ਿਆਂ ਵਿਕਾਰਾਂ ਵਿਚ ਬਿਰਤੀ ਹੋ ਜਾਵੇ, ਭੋਗਾਂ ਤੇ ਸ਼ਰਾਬਾਂ ਕਬਾਬਾਂ ਵਿਚ, ਲੜਾਈਆਂ ਝਗੜਿਆਂ 'ਚ ਬਿਰਤੀ ਚਲੀ ਜਾਵੇ। ਗਲਤ ਤਰ੍ਹਾਂ ਦੇ ਮਨਸੂਬੇ ਗੁੰਦਣ ਵਿਚ, ਰਾਜਨੀਤਕ ਵਿਚਾਰ (political discussion) ਕਰਨ ਵਿਚ, ਇਸ ਤਰ੍ਹਾਂ ਦੀਆਂ ਜੋ ਸੁਸਾਇਟੀਆਂ ਹੁੰਦੀਆਂ ਨੇ ਉਹ ਪ੍ਰਮੇਸ਼ਰ ਤੋਂ ਬੇਮੁਖ ਹੁੰਦੀਆਂ ਹਨ ਇਨ੍ਹਾਂ ਵਿਚ ਸਮਾਂ ਨਸ਼ਟ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਦਸਦੇ ਹਨ ਕਿ ਦੋ ਕਿਸਮ ਦੀ ਸੁਸਾਇਟੀ ਹੈ। ਇਕ ਤਾਂ ਉਹ ਸੁਸਾਇਟੀ ਜੋ ਚੰਦਨ ਵਰਗੀ ਹੁੰਦੀ ਹੈ, ਉਹ ਚੰਗੀ ਸੁਸਾਇਟੀ ਹੁੰਦੀ ਹੈ -

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥***
*ਪੰਨਾ - 1365*

ਇਕ ਸਾਕਤਾਂ ਦੀ ਸੁਸਾਇਟੀ ਹੁੰਦੀ ਹੈ ਜਿਹੜੇ ਪ੍ਰਮੇਸ਼ਰ ਤੋਂ ਬੇਮੁਖ ਹੁੰਦੇ ਹਨ, ਜਿਹੜੇ ਨਾ ਤਾਂ ਆਪਣੇ ਜੀਵਨ ਦੀ ਕਦਰ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਦਾ ਮਨ ਕਿਸੇ ਦੇ ਜੀਵਨ ਦੀ ਕਦਰ ਦੇਖ ਕੇ ਪ੍ਰਸੰਨ ਹੁੰਦਾ ਹੈ। ਸੋ ਇਨ੍ਹਾਂ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਧਾਰਨਾ - ਪਿਆਰੇ ਜੀ, ਸਾਕਤਾਂ ਦਾ ਸੰਗ ਨਾ ਕਰੀਂ।***
***ਲੇਖਾ ਪੈ ਜਊ, ਦਰਗਹ ਵਿਚ ਦੇਣਾ - 2,4***

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥***
*ਪੰਨਾ - 1371*

ਜਿਹੜਾ ਵਾਹਿਗੁਰੂ ਤੋਂ ਬੇਮੁਖ ਹੁੰਦਾ ਹੈ ਉਸ ਨੂੰ ਸਾਕਤ ਕਹਿੰਦੇ ਹਨ ਜਿਸ ਨੂੰ ਨਾਸਤਕ ਵੀ ਆਖਦੇ ਹਨ। ਐਸਾ ਪੁਰਸ਼ ਨਾ ਨੇਕੀ ਵਿਚ ਯਕੀਨ ਰਖਦਾ ਹੈ ਤੇ ਨਾ ਹੀ ਪ੍ਰਮੇਸ਼ਰ ਦੀ ਹਸਤੀ ਵਿਚ ਯਕੀਨ ਰਖਦਾ ਹੈ। ਇਹ ਭਲਾਈ ਵਿਚ ਯਕੀਨ ਰੱਖਣ ਦੀ ਥਾਂ ਤੇ ਇਸ ਤੋਂ ਉਲਟ ਵਰਤਦਾ ਹੈ ਕਿ ਖਾਓ ਪੀਓ ਐਸ਼ ਕਰੋ, ਇਹ ਜਗ ਮਿੱਠਾ ਅਗਲਾ ਕਿਨ ਡਿੱਠਾ। Eat drink and be merry for we shall have to die. ਅਗਲੀ ਦਰਗਾਹ ਦੇ ਹਿਸਾਬ ਕਿਤਾਬ ਨੂੰ ਨਾ ਮੰਨਣ ਵਾਲਾ ਬੰਦਾ ਸਾਕਤ ਕਹਾਉਂਦਾ ਹੈ। ਇਸ ਤਰ੍ਹਾਂ ਦੇ ਬੰਦੇ ਦੀ ਸੰਗਤ ਨਾ ਕਰੀਂ, ਉਸ ਨੂੰ ਦੇਖ ਕੇ ਦੂਰੋਂ ਹੀ ਭਜ ਜਾਵੀਂ, ਉਸ ਦੇ ਨੇੜੇ ਨਾ ਜਾਵੀਂ ਕਿਉਂਕਿ ਕਾਲੇ ਬਰਤਨ ਦੇ ਨਾਲ ਚਿੱਟੇ ਕਪੜੇ ਨੂੰ ਦਾਗ ਜ਼ਰੂਰ ਹੀ ਲਗ ਜਾਂਦਾ ਹੈ। ਐਸ ਤਰ੍ਹਾਂ ਤੈਨੂੰ ਵੀ ਦਾਗ ਲਗ ਜਾਵੇਗਾ।

***ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥***
***ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ॥***
*ਪੰਨਾ - 1375*

ਚਾਵਲ ਨੂੰ ਕੱਢਣ ਵਾਸਤੇ ਛਿਲਕੇ ਤੇ ਮੁਹਲੇ ਲਗਦੇ ਰਹਿੰਦੇ ਹਨ ਕਿਉਂਕਿ ਚਾਵਲ ਉਸ ਦੇ ਵਿਚ ਹੁੰਦਾ ਹੈ ਕਿਉਂਕਿ

ਉਸ ਨੇ ਚਾਵਲ ਦੀ ਸੰਗਤ ਕਰ ਲਈ ਹੁੰਦੀ ਹੈ, ਇਸ ਕਰਕੇ ਇਸ ਨੂੰ ਮੁਹਲਿਆਂ ਦੀ ਮਾਰ ਖਾਣੀ ਪੈ ਰਹੀ ਹੈ, ਸੱਟਾਂ ਖਾਣੀਆਂ ਪੈ ਰਹੀਆਂ ਹਨ ਤੇ ਸ਼ੈਲਰ ਦੇ ਅੰਦਰ ਰਗੜਿਆ ਜਾ ਰਿਹਾ ਹੈ।

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ।।***
***ਪੰਨਾ - 1369***

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਭਾਈ! ਸਾਕਤ ਦਾ ਸੰਗ ਨਾ ਕਰੀਂ, ਸਗੋਂ ਸੰਤਾਂ ਦੀ ਸੰਗਤ ਕਰੀਂ ਕਿਉਂਕਿ ਸੰਤਾਂ ਦੀ ਸੰਗਤ ਦੇ ਨਾਲ ਤੇਰਾ ਨਿਰਭਾ ਹੋ ਜਾਵੇਗਾ, ਤੈਨੂੰ ਐਸਾ ਗਿਆਨ ਪ੍ਰਾਪਤ ਹੋ ਜਾਵੇਗਾ ਜਿਸ ਤੋਂ ਤੇਰਾ ਛੁਟਕਾਰਾ ਹੋ ਜਾਵੇਗਾ। ਤੇਰਾ ਐਥੇ ਵੀ ਭਲਾ ਹੋਵੇਗਾ ਤੇ ਦਰਗਾਹ ਵਿਚ ਵੀ ਭਲਾ ਹੋਵੇਗਾ।

ਇਕ ਵਾਰੀ ਕਿਸੇ ਨਗਰ ਦੇ ਅੰਦਰ ਇਕ ਪਰਿਵਾਰ ਰਹਿੰਦਾ ਸੀ। ਮਾਂ ਤੇ ਪੁਤਰ ਰਹਿੰਦੇ ਸਨ ਤੇ ਲੜਕੇ ਦਾ ਪਿਉ ਮਰ ਚੁਕਿਆ ਸੀ। ਲੜਕੇ ਦੀ ਉਮਰ ਬਾਰ੍ਹਾਂ ਸਾਲ ਦੀ ਸੀ। ਇਕ ਦਿਨ ਆਪਣੀ ਮਾਂ ਨੂੰ ਕਹਿਣ ਲੱਗਿਆ ਮਾਤਾ! ਮੈਂ ਹੁਣ ਵੱਡਾ ਹੋ ਗਿਆ ਹਾਂ ਤੇ ਮੈਨੂੰ ਕੰਮ ਦਸ, ਮੈਂ ਕੀ ਕੰਮ ਕਰਿਆ ਕਰਾਂ। ਮਾਤਾ ਨੇ ਜਵਾਬ ਦੇ ਦਿਤਾ, ਅਜੇ ਹੋਰ ਵੱਡਾ ਹੋ ਜਾ, ਅਠਾਰ੍ਹਾਂ ਸਾਲ ਦਾ ਜੁਆਨ, ਜਦੋਂ ਤੂੰ ਅਠਾਰ੍ਹਾਂ ਸਾਲਾਂ ਦਾ ਹੋ ਜਾਵੇਂਗਾ ਮੈਂ ਫਿਰ ਤੈਨੂੰ ਕੰਮ ਦਸਾਂਗੀ, ਬਹੁਤ ਹੀ ਵਧੀਆ ਕੰਮ ਹੈ ਅਜੇ ਤੂੰ ਕੀ ਕੰਮ ਕਰਨਾ ਹੈਂ, ਹਾਲੇ ਤੂੰ ਬੱਚਾ ਹੈਂ। ਜਦੋਂ ਜੁਆਨ ਹੋ ਗਿਆ ਤੇ ਮਾਤਾ ਨੂੰ ਫੇਰ ਕੰਮ ਬਾਰੇ ਪੁਛਦਾ ਹੈ ਕਿ ਮਾਤਾ! ਮੈਨੂੰ ਕੰਮ ਬਾਰੇ ਦਸ, ਮੈਂ ਕੀ ਕੰਮ ਕਰਿਆ ਕਰਾਂ? ਮਾਤਾ ਕਹਿਣ ਲੱਗੀ ਕਿ ਤੂੰ ਪਹਿਲਾਂ ਮੈਨੂੰ ਤਿੰਨ ਬਚਨ ਦੇਹ ਕਿ ਤੂੰ ਇਹ ਤਿੰਨ ਗੱਲਾਂ ਤੇ ਅਮਲ ਕਰੇਂਗਾ? ਕਹਿਣ ਲੱਗਿਆ, ਹਾਂ ਮਾਂ, ਦੱਸ ਤਾਂ ਸਹੀ ਮੈਂ ਅਮਲ ਕਰਾਂਗਾ। ਮਾਤਾ ਕਹਿਣ ਲੱਗੀ ਕਿ ਬੇਟਾ! ਪਹਿਲਾ ਬਚਨ ਤਾਂ ਇਹ ਹੈ ਕਿ ਕਿਸੇ ਨੂੰ ਆਪਣੀ ਕਿਰਤ ਬਾਰੇ ਨਹੀਂ ਦਸਣਾ ਕਿ ਮੈਂ ਕੀ ਕੰਮ ਕਰਦਾ ਹਾਂ। ਦੂਸਰਾ ਇਹ ਹੈ ਕਿ ਇਹ ਕੰਮ ਕਰਦਿਆਂ ਹੋਇਆਂ ਜੇ ਤੂੰ ਫੜਿਆ ਵੀ ਜਾਵੇ ਤੇ ਫੇਰ ਵੀ ਨਹੀਂ ਦਸਣਾ ਭਾਵੇਂ ਤੈਨੂੰ ਕਿੰਨੀ ਵੀ ਤਕਲੀਫ ਸਹਿਣੀ ਪਵੇ ਤੇ ਤੇਰੀ ਜਾਨ ਵੀ ਚਲੀ ਜਾਵੇ ਤਾਂ ਵੀ ਤੂੰ ਦਸਣਾ ਨਹੀਂ। ਤੀਸਰਾ ਜਿਹੜਾ ਇਨ੍ਹਾਂ ਤੋਂ ਵੀ ਜ਼ਰੂਰੀ ਬਚਨ ਹੈ ਉਹ ਇਹ ਹੈ ਕਿ ਜਿਥੇ ਬੈਠ ਕੇ ਰੱਬ ਦੇ ਪਿਆਰੇ ਹਰੀ ਦਾ ਜਸ ਕਰਦੇ ਹੋਣ ਭਾਵ ਧਰਮ ਦਾ ਥਾਂ ਹੋਵੇ, ਧਰਮਸਾਲਾ, ਗੁਰਦੁਆਰਾ, ਮੰਦਰ, ਮਸਜਿਦ ਗਿਰਜਾ ਹੋਵੇ ਜਿਥੇ ਪ੍ਰਮੇਸ਼ਰ ਦੇ ਨਾਮ ਦੀ ਵਿਚਾਰ ਹੁੰਦੀ ਹੋਵੇ, ਪ੍ਰਮੇਸ਼ਰ ਦਾ ਜਸ ਕਰਨ ਵਾਲੇ ਹੋਣ ਉਹਦੇ ਸਾਮ੍ਹਣੇ ਦੀ ਕਦੀ ਨਾ ਲੰਘੀਂ। ਕਹਿਣ ਲੱਗਿਆ ਮਾਂ ਤੂੰ ਫਿਕਰ ਨਾ ਕਰ, ਮੈਂ ਤਿੰਨੇ ਬਚਨਾਂ ਤੇ ਪਹਿਰਾ ਦਿਆਂਗਾ।

ਸਮਾਂ ਲੰਘਦਾ ਗਿਆ, ਇਕ ਦਿਨ ਦੀ ਗੱਲ ਹੈ ਕਿ ਉਸ ਨੇ ਰਾਜੇ ਦਾ ਘਰ ਭੰਨ ਲਿਆ ਤੇ ਰੌਲਾ ਪੈ ਗਿਆ ਤੇ ਚੋਰ ਨੂੰ ਫੜਨ ਵਾਸਤੇ ਫੜੋ ਫੜੀ ਸ਼ੁਰੂ ਹੋ ਗਈ। ਉਸ ਬੱਚੇ ਤੇ ਕੋਈ ਸ਼ੱਕ ਨਾ ਕਰੇ। ਜਿਹੜੇ ਦਸ ਨੰਬਰ ਵਿਚ ਆਏ ਹੋਏ ਸੀ ਉਨ੍ਹਾਂ ਦੀ ਮਾਰ ਕੁਟਾਈ ਹੋਣੀ ਸ਼ੁਰੂ ਹੋ ਗਈ। ਪਰ ਮੰਨਦਾ ਕੋਈ ਵੀ ਨਹੀਂ ਸੀ। ਅਖੀਰ ਰਾਜੇ ਨੇ ਕਿਹਾ ਕਿ ਕਿਵੇਂ ਨਾ ਕਿਵੇਂ ਚੋਰ ਦਾ ਪਤਾ ਕਰੋ ਤੇ ਉਸ ਨੂੰ ਮੰਨਵਾਓ। ਇਕ ਫਫੇਕੁਟਣੀ (CID ਇਸਤ੍ਰੀ) ਕਹਿਣ ਲੱਗੀ, ਹਜ਼ੂਰ! ਮੈਂ ਅਸਲੀ ਚੋਰ ਨੂੰ ਫੜ ਕੇ ਮੰਨਵਾ ਲਵਾਂਗੀ।

ਗੱਲ ਇਸ ਤਰ੍ਹਾਂ ਹੋਈ ਸੀ, ਇਹੋ ਚੋਰ ਲੜਕਾ ਚੋਰੀ ਕਰਕੇ ਆ ਰਿਹਾ ਸੀ ਤਾਂ ਸਿਪਾਹੀਆਂ ਨੂੰ ਸ਼ੱਕ ਪੈ ਗਿਆ। ਜਦੋਂ ਮੁੰਡੇ ਨੇ ਸਿਪਾਹੀਆਂ ਨੂੰ ਦੇਖਿਆ ਤਾਂ ਥੋੜ੍ਹਾ ਡਰ ਗਿਆ ਕਿ ਕਿਤੇ ਮੈਂ ਫੜਿਆ ਨਾ ਜਾਵਾਂ ਤਾਂ ਉਸ ਦੇ ਅੱਗੇ ਕੋਈ ਚਾਰਾ ਨਹੀਂ ਸੀ। ਉਸ ਨੇ ਸੋਚਿਆ ਕਿ ਚੰਗਾ ਇਹੀ ਹੈ ਕਿ ਮੈਂ ਆਪਣਾ ਰਸਤਾ ਬਦਲ ਲਵਾਂ ਤੇ ਇਨ੍ਹਾਂ ਦਾ ਟਾਕਰਾ ਹੀ ਨਾ ਕਰਾਂ। ਅੱਗੋਂ ਦੋ ਰਸਤੇ ਜਾਂਦੇ ਸੀ ਇਸ ਨੇ ਦੂਜੇ ਰਸਤੇ ਦਾ ਰੁਖ ਕਰ ਲਿਆ ਜੋ ਧਰਮਸਾਲਾ ਦੇ ਅੱਗੋਂ ਦੀ ਜਾਂਦਾ ਸੀ। ਉਸ ਨੂੰ ਚੇਤਾ ਆ ਗਿਆ ਕਿ ਮਾਂ ਨੇ ਕਿਹਾ ਸੀ ਕਿ ਧਰਮਸਾਲਾ ਦੇ ਅੱਗੋਂ ਨਹੀਂ ਲੰਘਣਾ ਪਰ ਮਜ਼ਬੂਰੀ ਸੀ। ਉਸ ਨੇ ਫੈਸਲਾ ਕੀਤਾ ਕਿ ਜਦੋਂ ਅੱਗੋਂ ਦੀ ਲੰਘਾਂਗਾ ਤਾਂ ਮੈਂ ਕੰਨਾਂ ਵਿਚ ਉਂਗਲੀਆਂ ਦੇ ਲਵਾਂਗਾ। ਜਦੋਂ ਧਰਮਸਾਲਾ ਦੇ ਕੋਲ ਪਹੁੰਚਿਆ ਤਾਂ ਪੈਰ ਵਿਚ ਕੰਡਾ ਲਗ ਗਿਆ ਤੇ ਤੁਰਨਾ ਔਖਾ ਹੋ ਗਿਆ ਤਾਂ ਉਹ ਬੈਠ ਗਿਆ ਅਤੇ ਪੈਰ ਨੂੰ ਗੋਡੇ ਤੇ ਰੱਖ ਲਿਆ ਤੇ ਦੋਨਾਂ ਉਂਗਲੀਆਂ ਨੂੰ ਕੰਨਾਂ ਵਿਚੋਂ ਕੱਢ ਕੇ ਕੰਡਾ ਕੱਢਣ ਲਗ ਪਿਆ। ਐਨੇ ਵਿਚ ਹੀ ਧਰਮਸਾਲਾ ਵਿਚ ਜੋ ਸਤਿਸੰਗ ਹੋ ਰਿਹਾ ਸੀ, ਉਥੋਂ ਇਕ ਬਚਨ ਸੁਣ ਲਿਆ ਕਿ ਜੋ ਦੇਵਤਾ ਲੋਕ ਹੁੰਦੇ ਹਨ ਉਨ੍ਹਾਂ ਦਾ ਪਰਛਾਵਾਂ ਨਹੀਂ ਹੋਇਆ ਕਰਦਾ। ਸੋਚਦਾ ਚਲਾ ਗਿਆ ਕਿ ਆਹ ਗੱਲ ਮੇਰੇ ਕੰਨ ਵਿਚ ਪੈ ਗਈ, ਅੰਦਰ ਅੰਦਰ ਮਨ ਨਾਲ ਗੱਲਾਂ ਕਰਦਾ ਹੈ ਕਿ ਤਾਂ ਕੀ ਹੋਇਆ ਜੇ ਮੈਂ ਸੁਣ ਲਿਆ ਕਿ ਦੇਵਤਿਆਂ ਦਾ ਪਰਛਾਵਾਂ ਨਹੀਂ ਹੁੰਦਾ। ਪਰਛਾਵਾਂ ਹੋਵੇ ਨਾ ਹੋਵੇ ਮੈਨੂੰ ਤਾਂ ਇਸ ਨਾਲ ਕੋਈ ਸਬੰਧ ਨਹੀਂ, ਚਲੋ ਇਹਦੇ ਵਿਚ ਮੇਰਾ ਕੀ ਹਰਜ ਹੈ। ਜਿਹੜੀ ਫਫਾਕੁਟਣੀ ਸੀ ਉਸ ਨੇ ਸਾਰੇ ਘੁੰਮ ਫਿਰ ਕੇ ਭੇਤ ਕੱਢ ਲਿਆ ਕਿ ਇਨ੍ਹਾਂ ਦੇ ਘਰ ਵਿਚ ਕੋਈ ਕੰਮ ਕਰਨ ਵਾਲਾ ਨਹੀਂ ਹੈ ਤੇ ਫਿਰ ਵੀ ਇਨ੍ਹਾਂ ਦਾ ਗੁਜ਼ਾਰਾ ਚੰਗਾ ਹੈ ਤੇ ਵਧੀਆ ਖਾਂਦੇ ਪੀਂਦੇ ਹਨ। ਉਸ ਨੇ ਰਾਜੇ ਨੂੰ ਰਿਪੋਰਟ ਕਰ ਦਿਤੀ ਕਿ ਤੁਹਾਡਾ ਚੋਰ ਇਸ ਘਰ ਦੇ ਵਿਚ ਹੈ। ਪੁਲਿਸ ਦੇ ਸਿਪਾਹੀ ਆਏ ਤੇ ਇਸ ਮੁੰਡੇ ਨੂੰ ਫੜ ਕੇ ਲੈ ਗਏ। ਬਹੁਤ ਮਾਰਿਆ ਕੁੱਟਿਆ ਪਰ ਇਸ ਨੇ ਕੋਈ ਭੇਤ ਨਾ ਦਿਤਾ ਕਿ ਮੈਂ ਚੋਰੀ ਕੀਤੀ ਹੈ ਜਾਂ ਮੈਂ ਚੋਰ ਹਾਂ। ਜਦੋਂ ਨਾ ਮੰਨਿਆ ਤਾਂ ਉਸ ਨੇ ਰਾਜੇ ਨੂੰ ਕਿਹਾ ਕਿ ਮੈਂ ਇਸ ਨੂੰ ਮੰਨਵਾ ਲਵਾਂਗੀ ਅਤੇ ਮੈਨੂੰ ਇਸ ਕੰਮ ਵਾਸਤੇ ਚਾਰ ਬਾਹਾਂ ਵਾਲੀ ਦੇਵੀ ਦਾ ਸਰੂਪ ਬਣਾਉਣਾ ਪਵੇਗਾ। ਮੈਨੂੰ ਇਕ ਲੱਕੜੀ ਦਾ ਸ਼ੇਰ ਬਣਵਾ ਦਿਓ ਜੋ ਟੁਰਦਾ ਹੋਵੇ ਤੇ ਚਾਰ ਬਾਹਾਂ ਮੇਰੇ ਲਗਵਾ ਦਿਓ। ਉਸ ਨੇ ਕਿਹਾ ਕਿ ਜੇਹਲਖਾਨੇ ਦਾ ਤਾਲਾ ਖੁਲ੍ਹਾ ਰਖ ਦਿਓ ਤੇ ਮੈਂ ਅੰਦਰ ਜਾਵਾਂਗੀ। ਉਸ ਨੇ ਉਸੇ ਤਰ੍ਹਾਂ ਦੇਵੀ ਦਾ ਰੂਪ ਧਾਰਨ ਕਰ ਲਿਆ, ਜੇਲ੍ਹਖਾਨੇ ਦੇ ਅੰਦਰ ਉਸ ਚੋਰ ਦੇ ਪਾਸ ਪਹੁੰਚ ਗਈ। ਮਿਸਾਲ ਉਥੇ ਜਲ ਰਹੀ ਸੀ। ਉਸ ਨੇ ਦੂਰੋਂ ਦੇਖ ਲਿਆ ਕਿ ਇਹ ਤਾਂ ਦੇਵੀ ਮਾਤਾ ਆ ਗਈ। ਬੜਾ ਪ੍ਰਸੰਨ ਹੋਇਆ ਕਿ ਦੇਵੀ ਮੇਰੀ ਸਹਾਇਤਾ ਵਾਸਤੇ ਆਈ ਹੈ। ਆਉਂਦੇ ਹੀ ਉਸ ਨੇ ਹੱਥ ਮਾਰਿਆ ਤਾਂ ਤਾਲਾ ਲਹਿ ਕੇ ਦੂਰ ਡਿੱਗ ਪਿਆ ਤੇ ਦਰਵਾਜ਼ਾ ਖੋਲ੍ਹ ਦਿਤਾ। ਕੋਲ ਚਲੀ ਗਈ ਤੇ ਜਾ ਕੇ ਸਿਰ ਤੇ ਹੱਥ ਰਖ ਕੇ ਕਹਿਣ ਲੱਗੀ ਬੇਟਾ! ਤੈਨੂੰ ਇਸ ਰਾਜੇ

ਨੇ ਬੜੀ ਨਿਰਦੈਤਾ ਦੇ ਨਾਲ ਕੁੱਟਿਆ ਮਾਰਿਆ ਹੈ। ਮੈਂ ਤੇਰੀ ਸਹਾਇਤਾ ਕਰਨ ਆਈ ਹਾਂ ਕਿਉਂਕਿ ਮੇਰੇ ਭਗਤ ਨੂੰ ਬਹੁਤ ਮਾਰ ਪਈ ਹੈ ਅਤੇ ਮੈਂ ਇਸ ਰਾਜੇ ਦਾ ਰਾਜ ਗਰਕ ਕਰ ਦੇਣਾ ਹੈ। ਬੇਟਾ! ਮੈਨੂੰ ਇਹ ਦਸ ਕਿ ਤੂੰ ਰਾਜੇ ਦੇ ਚੋਰੀ ਕੀਤੀ ਸੀ? ਕਹਿਣ ਲੱਗਾ ਮਾਤਾ ਜੀ! ਤੁਹਾਥੋਂ ਕੀ ਲੁਕਿਆ ਹੋਇਆ ਹੈ ਜਦੋਂ ਸਹੀ ਗੱਲ ਦਸਣ ਲੱਗਿਆ ਤਾਂ ਤੁਰੰਤ ਹੀ ਉਸ ਦੀ ਨਿਗ੍ਹਾ ਉਸ ਦੇ ਪਰਛਾਵੇਂ ਤੇ ਪੈ ਗਈ ਤੇ ਹੈਰਾਨ ਹੋ ਗਿਆ ਕਿ ਇਸ ਦਾ ਤਾਂ ਪਰਛਾਵਾਂ ਦਿਸ ਰਿਹਾ ਹੈ ਪਰ ਸਤਿਸੰਗ ਦੇ ਸਾਮ੍ਹਣਿਓਂ ਜਦੋਂ ਮੈਂ ਲੰਘਿਆ ਸੀ ਉਥੇ ਤਾਂ ਇਹ ਦਸਿਆ ਸੀ ਕਿ ਦੇਵਤਿਆਂ ਦਾ ਤਾਂ ਪਰਛਾਵਾਂ ਨਹੀਂ ਹੁੰਦਾ ਇਹ ਤਾਂ ਮੇਰੇ ਨਾਲ ਕੋਈ ਛਲ ਹੋ ਰਿਹਾ ਹੈ। ਸਤਿਸੰਗ ਦੀ ਗੱਲ ਨੂੰ ਸਤਿ ਮੰਨ ਲੈਂਦਾ ਹੈ ਤੇ ਓਦੋਂ ਹੀ ਬਦਲ ਗਿਆ ਤੇ ਕਹਿਣ ਲੱਗਾ ਮਾਤਾ! ਤੂੰ ਤਾਂ ਘਟ ਘਟ ਦੇ ਜਾਨਣ ਵਾਲੀ ਹੈਂ ਜੇ ਮੈਂ ਚੋਰੀ ਕੀਤੀ ਹੋਵੇ ਤਾਂ ਤੈਨੂੰ ਨਾ ਪਤਾ ਹੋਵੇ ਕਿ ਮੈਂ ਚੋਰੀ ਕੀਤੀ ਹੈ। ਉਹ ਛੁਟ ਗਿਆ ਰਾਜੇ ਨੇ ਉਸ ਨੂੰ ਛੱਡ ਦਿਤਾ ਤੇ ਰਾਜੇ ਨੇ ਉਸ ਨੂੰ ਐਵੇਂ ਜਬਰਨ ਤਸੀਹੇ ਦੇਣ ਕਰਕੇ ਇਵਜ਼ਾਨਾ ਦਿਤਾ ਕਿ ਕਾਕਾ! ਤੈਨੂੰ ਸ਼ੱਕ ਕਰਕੇ ਅਸੀਂ ਐਵੇਂ ਕੁੱਟਿਆ, ਤੂੰ ਆਪਣੇ ਘਰ ਨੂੰ ਜਾਹ।

ਜਦੋਂ ਘਰ ਪਹੁੰਚਿਆ ਤਾਂ ਮਾਂ ਨਾਲ ਬਹੁਤ ਨਰਾਜ਼ ਹੋਇਆ ਤੇ ਕਹਿਣ ਲੱਗਿਆ ਮਾਂ! ਤੂੰ ਮੈਨੂੰ ਬੜੇ ਉਲਟੇ ਤੇ ਗਲਤ ਕੰਮ ਵਿਚ ਲਾਇਆ ਹੋਇਆ ਹੈ ਤੇ ਅੱਜ ਤੋਂ ਮੈਂ ਚੋਰੀ ਨਹੀਂ ਕਰਨੀ ਤੇ ਜਿਨ੍ਹਾਂ ਦੇ ਤੂੰ ਦੱਸਿਆ ਕਰਦੀ ਹੈਂ ਕਿ ਮੇਰੇ ਬਾਪ ਨੇ ਅੱਠ ਵੇਰਾਂ ਚੋਰੀ ਕੀਤੀ ਹੈ ਉਨ੍ਹਾਂ ਦੇ ਤਾਂ ਦੀਵੇ ਜਲਦੇ ਹੀ ਨੇ ਪਰ ਆਪਣਾ ਦੀਵਾ ਤੂੰ ਬੁਝਿਆ ਹੀ ਸਮਝੀਂ। ਇਸ ਕਮਾਈ ਵਿਚ ਕੋਈ ਬਰਕਤ ਨਹੀਂ, ਐਵੇਂ ਗਲਤ ਕੰਮਾਂ ਅਤੇ ਸ਼ਰਾਬਾਂ ਕਬਾਬਾਂ ਵਿਚ ਉਡ ਜਾਂਦੀ ਹੈ। ਦੇਖ ਮਾਤਾ! ਮੈਂ ਸਤਿਸੰਗ ਦੀ ਇਕੋ ਗੱਲ ਸੁਣੀ ਹੈ ਤੇ ਉਸ ਗੱਲ ਨੇ ਮੈਨੂੰ ਫਾਂਸੀ ਦੇ ਫੰਧੇ ਤੋਂ ਬਚਾ ਲਿਆ। ਨਹੀਂ ਤਾਂ ਜੇ ਮੈਂ ਦਸ ਦਿੰਦਾ ਕਿ ਮੈਂ ਚੋਰੀ ਕੀਤੀ ਸੀ ਤਾਂ ਮੈਨੂੰ ਫਾਂਸੀ ਹੋ ਜਾਣੀ ਸੀ। ਸੋ ਮੈਨੂੰ ਸਤਿਸੰਗ ਦੀ ਐਨੀ ਕੁ ਗੱਲ ਨੇ ਹੀ ਬਚਾ ਲਿਆ। ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਹਨ – ***'ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥'*** ਸਾਧੂ ਦੀ ਜੇ ਸੰਗਤ ਕੀਤੀ ਹੋਵੇ ਤਾਂ ਛੁਟਕਾਰਾ ਹੋ ਜਾਂਦਾ ਹੈ। ਅੰਤ ਦੇ ਸਮੇਂ ਯਾਦ ਆ ਜਾਂਦਾ ਹੈ ਤੇ ਵਾਹਿਗੁਰੂ ਵਲ ਧਿਆਨ ਚਲਿਆ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਮਨੁੱਖ ਦਾ ਦੋ ਚੀਜ਼ਾਂ ਨਾਲ ਵਾਹ ਪੈਂਦਾ ਹੈ, ਇਕ ਸਤਿਸੰਗ ਹੁੰਦਾ ਹੈ ਤੇ ਦੂਜਾ ਕੁਸੰਗ ਹੁੰਦਾ ਹੈ।

ਕੁਸੰਗ ਦੇ ਵਿਚ ਖਿਆਲ ਬਦਲਦੇ ਤੁਰੇ ਜਾਂਦੇ ਹਨ। ਪ੍ਰਮੇਸ਼ਰ ਦੇ ਖਿਆਲ ਛੱਡ ਕੇ ਮਨਮੁਖਤਾਈ ਦੇ ਖਿਆਲ, ਬੇਮੁਖਤਾਈ ਦੇ ਖਿਆਲ, ਵਿਸ਼ੇ ਭੋਗਾਂ ਦੇ ਖਿਆਲ ਥਾਂ ਲੈ ਲੈਂਦੇ ਹਨ। ਜੇਕਰ ਇਨ੍ਹਾਂ ਤੋਂ ਹਟਾਓ ਤਾਂ ਹਟਦਾ ਨਹੀਂ ਕਿਉਂਕਿ ਉਹ ਇਨ੍ਹਾਂ ਚੀਜ਼ਾਂ ਨੂੰ ਚੰਗੀਆਂ ਸਮਝਦਾ ਹੈ ਅਤੇ ਦੂਜੀਆਂ ਚੀਜ਼ਾਂ ਦਾ ਉਸ ਨੂੰ ਗਿਆਨ ਨਹੀਂ ਹੈ। ਮਾੜੀ ਚੀਜ਼ ਨੂੰ ਚੰਗੀ ਸਮਝਦਾ ਹੈ ਅਤੇ ਚੰਗੀ ਚੀਜ਼ ਤੇ ਚੰਗੇ ਖਿਆਲਾਂ ਨੂੰ ਮਾੜੇ ਸਮਝਦਾ ਹੈ ਜਿਵੇਂ ਕਿ ਪਵਿੱਤਰ ਫੁਰਮਾਨ ਹੈ –

***ਜਾਣੈ ਨਾਹੀ ਜੀਤ ਅਰੁ ਹਾਰ॥***
***ਇਹੁ ਵਲੇਵਾ ਸਾਕਤ ਸੰਸਾਰ॥***
***ਜੋ ਹਲਾਹਲ ਸੋ ਪੀਵੈ ਬਉਰਾ॥***
***ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥***
***ਸਾਧਸੰਗ ਕੈ ਨਾਹੀ ਨੇਰਿ॥***
***ਲਖ ਚਉਰਾਸੀਹ ਭ੍ਰਮਤਾ ਫੇਰਿ॥*** ***ਪੰਨਾ – 180***

ਇਸ ਨੂੰ ਇਹ ਨਹੀਂ ਪਤਾ ਕਿ ਇਹੋ ਜਿਹੇ ਕੰਮ ਕਰਕੇ ਦਰਗਾਹ ਵਿਚ ਮੇਰੀ ਹਾਰ ਹੋਏਗੀ ਤੇ ਸਜਾਵਾਂ ਭੁਗਤਣੀਆਂ ਪੈਣਗੀਆਂ। ਇਹ ਜ਼ਹਿਰ ਪੀ ਰਿਹਾ ਹੈ। ਸਾਰੇ ਡਾਕਟਰ ਅਮਰੀਕਾ ਇੰਗਲੈਂਡ ਦੇ ਦੱਸੀ ਜਾ ਰਹੇ ਹਨ, ਖਬਰਦਾਰ ਕਰੀ ਜਾ ਰਹੇ ਹਨ ਕਿ ਤਮਾਕੂ ਵਿਚ ਨਿਕੋਟੀਨ ਇਕ ਜ਼ਹਿਰ ਹੁੰਦੀ ਹੈ। ਇਕ ਕਿਲੋ, ਡੇਢ ਸੌ ਬੰਦੇ ਨੂੰ ਮਾਰ ਸਕਦੀ ਹੈ। ਹੁਣ ਦੀ latest research (ਤਾਜ਼ਾ ਖੋਜ) ਇਹ ਦਸਦੀ ਹੈ ਕਿ ਜੇ ਸੌ ਬੰਦਾ ਸਿਗਰਟ ਪੀਣ ਵਾਲਾ ਹੋਵੇ ਤਾਂ ਸੱਤਰ ਬੰਦਿਆਂ ਨੂੰ ਕੈਂਸਰ ਹੋ ਜਾਂਦਾ ਹੈ। ਇਕ ਬੀੜੀ ਪੰਜ ਮਿੰਟ ਉਮਰ ਘਟਾਉਂਦੀ ਹੈ। ਸ਼ਰਾਬ ਪੀਣ ਵਾਲੇ ਨੂੰ ਕੈਂਸਰ ਹੋ ਜਾਂਦਾ ਹੈ ਕਿਉਂਕਿ ਬਹੁਤ ਘਟੀਆ ਚੀਜ਼ਾਂ ਆ ਗਈਆਂ, ਕਿਸੇ ਵੇਲੇ ਹੋ ਸਕਦਾ ਹੈ ਕਿ ਇਹ ਸ਼ੁਧ ਹੁੰਦੀਆਂ ਹੋਣਗੀਆਂ ਪਰ ਹੁਣ ਤਾਂ ਨਿਰੀ ਜ਼ਹਿਰ ਹੀ ਆ ਗਈ ਹੈ।

ਮੈਨੂੰ ਇਕ ਦਿਨ ਇਕ ਪ੍ਰੇਮੀ ਨੇ ਦੱਸਿਆ ਕਿ ਮੇਰਾ ਭਾਈ ਠੇਕੇ 'ਚ ਚਲਾ ਗਿਆ ਤਾਂ ਕੀ ਵੇਖਦਾ ਹੈ ਕਿ ਠੇਕੇਦਾਰ ਦੇ ਨੌਕਰਾਂ ਦੇ ਹੱਥਾਂ ਵਿਚ ਕਿਰਲੀਆਂ ਫੜੀਆਂ ਹੋਈਆਂ ਨੇ ਤੇ ਪਾਣੀ ਵਿਚ ਘੋਲ ਰਹੇ ਹਨ। ਉਸ ਨੇ ਪੁਛਿਆ, "ਭਾਈ ਇਹ ਕੀ ਕਰਦੈਂ?" ਕਹਿਣ ਲੱਗਿਆ ਕਿ ਕਿਰਲੀ ਦੀ ਜ਼ਹਿਰ ਨਾਲ ਨਸ਼ਾ ਬਹੁਤ ਚੜ੍ਹਦੈ। ਹੁਣ ਤੁਸੀਂ ਆਪ ਹੀ ਦੱਸੋ ਭਾਈ ਕਿ ਬੰਦਾ ਐਸੀਆਂ ਚੀਜ਼ਾਂ ਪੀ ਕੇ ਬਚੇਗਾ ਕਿ ਮਰੇਗਾ, ਅੱਗੇ ਤੋਂ ਸੱਪ ਪਾ ਦਿਆ ਕਰਨਗੇ ਕਿ ਹੋਰ ਜ਼ਿਆਦਾ ਨਸ਼ਾ ਚੜ੍ਹ ਜਾਵੇਗਾ। ਫੇਰ ਰਿਪੋਰਟ ਆਉਂਦੀ ਹੈ ਅਖਬਾਰਾਂ ਵਿਚ ਖਬਰਾਂ ਆਉਂਦੀਆਂ ਹਨ ਕਿ ਫਲਾਣੇ ਸ਼ਹਿਰ ਵਿਚ ਸ਼ਰਾਬ ਪੀ ਕੇ ਤਿੰਨ ਸੌ ਬੰਦਾ ਮਰ ਗਿਆ।

***ਜੋ ਹਲਾਹਲ ਸੋ ਪੀਵੈ ਬਉਰਾ॥*** ***ਪੰਨਾ – 180***

ਮਹਾਰਾਜ ਕਹਿੰਦੇ ਇਹ ਪਾਗਲ ਹੋ ਗਿਆ ਇਸ ਨੂੰ ਇਹ ਨਹੀਂ ਪਤਾ ਕਿ ਜਿਹੜੀ ਜ਼ਹਿਰ ਨੇ ਇਸ ਨੂੰ ਮਾਰ ਦੇਣਾ ਹੈ ਉਸ ਨੂੰ ਪੀ ਰਿਹਾ ਹੈ।

***ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥*** ***ਪੰਨਾ – 180***

ਜੇ ਇਹਨੂੰ ਕਹੀਏ ਕਿ ਭਾਈ ਬੰਦਗੀ ਕਰ ਲਿਆ ਕਰ, ਨਾਮ ਜਪ ਲਿਆ ਕਰ, ਅੱਗੋਂ ਜਵਾਬ ਦਿੰਦਾ ਹੈ ਕਿ ਇਹ ਤਾਂ ਮੈਨੂੰ ਚੰਗਾ ਨਹੀਂ ਲਗਦਾ, ਮੇਰਾ ਜੀਅ ਨਹੀਂ ਲਗਦਾ ਇਹਦੇ ਵਿਚ, ਮੈਨੂੰ ਆਲਸ ਆ ਜਾਂਦਾ ਹੈ, ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਭਗਤੀ ਕਰਨੀ, ਨਾਮ ਜਪਣਾ, ਬਾਣੀ ਪੜ੍ਹਨੀ ਵੀ ਕੋਈ ਚੀਜ਼ ਹੈ? ਸ਼ਰਾਬ ਪੀ ਕੇ ਦੇਖੋ ਉਸੇ ਵੇਲੇ ਆਦਮੀ ਨੂੰ ਨਸ਼ਾ ਜਿਹਾ ਹੋ ਜਾਂਦਾ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਹਾਲ ਤਾਂ ਸਾਕਤ ਦਾ ਹੁੰਦਾ ਹੈ – ***'ਸਾਧਸੰਗ ਕੈ ਨਾਹੀ ਨੇਰਿ॥' (ਪੰਨਾ – 180)*** ਜਿਥੇ ਸੰਗਤ ਹੁੰਦੀ ਹੋਵੇ ਉਥੇ ਉਹਦਾ ਚਿੱਤ ਹੀ ਨਹੀਂ ਲਗਦਾ ਅਤੇ ਜਿਸ ਥਾਂ ਤੇ ਵਿਕਾਰ ਹੁੰਦੇ ਹੋਣ ਉਥੇ ਸਾਰੀ ਰਾਤ ਜਾਗਦਾ ਰਹੇਗਾ ਅਤੇ ਅੱਖ ਨਹੀਂ ਝਮਕਦਾ, ਨੀਂਦ ਕਿਧਰੇ ਹੀ

(ਬਾਕੀ ਪੰਨਾ 17 ਤੇ)

# ਇਸੁ ਮਨੁ ਕਉ ਕੋਈ ਖੋਜਹੁ ਭਾਈ

*ਜਸਵੰਤ ਸਿੰਘ ' ਸਿਆਣ'*

ਇਹ ਪਵਿੱਤਰ ਬਚਨ, ਪੰਚਮ ਪਾਤਸ਼ਾਹ ਜੀ ਦੇ ਉਚਾਰਨ ਕੀਤੇ ਹੋਏ ਹਨ। ਸਤਿਗੁਰੂ ਮਹਾਰਾਜ ਆਪਣੇ ਮਨ ਨੂੰ ਪ੍ਰਤੀਕ ਬਣਾ ਕੇ ਅਸਾਨੂੰ ਸਮਝਾਉਂਦੇ ਹਨ ਕਿ ਹੇ ਭਾਈ! ਤੂੰ ਐਸੇ ਪ੍ਰਮੇਸ਼ਰ ਦੀ ਸਰਨੀ ਪੈ ਜਾ, ਜਿਸ ਵਰਗਾ ਵੱਡਾ, ਇਸ ਕਾਇਨਾਤ ਵਿਚ ਹੋਰ ਕੋਈ ਨਹੀਂ ਹੈ। ਉਸ ਵੱਡੇ ਦੀ ਸ਼ਰਨ ਵਿਚ ਜਾਣ ਨਾਲ ਬੇਅੰਤ ਸੁਖਾਂ ਦੀ ਪ੍ਰਾਪਤੀ ਹੋਵੇਗੀ ਅਤੇ ਦੁਖਾਂ ਦਾ ਮੂਲੋਂ ਹੀ ਨਾਸ਼ ਹੋ ਜਾਏਗਾ। ਸੋ ਉਸ ਦੀ ਸ਼ਰਨ ਕੀ ਹੈ? ਕਿਵੇਂ ਉਸ ਦੀ ਸ਼ਰਨ ਜਾਇਆ ਜਾਏ? ਸਤਿਗੁਰੂ ਮਹਾਰਾਜ ਗੁਰਬਾਨੀ ਅੰਦਰ ਹੀ ਅਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਤੋਂ ਵਿਛੋੜਨ ਵਾਲੀ ਝੂਠੀ 'ਮੈਂ' ਦਾ ਤਿਆਗ ਕਰਦੇ ਹੋਏ, ਸਭ ਪਾਸਿਆਂ ਦੇ ਓਟ ਆਸਰੇ ਛੱਡ ਕੇ, ਤਨ, ਮਨ ਤੇ ਧਨ ਉਸ ਦੇ ਚਰਨਾਂ ਵਿਚ ਭੇਟ ਕਰਦੇ ਹੋਏ, 'ਮੁਲ ਖਰੀਦੀ ਲਾਲਾ ਗੋਲਾ' ਬਣ ਕੇ ਉਸ ਦੇ ਹੁਕਮ ਦੀ ਵਹਿੰਦੀ ਰੌਂ ਵਿਚ ਆਪਣੇ ਆਪ ਨੂੰ ਸੁਰ ਕਰਨਾ, ਉਸ ਦੀ ਸ਼ਰਨ ਵਿਚ ਜਾਣਾ ਅਖਵਾਉਂਦਾ ਹੈ। ਇਸ ਤਰ੍ਹਾਂ ਮਨ ਕਰਕੇ ਉਸ ਦੀ ਸ਼ਰਨ ਵਿਚ ਜਾਣ ਵਾਲਿਆਂ ਤੇ ਉਹ ਕ੍ਰਿਪਾ ਨਿਧਾਨ ਪ੍ਰਮੇਸ਼ਰ ਤਰੁੱਠ ਜਾਂਦਾ ਹੈ ਤੇ ਸਹਿਜੇ ਹੀ ਇਸ ਭਵਸਾਗਰ ਰੂਪੀ ਸੰਸਾਰ 'ਚੋਂ ਪਾਰ ਕਰ ਲੈਂਦਾ ਹੈ। ਸੋ ਵੀਚਾਰ ਕਰਨੀ ਬਣਦੀ ਹੈ ਕਿ ਪ੍ਰਭੂ ਤੋਂ ਅਸਾਨੂੰ ਵਿਛੋੜਨ ਵਾਲੀ 'ਝੂਠੀ ਮੈਂ' ਕੀ ਹੈ? ਗੁਰਬਾਣੀ ਅੰਦਰ ਗੁਰੂ ਅਮਰਦਾਸ ਜੀ ਦਾ ਬਚਨ ਹੈ –

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥*
*ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ॥*
*ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ॥*

***ਪੰਨਾ – 550***

ਕਹਿੰਦੇ ਇਸ ਸਰੀਰ ਰੂਪੀ ਦਰਖਤ ਫਲ ਤੇ ਦੋ ਕਿਸਮ ਦੇ ਪੰਖੀ ਬੈਠੇ ਹਨ। ਜਿਨ੍ਹਾਂ ਦੇ ਨਾਂ ਤਾਂ ਖੰਭ ਹਨ ਨਾਂ ਹੀ ਕਿਧਰੋਂ ਆਉਂਦੇ ਜਾਂਦੇ ਦਿਸਦੇ ਹਨ। ਉਨ੍ਹਾਂ ਵਿਚੋਂ ਇਕ ਰਸਾਂ-ਕਸਾਂ ਨੂੰ ਭੋਗਣ ਵਾਲਾ ਹੈ ਤੇ ਦੂਸਰਾ ਨਿਰਚਾਹ ਹੈ ਜੋ ਹਮੇਸ਼ਾ ਸ਼ਬਦ ਵਿਚ ਲੀਨ ਰਹਿੰਦਾ ਹੈ।

ਰਸਾਂ-ਕਸਾਂ ਨੂੰ ਭੋਗਣ ਵਾਲਾ, ਜਿਹੜਾ ਕਦੀ ਕਰਤਾ ਬਣਦਾ ਹੈ, ਕਦੀ ਭੁਗਤਾ ਬਣਦਾ ਹੈ, ਕਦੀ ਜੰਮਦਾ ਤੇ ਮਰਦਾ ਹੈ ਉਸ ਨੂੰ ਦੁੱਖ ਸੁੱਖ, ਹਾਨ-ਲਾਭ, ਮਾਨ-ਅਪਮਾਨ ਤੇ ਈਰਖਾ ਦ੍ਵੈਸ਼ ਦੇ ਰੋਗ ਲੱਗੇ ਹੋਏ ਹਨ। ਇਹ ਕਦੀ ਵੀ ਨਿਸਚਲ ਹੋ ਕੇ ਨਹੀਂ ਬੈਠਦਾ। ਮਾਇਕ ਪਦਾਰਥਾਂ ਲਈ ਹਮੇਸ਼ਾ ਉਡਾਰੀਆਂ ਮਾਰਦਾ ਰਹਿੰਦਾ ਹੈ ਜਿਸ ਬਾਰੇ ਫੁਰਮਾਨ ਹੈ –

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਉਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਬਿਨੁ ਗੁਰ ਮਹਲੁ ਨ ਜਾਪਈ ਨ ਅੰਮ੍ਰਿਤ ਫਲ ਪਾਹਿ॥*

***ਪੰਨਾ – 66***

ਦੂਸਰਾ ਪੰਖੀ ਉਹ ਹੈ ਜੋ ਇਸ ਨੂੰ ਦੇਖਣਾ ਵਾਲਾ ਹੈ। ਵਾਸਨਾ ਰੂਪੀ ਫੰਘਾਂ ਤੋਂ ਰਹਿਤ, ਨਿਰਚਾਹ ਹੈ। ਸਦਾ ਆਪਣੇ ਨਿਜ ਘਰ ਵਿਚ ਟਿਕਿਆ ਰਹਿੰਦਾ ਹੈ। ਸਦਾ ਪ੍ਰਭੂ ਦੇ ਪ੍ਰੇਮ ਵਿਚ ਰਹਿ ਕੇ ਉਸ ਦੇ ਨਾਮ ਦਾ ਚੋਗਾ ਚੁਗਦਾ ਹੈ। ਮਾਇਕ ਪਦਾਰਥਾਂ ਲਈ ਕਦੀ ਭਟਕਦਾ ਨਹੀਂ। ਹਮੇਸ਼ਾ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ –

*ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ॥*
*ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ॥*
*ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ॥*

***ਪੰਨਾ – 66***

ਸੋ ਇਨ੍ਹਾਂ ਦੋਨਾਂ ਵਿਚੋਂ ਅਸਾਨੂੰ ਸਮਝ ਨਹੀਂ ਆਉਂਦੀ ਕਿ ਸਾਡਾ ਅਸਲੀ ਆਪਾ ਕਿਹੜਾ ਹੈ? ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ! ਤੇਰਾ ਅਸਲੀ ਆਪਾ ਤਾਂ ਸਤਿ ਚਿਤ ਅਨੰਦ ਪ੍ਰਮੇਸ਼ਰ ਹੈ, ਜੋ ਨਿਰਚਾਹ ਹੈ ਅਤੇ ਇਸ ਸਾਰੀ ਕਿਰਿਆ ਨੂੰ ਦੇਖਣ ਵਾਲਾ ਹੈ ਜਿਸਨੂੰ 'ਸਾਖੀ-ਚੇਤਨ' ਕਹਿੰਦੇ ਹਨ। ਔਰ ਜਿਸ ਨੂੰ ਅਸੀਂ 'ਮੈਂ' ਕਹਿੰਦੇ ਹਾਂ ਉਹ ਤਾਂ ਇਸ 'ਸਾਖੀ ਚੇਤਨ' ਦਾ ਪਰਛਾਵਾ ਹੈ ਜੋ ਕਿ ਤਿੰਨ ਕਾਲ ਸਤਿ ਨਹੀਂ ਹੋਇਆ ਕਰਦਾ। ਪ੍ਰਮੇਸ਼ਰ ਦੀ ਹੀ ਪੈਦਾ ਕੀਤੀ ਹੋਈ ਮਾਇਆ ਦੇ ਪ੍ਰਭਾਵ ਹੇਠ ਅਸੀਂ ਜਦੋਂ ਉਸ 'ਸਾਖੀ-ਚੇਤਨ' ਦੇ ਪਰਛਾਵੇਂ ਨੂੰ ਹੀ ਮੈਂ ਕਹਿਣਾ ਸ਼ੁਰੂ ਕਰ ਦਿਤਾ ਤਾਂ ਇਸ ਹਉਮੈ ਨੇ ਸਾਡਾ ਨਾਤਾ, ਸਾਡੇ ਨਿਜ ਸਰੂਪ ਨਾਲੋਂ ਤੋੜ ਕੇ ਅਸਾਨੂੰ 'ਜੀਵ ਚੇਤਨ' ਬਣਾ ਦਿਤਾ। ਸੋ ਜਦੋਂ ਪ੍ਰਮੇਸ਼ਰ ਦੀ 'ਸਾਖੀ-ਚੇਤਨ' ਜੋਤ ਦੀ ਸਤਾ, ਪ੍ਰਕ੍ਰਿਤੀ ਤੇ ਪੈਂਦੀ ਹੈ ਤਾਂ 'ਜੀਵ ਚੇਤਨ' ਦੀ ਅਣਹੋਈ ਹੋਂਦ ਉਤਪੰਨ ਹੁੰਦੀ ਹੈ। ਸੋ ਸਤਿਗੁਰੂ ਜੀ ਅਸਾਨੂੰ ਸਮਝਾਉਂਦੇ ਹਨ ਕਿ ਅਸਾਨੂੰ ਆਪਣਾ ਮੂਲ ਪਛਾਣਨਾ ਚਾਹੀਦਾ ਹੈ। ਉਹ ਸਤਿ ਚਿਤ ਅਨੰਦ ਪ੍ਰਭੂ ਅਸਾਡਾ ਮੂਲ ਹੈ ਜੋ ਕਿ ਸਾਡੇ ਹੱਥਾਂ ਪੈਰਾਂ ਤੋਂ ਵੀ ਨੇੜੇ, ਅਸਾਡੇ ਨਾਲ ਵਸਦਾ ਹੈ।

ਸੋ ਆਪਣੇ ਮੂਲ ਨੂੰ ਪਛਾਨਣ ਲਈ ਸਾਡੇ ਸਰੀਰ ਦੇ ਅੰਦਰ ਵਸਦਾ 'ਮਨ' ਸਾਡੀ ਸਹਾਇਤਾ ਕਰ ਸਕਦਾ ਹੈ। ਸੋ 'ਮਨ' ਨੂੰ ਸੰਬੋਧਨ ਕਰਦੇ ਹੋਏ ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ, ਗੁਰਮਤੀ ਰੰਗੁ ਮਾਣੁ॥*

***ਪੰਨਾ – 441***

ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਇਸ ਮਨ ਨੂੰ ਕਦੀ ਪੰਖੇਰੂ ਕਿਹਾ ਹੈ, ਕਦੀ ਹਾਥੀ ਕਿਹਾ ਹੈ, ਕਦੀ ਕੁੱਤਾ ਕਿਹਾ ਹੈ, ਕਦੀ ਖੁਟਹਰ ਕਿਹਾ ਹੈ ਤੇ ਕਦੀ ਮਿਤਰ ਪਿਆਰਾ ਵੀ ਕਿਹਾ ਹੈ। ਇਸ ਦੀ ਤਾਕਤ ਇੰਨੀ ਜ਼ਿਆਦਾ ਹੈ ਕਿ ਇਸ ਦਾ ਅੰਦਾਜ਼ਾ ਅੱਜ ਤਕ ਕੋਈ ਨਹੀਂ ਲਾ ਸਕਿਆ। ਇਸ ਦਾ ਆਪਣਾ ਸਰੂਪ ਕੋਈ ਨਹੀਂ ਹੈ। ਇਹ ਸਾਡੇ ਅੰਦਰ ਵਸਦੀ 'ਪ੍ਰਭੂ ਦੀ ਸਾਖੀ ਚੇਤਨ' ਜੋਤ ਤੋਂ ਹੀ ਸਤਾ ਲੈ ਕੇ ਕਿਰਿਆਸ਼ੀਲ ਹੁੰਦਾ ਹੈ। ਇਸ ਨੂੰ ਜਿਹੋ ਜਿਹੀ ਸੰਗਤ ਮਿਲ ਪਵੇ, ਓਹੋ ਜਿਹਾ ਹੀ ਹੋ ਜਾਂਦਾ ਹੈ। ਮਾਇਆ ਨਾਲ ਮਿਲ ਕੇ ਇਹ ਮਾਇਆ ਦਾ ਰੂਪ ਹੀ ਹੋ ਜਾਂਦਾ ਹੈ। ਪ੍ਰਭੂ-ਪਿਆਰਿਆਂ ਦੀ ਸੰਗਤ ਮਿਲ ਪਵੇ ਤਾਂ ਅੱਠੇ ਪਹਿਰ ਪ੍ਰਮੇਸ਼ਰ ਦੇ ਗੁਣ

ਗਾਉਂਦਾ ਰਹਿੰਦਾ ਹੈ। ਜੇ ਇਹੀ ਮਨ ਸਰੀਰ ਦੇ ਨੌਂ ਦਰਵਾਜ਼ਿਆਂ 'ਚੋਂ ਉਪਰਾਮ ਹੋ ਕੇ ਦਸਵੇਂ ਘਰ ਵਿਚ ਸਥਿਰ ਹੋ ਜਾਏ ਤਾਂ ਇਹ ਤਿੰਨਾਂ ਲੋਕਾਂ ਦੀ ਸੋਝੀ ਰੱਖਣ ਵਾਲਾ ਹੋ ਜਾਂਦਾ ਹੈ।

*ਇਹੁ ਮਨੁ ਸਕਤੀ ਇਹੁ ਮਨੁ ਸੀਉ॥*
*ਇਹੁ ਮਨੁ ਪੰਚ ਤਤ ਕੋ ਜੀਉ॥*
*ਇਹੁ ਮਨੁ ਲੇ ਜਉ ਉਨਮਨਿ ਰਹੈ॥*
*ਤਉ ਤੀਨਿ ਲੋਕ ਕੀ ਬਾਤੈ ਕਹੈ॥ ਪੰਨਾ – 342*

ਜਿਸ ਤਰ੍ਹਾਂ ਪਾਣੀ ਦੇ ਚਸ਼ਮੇ ਵਿਚੋਂ ਹਮੇਸ਼ਾ ਪਾਣੀ ਨਿਕਲਦਾ ਰਹਿੰਦਾ ਹੈ ਉਸੇ ਤਰ੍ਹਾਂ ਇਸ ਮਨ ਵਿਚੋਂ ਹਮੇਸ਼ਾ ਸੰਕਲਪ ਅਤੇ ਵਿਕਲਪ ਦੀਆਂ ਲਹਿਰਾਂ ਨਿਕਲਦੀਆਂ ਰਹਿੰਦੀਆਂ ਹਨ। ਇਕ ਪਲ ਲਈ ਵੀ ਇਹ ਸਥਿਰ ਹੋ ਕੇ ਨਹੀਂ ਬੈਠਦਾ। ਇਸਦੀ ਗਤੀ ਦਾ ਕੋਈ ਅੱਜ ਤਕ ਅੰਦਾਜ਼ਾ ਨਹੀਂ ਲਾ ਸਕਿਆ। ਬੇਅੰਤ ਲੋਕੀ ਇਸ ਨੂੰ ਇਕ ਥਾਂ ਟਿਕਾਣ ਲਈ ਯਤਨ ਕਰ ਕਰ ਥੱਕ ਗਏ ਪਰ ਇਹ ਕਿਸੇ ਦੇ ਕਾਬੂ ਨਹੀਂ ਆਇਆ।

*ਕਾਂਇਆ ਨਗਰਿ ਇਕੁ ਬਾਲਕੁ ਵਸਿਆ*
*ਖਿਨੁ ਪਲੁ ਥਿਰੁ ਨ ਰਹਾਈ॥*
*ਅਨਿਕ ਉਪਾਵ ਜਤਨ ਕਰਿ ਥਾਕੇ,*
*ਬਾਰੰ ਬਾਰ ਭਰਮਾਈ॥ ਪੰਨਾ – 1191*

ਇਸ ਮਨ ਕਰਕੇ ਹੀ ਇਹ ਸਾਰਾ ਦ੍ਰਿਸ਼ ਅਸਾਨੂੰ 'ਜਗਤ' ਪ੍ਰਤੀਤ ਦਿੰਦਾ ਹੈ ਜਦੋਂ ਕਿ ਇਥੇ ਕੇਵਲ ਸਤਿ ਚਿਤ ਅਨੰਦ ਵਾਹਿਗੁਰੂ ਜੀ ਦਾ ਸਾਗਰ ਹੀ ਠਾਠਾਂ ਮਾਰ ਰਿਹਾ ਹੈ। ਜੇ ਇਹ ਮਨ, ਅਮਨ ਹੋ ਜਾਏ ਭਾਵ ਮਰ ਜਾਏ ਤਾਂ ਇਹ ਸਾਰਾ ਦ੍ਰਿਸ਼ਟਮਾਨ ਇਕੋ ਹੀ ਆਤਮਾ ਦਾ ਪਸਾਰਾ ਨਜ਼ਰੀ ਪੈ ਜਾਏਗਾ। ਜਨਮਾਂ-ਜਨਮਾਂਤਰਾਂ ਤੋਂ ਇਹ ਮਨ, ਮਾਇਆ ਨਾਲ ਸਾਂਝ ਪਾਉਣ ਕਰਕੇ ਅਤਿ ਮਲੀਨ ਹੋਇਆ ਪਿਆ ਹੈ ਜਿਵੇਂ ਕੋਹਲੂ ਦਾ ਕੱਪੜਾ ਹਜ਼ਾਰ ਵਾਰ ਧੋਣ ਨਾਲ ਵੀ ਚਿੱਟਾ ਨਹੀਂ ਹੁੰਦਾ ਇਸੇ ਤਰ੍ਹਾਂ ਇਹ ਮਨ ਵੀ ਕਰਮ ਕਾਂਡ, ਤੀਰਥ-ਬਰਤ ਆਦਿ ਨਾਲ ਸਾਫ ਨਹੀਂ ਹੋ ਸਕਦਾ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*
*ਪੰਨਾ – 651*

ਜੇ ਇਹ ਮਨ ਆਪਣਾ ਰੁੱਖ ਮਾਇਆ ਵਲੋਂ ਮੋੜ ਕੇ, ਗੁਰ ਸ਼ਬਦ ਵਿਚ ਲਗਾ ਲਵੇ ਤਾਂ ਇਹ ਮਰ ਸਕਦਾ ਹੈ। ਫਿਰ ਇਸ ਨੂੰ ਵਿਕਾਰਾਂ ਦੀ ਮੈਲ ਵੀ ਨਹੀਂ ਲੱਗੇਗੀ ਤੇ ਜੂਨਾਂ ਵਿਚ ਪੈ ਕੇ ਦੁਖ ਸੁਖ ਵੀ ਨਹੀਂ ਭੋਗੇਗਾ।

*ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥*
*ਪੰਨਾ – 651*

ਤਿੰਨ ਕਿਸਮ ਦੀ ਮੈਲ ਇਸ ਮਨ ਨੂੰ ਲੱਗੀ ਹੋਈ ਹੈ। ਪਹਿਲੀ, ਜਿਸ ਨੂੰ 'ਮਲਿ' ਆਖਦੇ ਹਾਂ, ਜਨਮਾਂ ਜਨਮਾਂਤਰਾਂ ਦੇ ਪਾਪਾਂ ਕਰਕੇ ਹੈ।

*ਇਹੁ ਮਨੁ ਮੈਲਾ ਇਕੁ ਨ ਧਿਆਏ*
*ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥ ਪੰਨਾ – 116*

ਇਹ ਨਿਸ਼ਕਾਮ ਕਰਮ ਕਰਨ ਨਾਲ ਦੂਰ ਹੋ ਜਾਂਦੀ ਹੈ। ਜਪ ਤਪ ਸੇਵਾ ਸਿਮਰਨ ਕਰਕੇ ਉਸ ਦੇ ਫਲ ਦੀ ਇੱਛਾ ਨਾ ਕਰਨੀ, ਇਸ ਨੂੰ ਦੂਰ ਕਰਨ ਦੇ ਸਾਧਨ ਹਨ।

ਦੂਸਰੀ ਕਿਸਮ ਦੀ ਮੈਲ ਜਿਸ ਨੂੰ 'ਵਿਖਸ਼ੇਪ' ਕਹਿੰਦੇ ਹਾਂ, ਇਸ ਦੀ ਚੰਚਲਤਾ ਕਾਰਣ ਹੈ। ਕਦੀ ਵੀ ਸਥਿਰ ਹੋ ਕੇ ਨਹੀਂ ਬੈਠਦਾ। ਗੁਰੂ ਦੀ ਹਜ਼ੂਰੀ ਵਿਚ ਸਰੀਰ ਦੇ ਹਾਜ਼ਰ ਹੁੰਦਿਆਂ ਵੀ ਬਾਹਰ ਭੱਜ ਕੇ ਗੈਰਹਾਜ਼ਰੀ ਲੁਆ ਦਿੰਦਾ ਹੈ।

*ਇਹੁ ਮਨੁ ਚੰਚਲੁ ਵਸਿ ਨ ਆਵੈ॥*
*ਦੁਬਿਧਾ ਲਾਗੈ ਦਹਦਿਸਿ ਧਾਵੈ॥ ਪੰਨਾ – 127*

ਇਸ ਦਾ ਇਲਾਜ ਦ੍ਰਿੜ੍ਹ ਹੋ ਕੇ ਪ੍ਰਮੇਸ਼ਰ ਦੀ ਬੰਦਗੀ, ਬਾਰ-ਬਾਰ ਗੁਰ ਸ਼ਬਦ ਦਾ ਅਭਿਆਸ ਹੈ। ਇਸ ਤਰ੍ਹਾਂ ਕਰਦਿਆਂ ਇਹ ਹੌਲੀ ਹੌਲੀ ਟਿਕਣਾ ਸ਼ੁਰੂ ਕਰ ਦਿੰਦਾ ਹੈ।

ਤੀਸਰੀ ਕਿਸਮ ਦੀ ਮੈਲ, ਜਿਸ ਨੂੰ 'ਅਵਰਣ' ਕਹਿੰਦੇ ਹਾਂ ਇਸ ਦੇ ਅਵਿਦਿਆ ਵਿਚ ਘਿਰੇ ਹੋਣ ਕਰਕੇ ਹੈ। ਇਹ ਆਪਣੇ ਆਪ ਨੂੰ ਪ੍ਰਮੇਸ਼ਰ ਤੋਂ ਵਖਰਾ ਸਮਝਦਾ ਹੈ। ਇਸ ਦਾ ਇਲਾਜ ਗੁਰੂ ਦੀ ਬਾਣੀ ਵਿਚਾਰ-ਵਿਚਾਰ ਕੇ ਪੜ੍ਹਨੀ, ਸ੍ਰੇਸ਼ਟ ਗ੍ਰੰਥਾਂ ਦਾ ਅਧਿਐਨ ਤੇ ਤੱਤ ਬੇਤੇ ਮਹਾਂਪੁਰਖਾਂ ਦੇ ਬਚਨਾਂ ਨੂੰ ਸੁਣ ਕੇ ਹਿਰਦੇ ਵਿਚ ਵਸਾਉਣਾ ਹੋਇਆ ਕਰਦਾ ਹੈ। ਇਸ ਤਰ੍ਹਾਂ ਇਹ ਮਨ ਇਨ੍ਹਾਂ ਤਿਨਾਂ ਦੋਸ਼ਾਂ ਤੋਂ ਬਰੀ ਹੋ ਕੇ ਸ਼ੁੱਧ ਆਤਮ ਸਰੂਪ ਹੋ ਜਾਂਦਾ ਹੈ ਤੇ ਇਸ ਦੇ ਵਿਚੋਂ ਨਿਕਲਣ ਵਾਲੇ ਸੰਕਲਪ ਅਤੇ ਵਿਕਲਪ ਖਤਮ ਹੋ ਜਾਂਦੇ ਹਨ। ਫਿਰ ਨਿਜ ਘਰ ਵਿਚ ਸਥਿਰ ਹੋ ਕੇ ਆਤਮਕ ਅਨੰਦ ਨੂੰ ਮਾਣਦਾ ਹੈ ਜਿਸ ਨੂੰ ਮਨ ਦਾ ਜਿਤਣਾ ਭਾਵ ਜੱਗ ਦਾ ਜਿਤਣਾ ਆਖਦੇ ਹਨ। ਗੁਰੂ ਤੇਗ ਬਹਾਦਰ ਜੀ ਦਾ ਬਚਨ ਹੈ –

*ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥*
*ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥*
*ਪੰਨਾ – 1186*

ਵੈਸੇ ਇਹ ਮਨ ਹੈ ਬੜਾ ਖੁਟਹਰ (ਖੋਟੀ ਮਤ ਵਾਲਾ) ਇਸ ਦੇ ਉਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਹ ਹਮੇਸ਼ਾ ਹੀ ਮਾਇਆ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ। ਪੰਚਮ ਪਾਤਸ਼ਾਹ ਜੀ ਆਖ ਰਹੇ ਹਨ ਕਿ ਹੇ ਮਨਾ! ਜਿਵੇਂ ਖੋਤੇ ਦੀ ਪੈਖਰ ਉਦੋਂ ਖੋਲ੍ਹੀ ਜਾਂਦੀ ਹੈ ਜਦੋਂ ਉਸ ਤੇ ਭਾਰ ਲੱਦਿਆ ਹੋਵੇ ਉਸੇ ਤਰ੍ਹਾਂ ਤੈਨੂੰ ਵੀ ਖਰਮਸਤੀਆਂ ਕਰਨ ਦਾ ਮੌਕਾ ਨਹੀਂ ਦਿਤਾ ਜਾਣਾ ਚਾਹੀਦਾ। ਹੇ ਮਨਾਂ! ਤੇਰਾ ਕੋਈ ਇਤਬਾਰ ਕਿਵੇਂ ਕਰੇ? ਤੂੰ ਤਾਂ ਜਪੀਆਂ ਦੇ ਜਪ, ਤਪੀਆਂ ਦੇ ਤਪ, ਸੰਜਮ ਆਦਿ ਤੋੜ ਕੇ ਨਰਕਾਂ ਦੇ ਦਰਵਾਜ਼ੇ ਤੇ ਲਿਜਾ ਸੁੱਟਦਾ ਹੈਂ, ਕੀ ਤੈਨੂੰ ਜਨਮਾਂ-ਜਨਮਾਤਰਾਂ ਦੇ ਜਨਮ ਮਰਨ ਦੇ ਦੁੱਖ ਭੁੱਲ ਗਏ ਹਨ?

*ਮਨੁ ਖੁਟਹਰ ਤੇਰਾ ਨਹੀ ਬਿਸਾਸੁ ਤੂੰ ਮਹਾ ਉਦਮਾਦਾ॥*
*ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥*
*ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ॥*
*ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥*
*ਪੰਨਾ – 815*

ਕਈ ਵਾਰੀ ਇਹ ਮਨ, ਪ੍ਰਮੇਸ਼ਰ ਤੋਂ ਮਿਲੀਆਂ ਦਾਤਾਂ

ਤੋਂ ਮੁਨਕਰ ਹੋ ਕੇ 'ਨਿਜ ਬਲ ਨਾਲ ਪ੍ਰਾਪਤੀ' ਦੇ ਵਹਿਮ ਹੇਠ, ਹਾਥੀ ਵਰਗਾ ਵੱਡਾ, ਹੰਕਾਰੀ ਹੋ ਜਾਂਦਾ ਹੈ। ਪਰ ਇਸ ਨੂੰ ਇਹ ਨਹੀਂ ਪਤਾ ਕਿ ਮਾਲਕ ਦੇ ਮਹਿਲਾਂ ਦਾ ਰਸਤਾ ਤਾਂ ਅਤਿ ਸੂਖਸ਼ਮ ਅਤੇ ਭੀੜਾ ਹੈ। ਇਹ ਇਸ ਵਿਚੋਂ ਲੰਘ ਕੇ ਕਿਵੇਂ ਵਾਹਿਗੁਰੂ ਦੇ ਮਹਿਲਾਂ ਤਕ ਜਾਏਗਾ।

***ਚੂਹਾ ਖਡ ਨ ਮਾਵਈ, ਤਿਕਲਿ ਬੰਨੈ ਛਜ॥***

***ਪੰਨਾ – 1286***

ਇਹੋ ਜਿਹੇ ਹੰਕਾਰੀ ਮਨ ਵਾਲੇ ਬੰਦੇ ਤਾਂ ਅਨੇਕਾਂ ਸੰਸਾਰ ਵਿਚ ਆਏ ਤੇ ਚਲੇ ਗਏ। ਸੇਖ ਫਰੀਦ ਜੀ ਇਸੇ ਤਰ੍ਹਾਂ ਦੇ ਭਾਵ ਆਪਣੀ ਬਾਣੀ ਵਿਚ ਪ੍ਰਗਟ ਕਰਦੇ ਹਨ।

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥***

***ਪੰਨਾ – 488***

ਅਸਮਾਨ ਧਰਤੀ ਨੂੰ ਪੁਛਦਾ ਹੈ, ਧਰਤੀਏ! ਤੇਰੇ ਤੇ ਸੰਸਾਰ ਦੀ ਨੌਕਾ ਚਲਾਉਣ ਵਾਲੇ ਵੱਡੇ ਵੱਡੇ ਹੰਕਾਰੀ ਬੰਦੇ ਆਏ, ਅੱਜ ਕਿਧਰੇ ਨਜ਼ਰ ਨਹੀਂ ਪਏ ਆਉਂਦੇ। ਧਰਤੀ ਕਹਿੰਦੀ ਹੇ ਅਸਮਾਨ! ਉਨ੍ਹਾਂ ਦੇ ਸਰੀਰ ਤਾਂ ਕਬਰਾਂ ਵਿਚ ਸੜ ਕੇ ਮਿਟੀ ਨਾਲ ਮਿੱਟੀ ਹੋ ਗਏ ਹਨ ਪਰ ਉਨ੍ਹਾਂ ਦੀ ਜੀਵਆਤਮਾ ਸੰਸਾਰ ਵਿਚ ਚੰਗੇ ਮਾੜੇ ਕੀਤੇ ਕਰਮਾਂ ਦੇ ਗੁਣ ਔਗੁਣਾਂ ਨਾਲ ਯਾਦ ਕੀਤੀ ਜਾਂਦੀ ਹੈ। ਇਸ ਮਨ ਨੂੰ 'ਬੁੱਕਲ ਦਾ ਸੱਪ' ਵੀ ਕਿਹਾ ਗਿਆ ਹੈ। ਪਤਾ ਨਹੀਂ ਕਦੋਂ ਇਹ ਸਰੀਰ ਦੇ ਇੰਦਰਿਆਂ ਨੂੰ ਪਾਪ ਕਰਮਾਂ ਵਲ ਪਰੇਰ ਕੇ ਨਰਕਾਂ ਦੇ ਦਰਵਾਜ਼ੇ ਅੱਗੇ ਲਿਜਾ ਸੁੱਟੇ। ਇਸ ਅਜਿਤ ਸੂਰਮੇ ਨੂੰ ਜਿਤਣ ਲਈ ਲੋਕੀ ਜੰਗਲਾਂ ਵਿਚ ਵੀ ਗਏ, ਪਰ ਜਿੱਤ ਨਾ ਸਕੇ। ਇਸ ਨੂੰ ਜਿੱਤਣ ਲਈ ਤਾਂ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਨਾ ਪੈਂਦਾ ਹੈ।

***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥***

***ਪੰਨਾ – 298***

ਗੁਰ ਸ਼ਬਦ ਦੀ ਵੀਚਾਰ ਵਿਚ ਜੇ ਇਹ ਮਨ ਲਗਾ ਦਿਤਾ ਜਾਏ ਤਾਂ ਇਹ ਮਰ ਸਕਦਾ ਹੈ। ਵਰਨਾਂ ਲੱਖ ਯਤਨ ਕਰੀਏ ਇਹ ਨਹੀਂ ਮਰ ਸਕਦਾ। ਗੁਰੂ ਅਮਰਦਾਸ ਜੀ ਦਾ ਬਚਨ ਹੈ –

***ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ॥***
***ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ॥***
***ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ॥***
***ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ॥***

***ਪੰਨਾ – 1089***

ਚੌਥੇ ਸਤਿਗੁਰੂ ਜੀ ਇਸ ਮਨ ਨੂੰ ਪਿਆਰ ਨਾਲ ਸਮਝਾਉਂਦੇ ਕਹਿੰਦੇ ਹਨ, ਨਿਜ ਘਰ ਨੂੰ ਛੱਡ ਕੇ ਥਾਂ-ਥਾਂ ਭਟਕਣ ਵਾਲੇ, ਪਰਦੇਸੀ ਹੋਏ ਮਨਾਂ! ਆਪਣੇ ਅਸਲੀ ਘਰ ਨੂੰ ਪਰਤ ਆ। ਜੇ ਤੈਨੂੰ ਉਡਾਰੀਆਂ ਲਾਉਣ ਦਾ ਹੀ ਸ਼ੌਂਕ ਹੈ ਤਾਂ ਪ੍ਰਭੂ ਦੇ ਪ੍ਰੇਮ ਵਿਚ ਲੀਨ ਹੋ ਕੇ ਆਤਮ ਉਡਾਰੀਆਂ ਦਾ ਅਨੰਦ ਮਾਣ। ਜਦੋਂ ਤੈਨੂੰ ਪ੍ਰਮੇਸ਼ਰ ਸਰੂਪ ਸਤਿਗੁਰੂ ਮਿਲ ਪਿਆ ਤਾਂ ਤੈਨੂੰ ਇਹ ਗੱਲ ਸਮਝ ਆ ਜਾਏਗੀ ਕਿ ਸਭ ਸੁੱਖਾਂ ਦਾ ਦਾਤਾ ਪ੍ਰਮੇਸ਼ਰ ਤਾਂ ਤੇਰੇ ਨਾਲ ਵਸਦਾ ਹੈ। ਹੇ ਪਿਆਰੇ ਮਨਾ! ਜਿਸ ਮਨੁੱਖ ਤੇ ਗੁਰੂ ਮਿਹਰਵਾਨ ਹੋ ਜਾਵੇ, ਉਸ ਨੂੰ ਪ੍ਰਮੇਸ਼ਰ ਨਾਲ ਮਿਲਾ ਦਿੰਦਾ ਹੈ। ਬਚਨ ਹੈ –

***ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥***
***ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ।***
***ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ।***
***ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ॥***

***ਪੰਨਾ – 451***

ਸਤਿਗੁਰੂ ਜੀ ਨੇ ਇਸ ਨੂੰ ਮਿੱਤਰ ਇਸ ਲਈ ਆਖਿਆ ਹੈ ਕਿ ਇਸ ਦੀ ਹਾਜ਼ਰੀ ਤੋਂ ਬਿਨਾਂ ਅਸੀਂ ਪ੍ਰਮੇਸ਼ਰ ਤੋਂ ਕੁਝ ਪ੍ਰਾਪਤ ਨਹੀਂ ਕਰ ਸਕਦੇ। ਗੁਰ-ਪ੍ਰਮੇਸ਼ਰ ਦੀ ਸੇਵਾ, ਸਿਮਰਨ ਇਸ ਦੀ ਹਾਜ਼ਰੀ ਵਿਚ ਕੀਤਿਆਂ ਹੀ ਪ੍ਰਵਾਨ ਹੁੰਦੀ ਹੈ। ਜੇ ਇਸ ਨੂੰ ਪੂਰੀ ਤਰ੍ਹਾਂ ਸਤਿਗੁਰੂ ਦੇ ਚਰਨਾਂ ਵਿਚ ਭੇਟ ਕਰ ਦੇਈਏ ਤਾਂ ਇਹ ਸਾਰੇ ਕਾਰਜ ਰਾਸ ਕਰਾ ਦਿੰਦਾ ਹੈ।

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥*** ***ਪੰਨਾ – 286***

ਇਸ ਵਿਚ ਇੰਨੀ ਸ਼ਕਤੀ ਹੈ ਕਿ ਜੇ ਇਹ ਇਕਾਗਰ ਹੋ ਕੇ ਗੁਰੂ ਦੇ ਬਚਨ ਸੁਣ ਲਵੇ ਤੇ ਮੁੱਖ ਨਾਲ ਉਚਾਰਣ ਕਰੇ ਤਾਂ ਤਮਾਮ ਰਿੱਧੀਆਂ ਸਿੱਧੀਆਂ ਦੇ ਖਜ਼ਾਨੇ, ਸ੍ਰੇਸ਼ਟ ਗਿਆਨ ਧਿਆਨ, ਅਟੱਲ ਸੁਖਾਂ ਦੀ ਪ੍ਰਾਪਤੀ, ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ, ਧਰਮ ਅਰਥ ਕਾਮ ਮੋਖ ਤੋਂ ਇਲਾਵਾ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਕਰ ਸਕਦਾ ਹੈ, ਬਚਨ ਹੈ।

***ਖੇਮ ਸਾਂਤਿ ਰਿਧਿ ਨਵ ਨਿਧਿ॥***
***ਬੁਧਿ ਗਿਆਨੁ ਸਰਬ ਤਹ ਸਿਧਿ॥***
***ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥***
***ਗਿਆਨੁ ਸ੍ਰੇਸਟ ਊਤਮ ਇਸਨਾਨੁ।***
***ਚਾਰਿ ਪਦਾਰਥ ਕਮਲ ਪ੍ਰਗਾਸ॥***
***ਸਭ ਕੈ ਮਧਿ ਸਗਲ ਤੇ ਉਦਾਸ॥***
***ਸੁੰਦਰੁ ਚਤੁਰੁ ਤਤ ਕਾ ਬੇਤਾ॥***
***ਸਮਦਰਸੀ ਏਕ ਦ੍ਰਿਸਟੇਤਾ॥***
***ਇਹ ਫਲ ਤਿਸੁ ਜਨ ਕੈ ਮੁਖਿ ਭਨੇ॥***
***ਗੁਰ ਨਾਨਕ ਨਾਮ ਬਚਨ ਮਨਿ ਸੁਨੇ॥*** ***ਪੰਨਾ – 295***

ਕਈ ਵਾਰੀ ਇਹ ਮਨ ਨਿੱਕੇ ਨਿੱਕੇ ਆਸਰੇ ਹੀ ਭਾਲਦਾ ਹੈ। ਭਗਤ ਕਬੀਰ ਜੀ ਇਸ ਨੂੰ ਸਮਝਾਉਂਦੇ ਹਨ ਕਿ ਹੇ ਮਨਾ! ਤੇਰਾ ਛੁਟਕਾਰਾ ਤਾਂ ਪ੍ਰਮੇਸ਼ਰ ਦੀ ਸ਼ਰਨ ਵਿਚ ਜਾ ਕੇ ਹੀ ਹੋਣਾ ਹੈ ਜੋ ਕਿ ਇਸ ਕਾਇਨਾਤ ਵਿਚ ਸਭ ਤੋਂ ਵੱਡਾ ਹੈ। ਬਚਨ ਹੈ–

***ਨਾਵਣ ਕਉ ਤੀਰਥ ਘਨੇ ਮਨ ਬਉਰਾ ਰੇ***
***ਪੂਜਨ ਕਉ ਬਹੁ ਦੇਵ॥***
***ਕਹੁ ਕਬੀਰ ਛੂਟਨ ਨਹੀ ਮਨ ਬਉਰਾ ਰੇ***
***ਛੂਟਨ ਹਰਿ ਕੀ ਸੇਵ॥***

ਉਸ ਵੱਡੇ ਦੀ ਜੋਤ ਹੀ ਸਾਰੀ ਕਾਇਨਾਤ ਦੇ ਜੀਵਾਂ ਵਿਚ ਰਵ ਰਹੀ ਹੈ। ਉਸ ਵੱਡੇ ਦੇ ਕੌਤਕ ਵੀ ਨਿਰਾਲੇ ਹਨ। ਉਹ ਸਭ ਦੇ ਦਿਲਾਂ ਦੀਆਂ ਜਾਨਣਹਾਰ ਹੈ ਤੇ ਸੁਖਾਂ ਦਾ ਖਜ਼ਾਨਾ ਹੈ, ਹੇ ਮਨਾ! ਤੈਨੂੰ ਉਸ ਵੱਡੇ ਦੀ ਸਰਨ ਵਿਚ ਪੈ ਜਾਣਾ ਚਾਹੀਦਾ ਹੈ।

**L L L L L L L**

# ਪਵਿੱਤਰ ਪੈਂਡਾ

*ਮੂਲ ਲੇਖਕ – ਡਾ. ਸਵਾਮੀ ਰਾਮ ਜੀ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

## ਦਸਵਾਂ ਅਧਿਆਇ

## ਗੁਰ ਪ੍ਰਸਾਦਿ

ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਵਿਚ ਅਤੇ ਕਾਲ ਵਲ ਮੰਤਵ ਲੈ ਕੇ ਵਧਦੇ ਹੋਏ, ਕਾਲ ਵਲ ਪਹੁੰਚਦੇ ਹੋਏ, ਬੈਰਾਗ ਤੇ ਅਭਿਆਸ ਜਗਿਆਸੂ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਹਨ। ਜਦੋਂ ਜਗਿਆਸੂ ਇਨ੍ਹਾਂ ਦੋਨਾਂ ਨੂੰ ਸੱਚੇ ਤਰੀਕੇ ਨਾਲ ਅਪਨਾਅ ਲੈਂਦਾ ਹੈ ਦੂਸਰੀਆਂ ਚੀਜ਼ਾਂ ਦੀ ਸਹਾਇਤਾ ਆਪੇ ਆ ਜਾਂਦੀ ਹੈ। ਦੂਸਰੀ ਸਹਾਇਤਾ ਜਿਹੜੀ ਪ੍ਰਾਪਤ ਹੁੰਦੀ ਹੈ ਉਹ ਹੈ ਗੁਰੂ ਤੇ ਗੁਰ ਪ੍ਰਸਾਦਿ ਦੋਨੋਂ ਆਪਸ ਵਿਚ ਜੁੜੇ ਹੋਏ ਹਨ, ਇਕ ਨੂੰ ਦੂਸਰੇ ਨਾਲੋਂ ਨਖੇੜਿਆ ਨਹੀਂ ਜਾ ਸਕਦਾ। ਦੋਨੋਂ ਹੀ ਅਤਿ ਸੁੰਦਰ ਤੇ ਸੁਖਦਾਇਕ ਦੋਨੋਂ ਹੀ ਸ਼ਕਤੀਵਾਨ ਹਨ। ਬਹੁਤ ਵਾਰੀ ਦੋਨਾਂ ਨੂੰ ਹੀ ਠੀਕ ਤਰ੍ਹਾਂ ਨਹੀਂ ਸਮਝਿਆ ਜਾਂਦਾ।

ਪੱਛਮੀ ਸਭਿਅਤਾ ਨੇ ਪੂਰਬੀ ਪਰੰਪਰਾ ਨੂੰ ਪਿਛਲੇ ਤੀਹ ਸਾਲਾਂ ਤੋਂ ਅਪਣਾਇਆ ਹੈ ਪਰ ਉਨ੍ਹਾਂ ਨੇ ਗੁਰੂ ਨੂੰ ਕੇਵਲ ਇਕ ਅਧਿਆਪਕ ਹੀ ਸਮਝਿਆ ਹੈ। ਉਹ ਅਧਿਆਪਕ ਜਿਹੜਾ ਫਿਲੋਸਫੀ, ਧਿਆਨ ਲਗਾਉਣਾ ਤੇ ਹਠ ਯੋਗ ਜਾਣਦਾ ਹੋਵੇ ਤੇ ਇਸ ਪੱਖੋਂ ਗੁਰੂ ਆਪਣਾ ਗਿਆਨ ਵਿਦਿਆਰਥੀ ਨੂੰ ਦਿੰਦਾ ਹੈ, ਸਾਂਝਾ ਕਰਦਾ ਹੈ, ਗ੍ਰੰਥ ਪੜ੍ਹਾਉਂਦਾ ਹੈ, ਗ੍ਰੰਥਾਂ ਬਾਰੇ ਦਸਦਾ ਹੈ ਤੇ ਬਾਕੀ ਹੋਰ ਰੂਹਾਨੀ ਪਰੰਪਰਾਵਾਂ ਬਾਰੇ ਸੋਝੀ ਦਿੰਦਾ ਹੈ, ਪੱਛਮੀ ਵਿਦਿਆਰਥੀ ਭਾਵੇਂ ਅਧਿਆਪਕ ਤੇ ਨਿਰਭਰ ਹੋਣ, ਅਧਿਆਪਕ ਤੋਂ ਉਨ੍ਹਾਂ ਦੀਆਂ ਬਹੁਤ ਉਮੀਦਾਂ ਆਸਾ ਵੀ ਹੋਣ ਪਰ ਉਹ ਗੁਰੂ ਨੂੰ ਕੇਵਲ ਇਕ ਅਧਿਆਪਕ ਹੀ ਸਮਝਦੇ ਹਨ।

ਪੁਰਾਣੇ ਸਮਿਆਂ ਵਿਚ ਵਿਦਿਆਰਥੀ ਗੁਰੂ-ਕੁਲਾਂ ਵਿਚ ਰਹਿ ਕੇ ਹੀ ਸਿਖਿਆ ਪ੍ਰਾਪਤ ਕਰਦੇ ਸਨ। ਸਿਸ਼ ਗੁਰੂ ਨਾਲ ਬਹੁਤ ਛੋਟੀ ਅਵਸਥਾ ਤੋਂ ਹੀ ਰਹਿੰਦੇ ਸੀ। ਉਨ੍ਹਾਂ ਨੂੰ ਕੇਵਲ ਬੁੱਧੀ ਦੇ ਪੱਧਰ ਤੇ ਹੀ ਸਿਖਿਆ ਨਹੀਂ ਸੀ ਮਿਲਦੀ, ਉਨ੍ਹਾਂ ਨੂੰ ਰੂਹਾਨੀ ਸਿਖਿਆ ਵੀ ਦਿਤੀ ਜਾਂਦੀ ਸੀ ਤੇ ਉਨ੍ਹਾਂ ਦੀ ਸਿਹਤ ਤੇ ਸੁਆਰਥ ਦਾ ਵੀ ਧਿਆਨ ਰੱਖਿਆ ਜਾਂਦਾ ਸੀ। ਗੁਰੂ ਦਾ ਬਹੁਤ ਗਹਿਰਾ ਤੇ ਨੇੜੇ ਦਾ ਸਬੰਧ ਆਪਣੇ ਸ਼ਿਸ਼ ਨਾਲ ਸੀ, ਗੁਰੂ ਉਨ੍ਹਾਂ ਦੀਆਂ ਸਾਰੀਆਂ ਆਦਤਾਂ ਹੀ ਨਹੀਂ ਸੀ ਜਾਣਦਾ, ਉਨ੍ਹਾਂ ਦੇ ਅੰਦਰ ਦੀ ਸ਼ਕਤੀ ਵੀ ਪੂਰੀ ਤਰ੍ਹਾਂ ਜਾਣਦਾ ਸੀ।

ਅੱਜ ਦੇ ਜੀਵਨ ਵਿਚ ਕੋਈ ਰੂਹਾਨੀ ਵਾਤਾਵਰਣ ਨਹੀਂ ਹੈ ਜਿਥੇ ਜਗਿਆਸੂ ਚੁੱਪ ਤੇ ਇਕਾਗਰ ਹੋ ਸਕੇ ਤੇ ਅੰਦਰ ਦੀ ਭਰਪੂਰਤਾ ਖੋਜ ਸਕੇ। ਬਾਹਰ ਦਾ ਲੋਭ ਲਾਲਚ ਜਗਿਆਸੂ ਲਈ ਵਿਘਨ ਪੈਦਾ ਕਰਦਾ ਹੀ ਹੈ। ਅੱਜ ਦੀ ਸਿਖਿਆ ਕੇਵਲ ਯਾਦ ਕਰਨ ਤੇ ਘੋਟਾ ਲਾਉਣ ਤੇ ਹੀ ਜ਼ੋਰ ਦਿੰਦੀ ਹੈ, ਅੰਦਰ ਦੇ ਵਿਕਾਸ ਲਈ ਅੱਜ ਦੀ ਸਿਖਿਆ ਬਿਲਕੁਲ ਚੁੱਪ ਹੈ। ਪਿਛਲੇ ਸਮੇਂ ਦਾ ਗੁਰੂ-ਕੁਲ ਦਾ ਤਰੀਕਾ ਅੱਜ ਦੇ ਸਮੇਂ ਨਹੀਂ ਚਲ ਸਕਦਾ ਪਰ ਇਕ ਸੰਪੂਰਨ ਤਰੀਕਾ ਅੱਜ ਦੇ ਸਮੇਂ ਲਈ ਹੋਣਾ ਚਾਹੀਦਾ ਹੈ, ਜਿਸ ਨਾਲ ਅਧਿਆਤਮਕ ਵਿਕਾਸ ਹੁੰਦਾ ਹੈ ਤੇ ਨਾਲ ਨਾਲ ਬੁੱਧੀ ਦਾ ਵਿਕਾਸ ਹੁੰਦਾ ਹੈ ਤੇ ਚੰਗੀ ਸਿਹਤ ਬਣਾਉਣ ਦਾ ਵੀ ਮਾਰਗ ਦਰਸ਼ਨ ਹੁੰਦਾ ਹੈ। ਪੂਰਬ ਦੀ ਪਰੰਪਰਾ ਅਨੁਸਾਰ ਗੁਰੂ ਇਕ ਅਧਿਆਪਕ ਤੋਂ ਕਿਤੇ ਵੱਧ ਹੁੰਦਾ ਹੈ, ਗੁਰੂ ਇਕ ਸ਼ਕਤੀ ਹੈ ਜਿਹੜੀ ਜਗਿਆਸੂ ਨੂੰ ਇਕ ਭਰਪੂਰਤਾ ਵਲ ਲੈ ਜਾ ਰਹੀ ਹੈ, ਸੰਪੂਰਨਤਾ ਵਲ ਲੈ ਜਾ ਰਹੀ ਹੈ ਉਨ੍ਹਾਂ ਦੀ ਹੋਂਦ ਨੂੰ ਪੂਰਾ ਆਕਾਰ ਦੇਣ ਜਾ ਰਹੀ ਹੈ। ਇਸ ਮਨੋਵੇਗ ਦੀ ਸ਼ਕਤੀ ਦਾ ਮੂਲ ਬਖਸ਼ਿਸ਼ ਹੁੰਦਾ ਹੈ।

ਗੁਰੂ ਦੋ ਸ਼ਬਦਾਂ ਨੂੰ ਮਿਲ ਕੇ ਬਣਿਆ ਹੈ ਗੁ+ਰੂ ਗੁ ਤੋਂ ਭਾਵ ਹੈ ਹਨ੍ਹੇਰਾ ਰੂ ਤੋਂ ਭਾਵ ਹੈ – ਰੋਸ਼ਨੀ। ਉਹ ਸ਼ਕਤੀ ਜਿਹੜੀ ਹਨ੍ਹੇਰੇ ਤੋਂ ਚਾਨਣ ਵਲ ਲੈ ਜਾਵੇ ਜਿਹੜਾ ਅਗਿਆਨ ਤੋਂ ਕੱਢ ਕੇ ਗਿਆਨ ਵਿਚ ਲੈ ਜਾਵੇ, ਉਹ ਸ਼ਕਤੀ, ਉਹ ਕਰਮ ਜਿਹੜੇ ਅਗਿਆਨ ਦਾ ਹਨ੍ਹੇਰਾ ਦੂਰ ਕਰਨ। ਗੁਰੂ ਕੋਈ ਮਨੁੱਖ ਨਹੀਂ ਹੁੰਦਾ ਉਹ ਤਾਂ ਬਖਸ਼ਿਸ਼ ਦੇ ਰੂਪ ਵਿਚ ਸ਼ਕਤੀ ਹੈ।

ਇਸ ਨੂੰ ਦੂਸਰੇ ਤਰੀਕੇ ਨਾਲ ਵੀ ਕਿਹਾ ਜਾ ਸਕਦਾ ਹੈ, ਉਹ ਹੈ ਸਾਰੇ ਵਿਸ਼ਵ ਵਿਚ ਇਕ ਅਵੇਗ ਚਲ ਰਿਹਾ ਹੈ ਜਿਹੜਾ ਸਾਰੀ ਮਾਨਵਤਾ ਨੂੰ ਪ੍ਰਮਾਤਮਾ ਦੇ ਪਾਸੇ ਲੈ ਜਾ ਰਿਹਾ ਹੈ, ਗੁਰੂ ਬੁਧਿ ਹੈ, ਹਰੇਕ ਮਨੁੱਖ ਉਸ ਨੂੰ ਕਿਸ ਤਰ੍ਹਾਂ ਲੈਂਦਾ ਹੈ, ਲੈਣ ਦੀ ਸਮਝਣ ਦੀ ਸ਼ਕਤੀ ਰਖਦਾ ਹੈ, ਇਹ ਹਰੇਕ ਲਈ ਵੱਖ ਵੱਖ ਹੈ। ਕੌਣ ਕਿੰਨਾਂ ਤੇ ਕਿਸ ਤਰ੍ਹਾਂ ਮਨੁੱਖ ਲਈ ਪਾਤਰ ਬਣਦਾ ਹੈ ਇਹ ਇਸ ਗੱਲ ਤੇ ਨਿਰਭਰ ਹੈ ਕਿ ਉਸ ਦੀ ਕਿੰਨੀ ਤਿਆਰੀ ਹੈ, ਉਸ ਦੇ ਅੰਦਰ ਕਿੰਨਾ ਬੈਰਾਗ, ਕਿੰਨਾ ਨਿਰਮੋਹ ਜਾਂ ਉਹ ਕਿੰਨਾ ਮੋਹ ਤੋਂ ਮੁਕਤ ਹੋ ਚੁੱਕਾ ਹੈ, ਕਿੰਨਾ ਉਸ ਦਾ ਅਭਿਆਸ ਹੈ। ਗੁਰੂ ਸਦਾ ਹੀ ਹੁੰਦਾ ਹੈ, ਰਹਿੰਦਾ ਹੈ ਜਗਿਆਸੂ ਭਾਵੇਂ ਹਾਲੀ ਤਿਆਰ ਨਾ ਹੋਵੇ, ਉਹ ਲੈਣ ਵਾਸਤੇ ਜੋ ਗੁਰੂ ਨੇ ਦੇਣਾ ਹੈ। ਜਦੋਂ ਜਗਿਆਸੂ ਤਿਆਰ ਹੁੰਦਾ ਹੈ, ਗੁਰੂ ਸਹਾਇਤਾ ਲਈ ਆ ਜਾਂਦਾ ਹੈ ਤੇ ਸ਼ਿਸ਼ ਦੀ ਸਹਾਇਤਾ ਕਰਦਾ ਹੈ, ਜੋ ਵੀ ਸਹਾਇਤਾ ਉਸ ਨੂੰ ਚਾਹੀਦੀ ਹੋਵੇ ਜਿਹੜੀ ਵੀ ਉਸ ਦੀ ਤਰੱਕੀ ਲਈ ਲੋੜੀਂਦੀ ਹੋਵੇ ਜਿਹੜੀ ਵੀ ਉਸ ਦੇ ਅਗਿਆਨ ਦਾ ਪੜਦਾ ਹਟਾ ਦੇਵੇ, ਇਹ ਕਿਹਾ ਜਾਂਦਾ ਹੈ ਕਿ ਜਦੋਂ ਦੀਵੇ ਵਿਚ ਤੇਲ ਪਿਆ ਹੋਵੇ, ਬੱਤੀ ਲੱਗੀ ਹੋਵੇ ਗੁਰੂ ਆ ਕੇ ਉਸ ਨੂੰ ਜਗਾ ਦਿੰਦਾ ਹੈ।

ਗੁਰੂ ਕੋਈ ਮਨੁੱਖ ਨਹੀਂ ਹੈ ਪਰ ਉਹ ਮਨੁੱਖ ਦਾ ਰੂਪ ਧਾਰਨ ਕਰ ਸਕਦਾ ਹੈ ਜਿਸ ਨੇ ਆਪਣੀ ਅਧਿਆਤਮਕ ਸੋਝੀ ਪੂਰੀ ਤਰ੍ਹਾਂ ਵਿਸਤ੍ਰਿਤ ਕਰ ਲਈ ਹੋਵੇ, ਉਚੀ ਅਵਸਥਾ ਤੇ ਪਹੁੰਚ ਗਿਆ ਹੋਵੇ, ਉਹ ਦੂਸਰਿਆਂ ਦਾ ਮਾਰਗ ਦਰਸ਼ਨ ਕਰ ਸਕਦਾ ਹੈ ਤੇ ਉਸ ਨੂੰ ਗੁਰੂ ਕਿਹਾ ਜਾ ਸਕਦਾ ਹੈ, ਜਿਹੜਾ ਅੰਦਰ ਦੀ ਸੂਖਮਤਾ ਨੂੰ ਜਾਣਦਾ ਹੋਵੇ ਉਹ ਹੀ ਦੂਸਰਿਆਂ ਨੂੰ ਪ੍ਰੇਰਣਾ ਦੇ ਸਕਦਾ ਹੈ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕਦਾ ਹੈ। ਗੁਰੂ ਦੇਹ ਨਹੀਂ ਹੈ, ਜੇ ਗੁਰੂ ਇਹ ਸੋਚਣਾ ਸ਼ੁਰੂ ਕਰ ਦੇਵੇ ਕਿ ਇਹ ਉਸ ਦੀ ਸ਼ਕਤੀ ਹੈ ਇਹ ਉਹ ਆਪ ਕਰ ਰਿਹਾ ਹੈ ਫੇਰ ਉਹ ਪੱਥ ਪਰਦਰਸ਼ਕ ਨਹੀਂ ਰਹਿੰਦੀ, ਗੁਰੂ ਇਕ ਪਰੰਪਰਾ ਹੈ, ਗਿਆਨ ਦਾ ਪ੍ਰਵਾਹ ਹੈ।

ਭਾਰਤ ਵਿਚ ਗੁਰੂ ਇਕ ਪਵਿੱਤਰ ਸ਼ਬਦ ਹੈ ਜੋ ਬੜੇ

ਸਤਿਕਾਰ ਨਾਲ ਵਰਤਿਆ ਜਾਂਦਾ ਹੈ ਤੇ ਗੁਰੂ ਸ਼ਬਦ ਗਿਆਨ ਦਾ ਪ੍ਰਤੀਕ ਹੈ। ਗੁਰੂ ਇਕ ਬਹੁਤ ਹੀ ਖਾਸ ਸਥਾਨ ਰੱਖਣ ਵਾਲੀ ਹਸਤੀ ਹੈ। ਗੁਰੂ ਤੇ ਸ਼ਿਸ਼ ਦੇ ਰਿਸ਼ਤੇ ਵਰਗਾ ਹੋਰ ਕੋਈ ਰਿਸ਼ਤਾ ਹੀ ਨਹੀਂ। ਇਹ ਕਿਹਾ ਜਾਂਦਾ ਹੈ ਕਿ ਗੁਰੂ ਮਾਂ ਨਹੀਂ, ਪਿਤਾ ਨਹੀਂ, ਪੁੱਤਰ ਨਹੀਂ, ਧੀ ਨਹੀਂ। ਗੁਰੂ ਕਿਸੇ ਵੀ ਮਰਿਆਦਾ ਅਨੁਸਾਰ ਦੋਸਤ ਨਹੀਂ ਪਰ ਬਹੁਤ ਵਾਰੀ ਇਹ ਕਿਹਾ ਜਾਂਦਾ ਹੈ ਗੁਰੂ ਪਿਤਾ ਹੈ, ਮਾਤਾ ਹੈ, ਪੁੱਤਰ ਹੈ, ਧੀ ਹੈ, ਮਿਤ੍ਰ ਹੈ, ਸਭ ਕੁਝ ਹੈ, ਗੁਰੂ ਸੂਰਜ ਹੈ, ਚੰਦਰਮਾ ਹੈ, ਆਕਾਸ਼ ਹੈ, ਧਰਤੀ ਹੈ, ਆਪਣੇ ਸ਼ਿਸ਼ ਲਈ ਸਭ ਕੁਝ ਹੈ।

ਵਾਸਤਵ ਵਿਚ ਗੁਰੂ ਸ਼ਿਸ਼ ਦਾ ਰਿਸ਼ਤਾ ਸ਼ਬਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ, ਇਹ ਸਬੰਧ ਇਸ ਸੰਸਾਰ ਤੋਂ ਅੱਗੇ ਤਕ ਦਾ ਸਬੰਧ ਹੈ ਕਾਲ ਤੋਂ ਪਰ੍ਹੇ ਦਾ, ਕਰਮਾਂ ਦੇ ਬੰਧਨ ਤੋਂ ਪਰ੍ਹੇ ਦਾ ਸਬੰਧ ਹੈ, ਪਰਿਵਾਰ ਦੇ ਬੰਧਨ ਤੋਂ ਬਾਹਰ ਮਿਤਰਾਂ ਤੋਂ ਬਾਹਰ ਦਾ ਸਬੰਧ ਹੈ। ਮਾਤਾ ਪਿਤਾ ਸਰੀਰ ਨੂੰ ਪਾਲਦੇ ਹਨ, ਵੱਡਾ ਕਰਦੇ ਹਨ, ਬੱਚੇ ਦਾ ਪੱਥ ਪਰਦਰਸ਼ਕ ਕਰਦੇ ਹਨ, ਉਸਦੇ ਮੁਢਲੇ ਸਾਲ ਬੜੀ ਸੂਝ ਨਾਲ ਨਿਖਾਰਦੇ ਹਨ। ਗੁਰੂ ਪਾਲਦਾ ਹੈ ਸਿਖਿਆ ਦਿੰਦਾ ਹੈ, ਆਤਮਾ ਦਾ ਪੱਥ ਪਰਦਰਸ਼ਨ ਕਰਦਾ ਹੈ ਤੇ ਜੀਵਨ ਮੁਕਤ ਕਰਾਉਂਦਾ ਹੈ।

ਗੁਰੂ ਨਾਲ ਸਬੰਧ ਬੜਾ ਹੀ ਸ਼ੁਧ ਤੇ ਸ਼ਰਤਾਂ ਰਹਿਤ ਪਿਆਰ ਭਰਿਆ ਹੁੰਦਾ ਹੈ। ਗੁਰੂ ਨਾਲ ਕੋਈ ਪੜਦਾ ਨਹੀਂ ਹੁੰਦਾ, ਪੂਰਾ ਇਕ ਖੁਲ੍ਹਾ ਤੇ ਸਾਫ ਰਿਸ਼ਤਾ ਹੁੰਦਾ ਹੈ। ਸ਼ਿਸ਼ ਨੂੰ ਚਾਹੀਦਾ ਹੈ ਗੁਰੂ ਕੋਲੋਂ ਕੁਝ ਨਾ ਛੁਪਾ ਕੇ ਰੱਖੇ, ਇਸੇ ਕਰਕੇ ਪਰੰਪਰਾਗਤ ਸ਼ਿਸ਼ ਜਦੋਂ ਗੁਰੂ ਕੋਲ ਕੁਝ ਲੈ ਕੇ ਜਾਂਦਾ ਹੈ, ਉਹ ਸੁੱਕੀਆਂ ਲਕੜੀਆਂ ਦਾ ਗੱਠਾ ਲੈ ਕੇ ਜਾਂਦਾ ਹੈ ਉਨ੍ਹਾਂ ਨੂੰ ਫੂਕਣ ਵਾਸਤੇ। ਇਸ ਸੁੱਕੀ ਲੱਕੜੀ ਦੇ ਗੱਠੇ ਤੋਂ ਭਾਵ ਇਹ ਹੈ ਜੋ ਕੁਝ ਵੀ ਸ਼ਿਸ਼ ਕੋਲ ਹੈ ਉਹ ਬਿਨਾਂ ਕਿਸੇ ਸ਼ਰਤ ਦੇ ਗੁਰੂ ਨੂੰ ਅਰਪਣ ਹੈ। ਸਭ ਕੁਝ ਗੁਰੂ ਦੀ ਭੇਟ ਹੈ ਤਾਂ ਜੋ ਗੁਰੂ ਸ਼ਿਸ਼ ਨੂੰ ਅਧਿਆਤਮਕ ਪੱਖੋਂ ਘੜ ਕੇ ਤਿਆਰ ਕਰਨਾ ਸ਼ੁਰੂ ਕਰ ਦੇਵੇ। ਸ਼ਿਸ਼ ਪੂਰੀ ਨਿਸ਼ਠਾ, ਪੂਰੇ ਭਰੋਸੇ ਨਾਲ ਗੁਰੂ ਕੋਲ ਆਉਂਦਾ ਹੈ ਤੇ ਆਪਣਾ ਸਾਰਾ ਜੀਵਨ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦਿੰਦਾ ਹੈ। ਗੁਰੂ ਉਸ ਜੀਵਨ ਨੂੰ ਸਵੀਕਾਰ ਕਰਕੇ ਉਸ ਨੂੰ ਕੱਟ ਕੇ, ਘੜ ਕੇ, ਸਾੜ ਕੇ ਜੋ ਨਹੀਂ ਚਾਹੀਦਾ ਜੋ ਵੀ ਫਾਲਤੂ ਹੈ ਉਸ ਨੂੰ ਲਾਹ ਕੇ ਉਸ ਤੋਂ ਬਾਅਦ ਬੜੀ ਸਮਝ ਨਾਲ, ਸੋਝੀ ਨਾਲ ਜੋ ਰਹਿ ਗਿਆ ਹੈ ਉਸ ਨੂੰ ਤਰਾਸ਼ਦਾ ਹੈ ਤੇ ਪਵਿੱਤਰ ਬਣਾਉਂਦਾ ਹੈ।

ਇਸ ਕੱਟਣ ਦੇ ਕੰਮ ਵਿਚ ਫੂਕਣ ਦੇ ਕੰਮ ਵਿਚ ਗੁਰੂ ਕਾਫੀ ਨਿਰਦੈਯਤਾ ਦਿਖਾਉਂਦਾ ਹੈ। ਗੁਰੂ ਦਾ ਕੰਮ ਇਹ ਨਹੀਂ ਕਿ ਉਹ ਸ਼ਿਸ਼ ਦਾ ਹੱਥ ਫੜੇ ਤੇ ਉਸ ਦੇ ਹੰਝੂ ਪੂੰਝੇ, ਗੁਰੂ ਦਾ ਕੰਮ ਹੈ ਸ਼ਿਸ਼ ਦੀ ਹਉਮੈ ਨੂੰ ਖਤਮ ਕਰੇ ਤੇ ਉਹ ਸਭ ਕੁਝ ਖਤਮ ਕਰੇ ਜਿਹੜਾ ਸ਼ਿਸ਼ ਤੇ ਉਸ ਦੀ ਸੁਤੰਤਰਤਾ ਦੇ ਦਰਮਿਆਨ ਇਕ ਦੀਵਾਰ ਬਣੀ ਪਈ ਹੈ। ਗੁਰੂ ਨਿਰਭਰਤਾ ਨਹੀਂ ਚਾਹੁੰਦਾ। ਜੇ ਸ਼ਿਸ਼ ਗੁਰੂ ਤੇ ਵਧੇਰੇ ਨਿਰਭਰ ਹੋ ਜਾਵੇ ਗੁਰੂ ਸ਼ਿਸ਼ ਨੂੰ ਧੱਕੇ ਮਾਰ ਕੇ ਸੁਤੰਤਰ ਹੋਣ ਲਈ ਮਜ਼ਬੂਰ ਕਰਦਾ ਹੈ, ਗੁਰੂ ਸ਼ਿਸ਼ ਦਾ ਪਿਆਰ ਇਕ ਬੇਮਿਸਾਲ ਪਿਆਰ ਦਾ ਪ੍ਰਗਟਾਵਾ ਹੈ।

ਆਤਮ ਮਾਰਗ ਤੇ ਗੁਰੂ ਨਾਲ ਚਲਣਾ ਕੋਈ ਸੌਖਾ ਕੰਮ ਨਹੀਂ ਹੈ, ਕੋਈ ਬਹੁਤ ਸੁਹਾਵਣਾ ਵੀ ਨਹੀਂ ਹੈ, ਗੁਰੂ ਸ਼ਿਸ਼ ਨੂੰ ਕਸਵੱਟੀ ਲਾਉਂਦਾ ਹੈ, ਔਖੀ ਤੋਂ ਔਖੀ ਅਵਸਥਾ ਵਿਚ ਪਾਏਗਾ, ਔਕੜਾਂ ਖੜ੍ਹੀਆਂ ਕਰੇਗਾ। ਇਹ ਸਭ ਔਕੜਾਂ ਇਮਤਿਹਾਨ ਕਸਵੱਟੀਆਂ ਸ਼ਿਸ਼ ਨੂੰ ਸਿਖਿਆ ਦੇਣ ਲਈ ਹੀ ਹਨ, ਸ਼ਿਸ਼ ਦੀ ਚੇਤਨਤਾ ਵਿਸਤ੍ਰਿਤ ਕਰਨ ਵਾਸਤੇ ਹੀ ਹੁੰਦੀਆਂ ਹਨ।

ਗੁਰੂ ਦਾ ਕੇਵਲ ਇਹ ਹੀ ਕੰਮ ਹੈ, ਗੁਰੂ ਨੂੰ ਸ਼ਿਸ਼ ਕੋਲੋਂ ਕੁਝ ਨਹੀਂ ਚਾਹੀਦਾ, ਗੁਰੂ ਉਹ ਸ਼ਕਤੀ ਹੈ ਜਿਹੜੀ ਜੀਵ-ਆਤਮਾ ਨੂੰ ਗਿਆਨ ਵਲ ਪ੍ਰੇਰਦੀ ਹੈ ਤੇ ਲੈ ਜਾਂਦੀ ਹੈ, ਗੁਰੂ ਦੇ ਸਭ ਕੰਮ ਦਇਆ ਭਰਪੂਰ ਹੁੰਦੇ ਹਨ। ਜਿਵੇਂ ਸੂਰਜ ਐਨਾ ਉਪਰ ਹੁੰਦਾ ਹੋਇਆ ਚਮਕਦਾ ਹੈ ਤੇ ਸਭ ਨੂੰ ਗਰਮੀ ਤੇ ਰੋਸ਼ਨੀ ਦਿੰਦਾ ਹੈ ਠੀਕ ਉਸੇ ਤਰ੍ਹਾਂ ਹੀ ਗੁਰੂ ਰੂਹਾਨੀ ਪਿਆਰ ਦਿੰਦਾ ਹੋਇਆ ਮੋਹ ਤੋਂ ਮੁਕਤ ਰਹਿੰਦਾ ਹੈ।

ਗੁਰੂ ਅਧਿਆਤਮਕ ਪਿਆਰ ਦਾ ਇਕ ਮਾਧਿਆਮ ਹੈ, ਈਸਾ ਜੀ ਬਾਰ-ਬਾਰ ਆਪਣੇ ਸ਼ਿਸ਼ਾਂ ਨੂੰ ਯਾਦ ਕਰਾਉਂਦੇ ਸੀ, ਮੈਂ ਆਪਣੇ ਵਲੋਂ ਕੁਝ ਨਹੀਂ ਕਹਿ ਰਿਹਾ, ਮੈਂ ਤਾਂ ਆਪਣੇ ਪਿਤਾ ਬਾਰੇ ਕਹਿ ਰਿਹਾ ਹਾਂ ਜਿਸ ਨੇ ਮੈਨੂੰ ਭੇਜਿਆ ਹੈ। ਪਿਤਾ ਪਿਆਰ ਦਾ ਸੋਮਾ ਹੈ। ਈਸਾ ਜੀ ਬ੍ਰਹਮਗਿਆਨੀ ਹੁੰਦੇ ਹੋਏ ਉਸ ਗਿਆਨ ਦੇ ਜਾਣੂ ਸਨ।

ਕੋਈ ਵੀ ਮਨੁੱਖ ਕਦੀ ਗੁਰੂ ਨਹੀਂ ਬਣ ਸਕਦਾ। ਗੁਰੂ ਕੋਈ ਮਾਨਵ ਅਨੁਭਵ ਨਹੀਂ ਜਾਂ ਇਹ ਕਹਿ ਲਓ ਗੁਰੂ ਕੋਈ ਗਿਆਨ ਇੰਦ੍ਰੀਆਂ ਦਾ ਅਨੁਭਵ ਨਹੀਂ, ਗੁਰੂ ਹੋਣਾ ਇਕ ਇਲਾਹੀ ਇਕ ਦੈਵੀ ਅਨੁਭਵ ਹੈ। ਗੁਰੂ ਆਪਣੇ ਆਪ ਨੂੰ ਇਕ ਕਾਰਣ ਇਕ ਮਾਧਿਅਮ ਵਜੋਂ ਵਰਤੋਂ ਕਰਨ ਲਈ ਤਿਆਰ ਹੁੰਦਾ ਜਿਹੜਾ ਗਿਆਨ ਪ੍ਰਾਪਤ ਕਰ ਚੁੱਕਾ ਹੈ ਤੇ ਅੱਗੇ ਉਹ ਗਿਆਨ ਸ਼ਿਸ਼ ਨੂੰ ਦੇ ਰਿਹਾ ਹੈ, ਉਸ ਇਕ ਦੀ ਮਿਹਰ ਨਾਲ ਸ਼ਕਤੀਆਂ ਦੀ ਸ਼ਕਤੀਮਾਨ ਬਣ ਕੇ ਵਿਚਰ ਰਿਹਾ ਹੁੰਦਾ ਹੈ। ਫੇਰ ਗੁਰੂ ਪ੍ਰਗਟ ਹੁੰਦਾ ਹੈ, ਉਹ ਨਿਸੁਆਰਥੀ ਹੁੰਦਾ ਹੈ, ਪਿਆਰ ਕਰਨ ਵਾਲਾ ਹੁੰਦਾ ਹੈ, ਪਿਆਰ ਕਰਨਾ ਪਰ ਕਿਸੇ ਚੀਜ਼ ਦੀ ਉਮੀਦ ਨਹੀਂ ਰਖਣੀ, ਆਸ ਨਹੀਂ ਰੱਖਣੀ, ਸੱਚਾ ਗੁਰੂ ਇਸ ਤਰ੍ਹਾਂ ਹੀ ਰਹਿੰਦਾ ਹੈ ਨਿਸੁਆਰਥੀ ਪਿਆਰ ਹੀ ਉਨ੍ਹਾਂ ਦੇ ਗਿਆਨ ਦਾ ਅਧਾਰ ਹੈ ਤੇ ਉਨ੍ਹਾਂ ਦੇ ਗਿਆਨ ਦੇ ਮਾਧਿਅਮ ਹੋਣ ਦਾ ਅਧਾਰ ਹੈ।

ਗੁਰੂ ਆਦਰਸ਼ ਨਹੀਂ, ਮੰਤਵ ਨਹੀਂ ਜੇ ਕੋਈ ਆਪਣੇ ਆਪ ਨੂੰ ਗੁਰੂ ਬਣ ਕੇ ਪੂਜਾ ਕਰਾਉਂਦਾ ਹੈ, ਉਹ ਗੁਰੂ ਨਹੀਂ ਹੈ। ਈਸਾ ਜੀ, ਬੁੱਧ ਜਾਂ ਹੋਰ ਕੋਈ ਵੀ ਉਹੋ ਜਿਹੀ ਹਸਤੀ ਨੇ ਇਹੋ ਜਿਹਾ ਉਦਾਹਰਣ ਨਹੀਂ ਦਿਤਾ। ਗੁਰੂ ਇਕ ਬੇੜੀ ਹੈ ਜਿਸ ਵਿਚ ਬੈਠ ਕੇ ਦਰਿਆ ਪਾਰ ਕਰਨਾ ਹੈ। ਦਰਿਆ ਪਾਰ ਕਰਨ ਲਈ ਚੰਗੀ ਬੇੜੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਬੇੜੀ ਟੁੱਟੀ ਹੋਵੇ, ਛੇਕ ਹੋਣ ਤਾਂ ਉਹ ਬਹੁਤ ਖਤਰਨਾਕ ਹੋ ਸਕਦੀ ਹੈ। ਬੇੜੀ ਤੁਹਾਨੂੰ ਨਦੀ ਪਾਰ ਕਰਾ ਦਿੰਦੀ ਹੈ, ਜਦੋਂ ਨਦੀ ਪਾਰ ਹੋ ਜਾਂਦੀ ਹੈ, ਬੇੜੀ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਤੁਸੀਂ ਬੇੜੀ ਨੂੰ ਲੈ ਕੇ ਹੀ ਨਹੀਂ ਬੈਠੇ ਰਹਿੰਦੇ, ਜਦੋਂ ਤੁਸੀਂ ਦਰਿਆ ਪਾਰ ਕਰ ਲੈਂਦੇ ਹੋ ਤੇ ਤੁਸੀਂ ਬੇੜੀ ਦੀ ਪੂਜਾ ਨਹੀਂ ਕਰਨ ਲਗ ਪੈਂਦੇ।

ਬਹੁਤ ਵਾਰੀ ਸ਼ਿਸ਼ ਕੁਝ ਸੋਚ ਕੇ ਆਉਂਦਾ ਹੈ ਕਿ ਗੁਰੂ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਇਹ ਵੀ ਸੋਚ ਕੇ ਆਉਂਦੇ ਹਨ ਕਿ ਗੁਰੂ ਉਨ੍ਹਾਂ ਲਈ ਕੀ ਕਰੇ ਤੇ ਕਰ ਸਕਦਾ ਹੈ। ਸ਼ਾਇਦ ਉਹ ਚਾਹੁੰਦੇ ਹਨ ਗੁਰੂ ਉਨ੍ਹਾਂ ਨੂੰ ਬਹੁਤ ਸਾਰਾ ਧਿਆਨ ਦੇਵੇ, ਸਮਾਂ ਦੇਵੇ, ਉਨ੍ਹਾਂ ਲਈ ਫੈਸਲੇ ਕਰੇ ਉਨ੍ਹਾਂ ਦੇ

ਸਾਰੇ ਝਗੜੇ ਸਾਂਝੇ ਜਿਹੜੇ ਉਨ੍ਹਾਂ ਨੇ ਆਪ ਖੜ੍ਹੇ ਕੀਤੇ ਹੋਏ ਹਨ। ਕਈ ਵਾਰੀ ਸ਼ਿਸ਼ ਇਹ ਚਾਹੁੰਦਾ ਹੈ ਕਿ ਗੁਰੂ ਇਕ ਖਾਸ ਤਰ੍ਹਾਂ ਉਨ੍ਹਾਂ ਨਾਲ ਵਿਵਹਾਰ ਕਰੇ। ਜਦੋਂ ਇਹ ਗੱਲਾਂ ਨਹੀਂ ਹੁੰਦੀਆਂ, ਉਨ੍ਹਾਂ ਦੇ ਬਣੇ ਵਿਚਾਰਾਂ ਅਨੁਸਾਰ ਗੁਰੂ ਵਿਵਹਾਰ ਨਹੀਂ ਕਰਦਾ, ਸ਼ਿਸ਼ ਦੁਖੀ ਹੋ ਜਾਂਦਾ ਹੈ, ਕਈ ਵਾਰੀ ਗੁਰੂ ਨੂੰ ਛੱਡ ਕੇ ਵੀ ਚਲਾ ਜਾਂਦਾ ਹੈ।

ਗੁਰੂ ਕੋਲ ਜਾਣ ਦਾ ਇਹ ਕੋਈ ਠੀਕ ਤਰੀਕਾ ਨਹੀਂ, ਸ਼ਿਸ਼ ਨੂੰ ਕਿਸੇ ਕਿਸਮ ਦੀ ਆਸ ਨਹੀਂ ਰਖਣੀ ਚਾਹੀਦੀ, ਕੋਈ ਵਿਚਾਰ ਪਹਿਲੇ ਨਹੀਂ ਬਣਾ ਕੇ ਰਖਣੇ ਚਾਹੀਦੇ। ਗੁਰੂ ਕੋਲ ਤਾਂ ਸਿੱਖਣ ਦੀ ਪ੍ਰਬਲ ਇੱਛਾ ਲੈ ਕੇ ਜਾਣਾ ਚਾਹੀਦਾ ਹੈ, ਦ੍ਰਿੜ੍ਹ ਵਿਸ਼ਵਾਸ਼ ਲੈ ਕੇ ਜਾਣਾ ਚਾਹੀਦਾ ਹੈ ਫੇਰ ਕੋਈ ਔਖਿਆਈ ਨਹੀਂ ਆਏਗੀ ਫੇਰ ਗੁਰੂ ਤੇ ਸ਼ਿਸ਼ ਆਪਣਾ ਕੰਮ ਠੀਕ ਤਰ੍ਹਾਂ ਕਰ ਸਕਣਗੇ।

ਆਤਮ ਮਾਰਗ ਤੇ ਚਲਣ ਵਾਲੇ ਨੂੰ ਇਹ ਚਿੰਤਾ ਨਹੀਂ ਹੋਣੀ ਚਾਹੀਦੀ ਕਿ ਗੁਰੂ ਕੀ ਕਰੇਗਾ। ਜਗਿਆਸੂ ਨੂੰ ਸਭ ਤੋਂ ਪਹਿਲਾਂ ਤਾਂ ਤਿਆਰ ਹੋਣਾ ਚਾਹੀਦਾ ਹੈ ਆਪਣੇ ਜੀਵਨ ਨੂੰ ਸੰਗਠਨ ਕਰਨਾ ਚਾਹੀਦਾ ਹੈ, ਆਪਣੇ ਵਿਚਾਰਾਂ ਨੂੰ ਅਧਿਆਤਮਕ ਰੁਖ ਦੇਣਾ ਚਾਹੀਦਾ ਹੈ ਤੇ ਫੇਰ ਸ਼ੁਧ ਤੇ ਸਾਦੇ ਜੀਵਨ ਵਲ ਤੁਰਨਾ ਚਾਹੀਦਾ ਹੈ। ਜਦੋਂ ਸਮਾਂ ਹੋ ਜਾਏਗਾ, ਗੁਰੂ ਪ੍ਰਗਟ ਹੋ ਜਾਵੇਗਾ।

ਇਕ ਵਾਰੀ ਜਦੋਂ ਗੁਰੂ ਆ ਗਿਆ ਗੁਰੂ ਕੀ ਕਰਦਾ ਹੈ, ਕਿਸ ਤਰ੍ਹਾਂ ਕਰਦਾ ਹੈ ਇਸ ਨਾਲ ਜਗਿਆਸੂ ਨੂੰ ਕੋਈ ਮਤਲਬ ਨਹੀਂ ਹੋਣਾ ਚਾਹੀਦਾ। ਜਗਿਆਸੂ ਦਾ ਕੰਮ ਹੈ, ਗੁਰੂ ਦੀ ਦਿਤੀ ਸਿਖਿਆ ਅਨੁਸਾਰ ਚਲਣਾ, ਉਨ੍ਹਾਂ ਦੀਆਂ ਦਿਤੀਆਂ ਹਦਾਇਤਾਂ ਤੇ ਚਲਣਾ ਤੇ ਨਾਲ ਨਾਲ ਨਿਸੁਆਰਥ ਹੋ ਕੇ ਚਲਣਾ ਤੇ ਹਉਮੈ ਨੂੰ ਛੱਡਣਾ। ਹਉਮੈ ਹੀ ਸਭ ਤੋਂ ਵੱਡੀ ਦੀਵਾਰ ਹੈ ਜਿਹੜੀ ਆਤਮਾ ਤਕ ਆਤਮ ਗਿਆਨ ਤਕ ਪਹੁੰਚਣ ਵਿਚ ਬਾਧਾ ਹੈ, ਰੁਕਾਵਟ ਹੈ।

ਅਧਿਆਮਕ ਗੁਰੂ ਦੇ ਸਿਖਾਉਣ ਦੇ ਤਰੀਕੇ ਬਹੁਤ ਫਰਕ ਵਾਲੇ ਤੇ ਗੁੱਝੇ ਹੁੰਦੇ ਹਨ। ਕਿਸੇ ਸ਼ਿਸ਼ ਤੇ ਗੁਰੂ ਵਧੇਰੇ ਸਮਾਂ ਵੀ ਲਾ ਸਕਦਾ ਹੈ, ਉਸ ਵਲ ਵੱਧ ਧਿਆਨ ਵੀ ਦੇ ਸਕਦਾ ਹੈ। ਦੂਸਰੇ ਸ਼ਿਸ਼ ਦੀ ਭਾਵੇਂ ਉਹ ਬਾਤ ਵੀ ਨਾ ਪੁਛੇ, ਉਸ ਵਲ ਦੇਖੇ ਵੀ ਨਾ ਪਰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਨੀ ਚਾਹੀਦੀ। ਹਰ ਸ਼ਿਸ ਨੂੰ ਉਸ ਦੀ ਲੋੜ ਅਨੁਸਾਰ ਹੀ ਸਿਖਿਆ ਮਿਲ ਰਹੀ ਹੈ ਜੋ ਜਿਸ ਨੂੰ ਚਾਹੀਦਾ ਹੈ ਉਹ ਹੀ ਮਿਲ ਰਿਹਾ ਹੈ, ਉਸ ਸਮੇਂ ਮਿਲ ਰਿਹਾ ਹੈ ਜਿਸ ਸਮੇਂ ਚਾਹੀਦਾ ਹੈ। ਗੁਰੂ ਸ਼ਿਸ਼ ਦੇ ਜੀਵਨ ਵਿਚ ਉਹ ਦੇਣ ਵਾਸਤੇ ਨਹੀਂ ਜਿਸ ਦੀ ਲੋੜ ਸ਼ਿਸ਼ ਨੂੰ ਹੈ, ਉਸ ਤੋਂ ਉਲਟ ਗੁਰੂ ਤਾਂ ਉਹ ਦੇਣ ਵਾਸਤੇ ਹੈ ਜੋ ਗੁਰੂ ਸਮਝਦਾ ਹੈ ਕਿ ਸ਼ਿਸ ਲਈ ਠੀਕ ਹੈ ਜਿਸ ਨਾਲ ਉਸ ਦੀ ਰੂਹਾਨੀ ਤਰੱਕੀ ਹੋ ਸਕੇ।

ਈਸਾ ਜੀ ਦੀਆਂ ਕਹਾਣੀਆਂ ਕਥਾਵਾਂ ਵਿਚ ਇਹ ਗੱਲ ਬੜੀ ਸਪਸ਼ਟ ਕਰਕੇ ਦੱਸੀ ਗਈ ਹੈ। ਉਦਾਰ ਪੁੱਤਰ ਦੀ ਕਥਾ ਵਿਚ ਖੋਲ੍ਹ ਕੇ ਦਸਿਆ ਗਿਆ ਹੈ। ਇਕ ਆਦਮੀ ਦੇ ਦੋ ਪੁਤਰ ਸਨ ਇਕ ਦਿਨ ਇਕ ਪੁੱਤਰ ਨੇ ਆਪਣਾ ਸਾਰਾ ਹਿੱਸਾ ਮੰਗ ਲਿਆ, ਉਹ ਲੈ ਕੇ, ਉਹ ਭੋਗ ਬਿਲਾਸ ਦਾ ਜੀਵਨ ਜੀਉਣ ਲਗ ਪਿਆ ਜਦੋਂ ਉਹ ਸਾਰੀ ਜਾਇਦਾਦ ਪੈਸਾ ਖਤਮ ਹੋ ਗਿਆ, ਉਹ ਮੁੜ ਕੇ ਘਰ ਆ ਗਿਆ, ਪਿਤਾ ਨੇ ਜਦੋਂ ਦੇਖਿਆ ਪੁੱਤਰ ਆ ਗਿਆ ਹੈ, ਉਹ ਦੌੜ ਕੇ ਗਿਆ, ਜੱਫੀ ਪਾਈ, ਪਿਆਰ ਕੀਤਾ, ਸੋਹਣੇ ਕਪੜੇ ਪਾਉਣ ਨੂੰ ਦਿਤੇ, ਬਹੁਤ ਵੱਡੀ ਦਾਵਤ ਲਈ ਕਿਹਾ।

ਦੂਸਰਾ ਪੁੱਤਰ, ਇਹ ਸਾਰਾ ਸਮਾਂ ਪਿਤਾ ਦੇ ਨਾਲ ਸੀ ਉਸ ਨਾਲ ਕੰਮ ਕਰਾਉਂਦਾ ਸੀ, ਬਹੁਤ ਇਜ਼ਤ ਮਾਣ ਦਿੰਦਾ ਸੀ, ਪਿਤਾ ਲਈ ਉਸ ਦੀ ਬਹੁਤ ਨਿਸ਼ਠਾ ਸੀ। ਜਦੋਂ ਇਸ ਪੁੱਤਰ ਨੇ ਆਪਣੇ ਪਿਤਾ ਦਾ ਵਿਹਾਰ ਆਪਣੇ ਭਰਾ ਲਈ ਦੇਖਿਆ ਉਹ ਬੜਾ ਹੈਰਾਨ ਹੋਇਆ ਤੇ ਪੁਛਿਆ, ਇਹ ਕੀ ਤੇ ਇਸ ਤਰ੍ਹਾਂ ਕਿਉਂ ?

ਮੈਂ ਇਹ ਸਾਰਾ ਸਮਾਂ ਇਥੇ ਤੁਹਾਡੇ ਨਾਲ ਰਿਹਾ, ਤੁਹਾਡੀ ਸੇਵਾ ਕਰਦਾ ਰਿਹਾ, ਤੁਹਾਡੇ ਕਹੇ ਅਨੁਸਾਰ ਰਿਹਾ, ਜੋ ਤੁਸੀਂ ਕਿਹਾ ਮੈਂ ਮੰਨਿਆ ਪਰ ਤੁਸੀਂ, ਤੁਸੀਂ ਤਾਂ ਮੈਨੂੰ ਕਦੀ ਇਕ ਛੋਟੀ ਪਾਰਟੀ ਵੀ ਨਹੀਂ ਦਿਤੀ, ਕਦੀ ਇਹ ਵੀ ਨਹੀਂ ਕਿਹਾ ਤੂੰ ਆਪਣੇ ਦੋਸਤਾਂ ਨੂੰ ਦਾਵਤ ਹੀ ਦੇ ਦੇ। ਦੂਸਰੇ ਪਾਸੇ ਮੇਰਾ ਭਰਾ ਹੈ, ਜੋ ਸਭ ਕੁਝ ਉਜਾੜ ਕੇ ਆਇਆ ਹੈ ਜਿਸ ਤਰ੍ਹਾਂ ਰਾਜਿਆਂ ਨਾਲ ਵਰਤਾਅ ਕਰੀਦਾ ਹੈ ਤੁਸੀਂ ਉਸ ਤਰ੍ਹਾਂ ਕਰ ਰਹੇ ਹੋ ਉਸ ਦੇ ਆਉਣ ਤੇ ਵੱਡੀ ਦਾਵਤ ਦੇ ਰਹੇ ਹੋ।

ਪਿਤਾ ਦਾ ਜੁਆਬ ਵਿਹਾਰ ਉਹ ਹੀ ਸੀ ਜਿਹੜਾ ਹੋਣਾ ਚਾਹੀਦਾ ਸੀ। ਉਸ ਕੱਬੇ ਪੁੱਤਰ ਨੂੰ ਜਿਹੜਾ ਸਭ ਕੁਝ ਲੁਟਾ ਕੇ ਆਇਆ ਸੀ, ਉਸ ਨਾਲ ਉਸ ਸਮੇਂ ਇਹੋ ਹੀ ਵਿਹਾਰ ਹੋਣਾ ਚਾਹੀਦਾ ਸੀ ਜੋ ਪਿਤਾ ਨੇ ਦਿਤਾ, ਹਰੇਕ ਪੁੱਤਰ ਨੂੰ ਉਹ ਹੀ ਦਿਤਾ ਗਿਆ ਜੋ ਜਿਸ ਨੂੰ ਵੀ ਜਿਸ ਸਮੇਂ ਚਾਹੀਦਾ ਸੀ। ਗਵਾਚਿਆ ਪੁਤਰ ਮੁੜ ਘਰ ਆ ਪਰਤਿਆ ਹੈ। ਉਸ ਦੇ ਆਉਣ ਦੀ ਖੁਸ਼ੀ ਵਧੇਰੇ ਹੀ ਹੋਣੀ ਸੀ।

ਗੁਰੂ ਇਹ ਨਹੀਂ ਦੇਖਦਾ ਕਿ ਸੰਸਾਰ ਪੱਖੋਂ ਕੀ ਠੀਕ ਹੈ, ਕੀ ਗਲਤ ਹੈ, ਉਹ ਸੰਸਕ੍ਰਿਤਕ ਬੰਧਨਾਂ ਵਿਚ ਵੀ ਨਹੀਂ ਪੈਂਦਾ ਉਹ ਤਾਂ ਬਹੁਤ ਵਾਰੀ ਨਿਰਦਈ ਵੀ ਬਣ ਜਾਂਦਾ ਹੈ। ਉਹ ਆਪਣੇ ਸ਼ਿਸ਼ ਨੂੰ ਔਖੇ ਹਾਲਾਤ ਵਿਚ ਪਾਵੇਗਾ ਵੀ ਉਸ ਨੂੰ ਦੁਖੀ ਵੀ ਕਰੇਗਾ, ਬਹੁਤ ਵਾਰੀ ਬਿਨਾਂ ਮਤਲਬ ਤੋਂ ਸਭ ਕੁਝ ਕਰੇਗਾ। ਇਹੋ ਜਿਹੀਆਂ ਗੱਲਾਂ ਵੀ ਸ਼ਿਸ਼ ਨੂੰ ਕਹੇਗਾ ਜਿਨ੍ਹਾਂ ਦਾ ਕੋਈ ਮਤਲਬ ਹੀ ਨਹੀਂ ਹੋਵੇਗਾ। ਜਗਿਆਸੂਆਂ ਕੋਲੋਂ ਇਹੋ ਜਿਹੀਆਂ ਗੱਲਾਂ ਪੁਛੇਗਾ ਜਿਹੜੀਆਂ ਉਨ੍ਹਾਂ ਨੂੰ ਅਸੰਭਵ ਲੱਗਣਗੀਆਂ। ਗੁਰੂ ਜੋ ਵੀ ਕਰਦਾ ਹੈ ਸ਼ਿਸ਼ ਦੇ ਚੰਗੇ ਲਈ ਉਸ ਦੀ ਅਧਿਆਤਮਕ ਤਰੱਕੀ ਲਈ ਕਰਦਾ ਹੈ। ਸ਼ਿਸ਼ ਨੂੰ ਕੇਵਲ ਨਿਸ਼ਠਾ ਤੇ ਭਰੋਸਾ ਰੱਖਣ ਦੀ ਲੋੜ ਹੈ।

ਗੁਰੂ ਬਿਨਾਂ ਸ਼ਬਦਾਂ ਦੇ, ਬਿਨਾਂ ਕੁਝ ਕੀਤਿਆਂ ਵੀ ਸਿਖਾ ਸਕਦਾ ਹੈ ਜਿਵੇਂ ਹੀ ਸ਼ਿਸ਼ ਆਪਾ ਸਮਰਪਣ ਕਰਦਾ ਜਾਂਦਾ ਹੈ, ਹਉਮੈ ਆਪਣੇ ਵਿਚੋਂ ਕੱਢੀ ਜਾਂਦਾ ਹੈ। ਨਿਸੁਆਰਥੀ ਹੋਈ ਜਾਂਦਾ ਹੈ ਉਸ ਦੀ ਰਹੱਸ ਸਿੱਖਣ ਦੀ ਸ਼ਕਤੀ, ਯੋਗਤਾ ਵਧਦੀ ਜਾਂਦੀ ਹੈ। ਜਗਿਆਸੂ ਚੁੱਪ ਦੀ ਗੁਫਾ ਵਿਚ ਬੈਠ ਕੇ ਸਿਖਦਾ ਹੈ, ਇਹ ਬਿਲਕੁਲ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਤੁਸੀਂ ਗੁਰੂ ਨਾਲ ਆਪਣੀ ਤਾਰ ਜੋੜ ਲਈ ਹੋਵੇ ਜਾਂ ਗਿਆਨ ਦੇ ਸਾਗਰ ਵਿਚ ਵਹਿ ਗਏ ਹੋਵੋ। ਗੁਰੂ ਸਦਾ ਹੀ ਦੇਖਦਾ ਹੈ, ਪੱਥ ਪਰਦਰਸ਼ਨ ਕਰਦਾ ਹੈ, ਜਗਿਆਸੂ ਵੀ ਹੌਲੀ ਹੌਲੀ ਓਹੋਂ ਕੰਮ ਕਰਨ ਲਗ ਪੈਂਦਾ ਹੈ, ਜਗਿਆਸੂ ਇਹ ਸਭ ਕੁਝ ਸਾਰੀਆਂ ਡਿਊਟੀਆਂ ਕਰਕੇ ਪਿਆਰ ਨਾਲ ਕਰਕੇ ਨਿਸੁਆਰਥ ਹੋ ਕੇ, ਆਪਾ ਸਮਰਪਣ ਕਰਕੇ ਹੀ ਸਿਖਦਾ ਹੈ। ਜਗਿਆਸੂ ਨੂੰ ਸਦਾ ਆਪਣੇ ਆਪ ਨੂੰ ਸ਼ੁੱਧ ਕਰਕੇ ਹੋਰ ਵਧੇਰੇ ਤੇ ਉਚੇ ਗਿਆਨ ਲਈ ਤਿਆਰੀ ਕਰਦੇ ਰਹਿਣਾ ਚਾਹੀਦਾ ਹੈ। ਫੇਰ ਪ੍ਰਮਾਤਮਾ ਕਹੇਗਾ,

ਮੈਂ ਇਸ ਜੀਉਂਦੇ ਜਾਗਦੇ ਮੰਦਰ ਵਿਚ ਵਾਸਾ ਕਰਨਾ ਚਾਹੁੰਦਾ ਹਾਂ। ਜੋ ਤੂੰ ਹੈਂ ਜੋ ਤੂੰ ਬਣ ਗਿਆ ਹੈ, ਸਾਰੀ ਅਪਵਿਤਰਤਾ ਖਤਮ ਕਰਕੇ ਦੇਖੋ, ਅਵਗੁਣ ਖਤਮ ਕਰਕੇ ਦੇਖੋ, ਤੁਸੀਂ ਦੇਖੋ ਜਿਹੜਾ ਸੱਤ ਦੇਖਣਾ ਚਾਹੁੰਦਾ ਹੈ ਉਹ ਹੀ ਸਤਿ ਦਾ ਸਰੋਤ ਬਣੇਗਾ।

ਗੁਰ ਪ੍ਰਸਾਦਿ ਦਾ ਵੀ ਇਸ ਵਿਚ ਹੱਥ ਹੈ, ਗੁਰ ਪ੍ਰਸਾਦਿ ਇਕ ਮਨੋਵੇਗ, ਇਕ ਤਰੰਗ ਦੀ ਤਰ੍ਹਾਂ ਇਕ ਗਤਿ ਸ਼ਕਤੀ ਹੈ, ਇਕ ਪ੍ਰੋਸਾਹਨ ਹੈ, ਜਿਹੜਾ ਹਨ੍ਹੇਰਾ ਦੂਰ ਕਰਦਾ ਹੈ। ਗ੍ਰੰਥ ਦਾ ਵੀ ਪ੍ਰਸਾਦਿ ਹੁੰਦਾ ਹੈ। ਜੋ ਗਿਆਨ ਗ੍ਰੰਥਾਂ ਰਾਹੀਂ ਸਾਨੂੰ ਮਿਲਿਆ ਹੈ। ਗੁਰੁ ਪ੍ਰਸਾਦਿ ਹੁੰਦਾ ਹੈ ਜਿਹੜਾ ਗਿਆਨ ਰਾਹੀਂ ਹੋਰ ਬਹੁਤ ਤਰ੍ਹਾਂ ਸਾਡੇ ਜੀਵਨ ਦਾ ਪੱਥ ਪਰਦਰਸ਼ਨ ਕਰਦਾ ਹੈ। ਪ੍ਰਮਾਤਮਾ ਦਾ ਪ੍ਰਸਾਦਿ ਹੁੰਦਾ ਹੈ ਨਿਰੋਲ ਚੇਤਨਤਾ ਹੈ ਜਿਹੜੀ ਜੀਉਂਦੀ ਹੈ, ਸਦਾ ਹਰੇਕ ਵਿਚ ਜੋਤ ਬਣ ਕੇ ਜਗਦੀ ਹੈ। ਇਨ੍ਹਾਂ ਸਾਰੀਆਂ ਦੀ ਪ੍ਰਾਪਤੀ ਕ੍ਰਿਪਾ ਦੇ ਨਾਲ ਹੁੰਦੀ ਹੈ, ਆਪਣੀ ਆਪਣੇ ਆਪ ਤੇ ਕ੍ਰਿਪਾ, ਐਨੀ ਇੱਛਾ ਸ਼ਕਤੀ ਹੋਣੀ ਜਿਹੜੀ ਤੁਸੀਂ ਮੰਤਵ ਪੂਰਨ ਪੈਂਡਾ ਲੈ ਸਕੋ, ਜੀਵਨ ਦਾ ਪੈਂਡਾ ਆਤਮ ਮਾਰਗ ਚੁਣ ਸਕੋ ਤੇ ਉਸ ਲਈ ਤਿਆਰ ਹੋ ਜਾਓ।

ਇਹ ਕ੍ਰਿਪਾ ਸਾਡੇ ਤੇ ਕਿਵੇਂ ਹੋਵੇ? ਜਦੋਂ ਜਗਿਆਸੂ ਆਪਣੀ ਪੂਰੀ ਵਾਹ ਲਾ ਲੈਂਦਾ ਹੈ, ਇਹ ਕ੍ਰਿਪਾ ਆਪਣੇ ਆਪ ਹੁੰਦੀ ਹੈ, ਜਦੋਂ ਸਾਰੀਆਂ ਕੋਸ਼ਿਸ਼ਾਂ ਕਰ ਲਈਆਂ ਜਾਣ, ਸਾਰੀਆਂ ਕੋਸ਼ਿਸ਼ਾਂ ਕਰਕੇ ਹਾਰ ਗਏ ਹੋਵੋ ਫੇਰ ਕ੍ਰਿਪਾ ਹੁੰਦੀ ਹੈ।

ਕ੍ਰਿਪਾ ਨੂੰ ਸੰਸਕ੍ਰਿਤ ਵਿਚ ਸ਼ਕਤੀਪਤ ਕਿਹਾ ਗਿਆ ਹੈ, ਸ਼ਕਤੀਪਤ ਤੋਂ ਭਾਵ ਹੈ ਸ਼ਕਤੀ ਦੇਣੀ ਜਾਂ ਕਹਿ ਲਓ ਜੋਤ ਜਗਾਉਣੀ। ਕਈ ਵਾਰੀ ਸ਼ਕਤੀਪਤ ਨੂੰ 'ਸ਼ਕਤੀ ਦੀ ਅਵਨਤੀ' ਵੀ ਕਹਿੰਦੇ ਹਨ। ਸ਼ਕਤੀ ਉਪਰੋਂ ਆਉਂਦੀ ਹੈ, ਆਪਣੇ ਆਪ ਆਉਂਦੀ ਹੈ, ਉਸ ਭਾਂਡੇ ਵਿਚ ਆਉਂਦੀ ਹੈ ਜਿਹੜਾ ਸਾਫ ਹੈ, ਸ਼ੁਧ ਹੈ ਤੇ ਲੈਣ ਲਈ ਤਿਆਰ ਹੈ। ਜਦੋਂ ਗੁਰੂ ਦੇ ਉਪਦੇਸ਼ ਪੂਰੇ ਹੋ ਜਾਣ, ਜਗਿਆਸੂ ਵਧੇਰੇ ਨਿਸੁਆਰਥੀ ਹੋ ਕੇ ਆਪਾ ਸਮਰਪਣ ਕਰ ਚੁੱਕਾ ਹੋਵੇ, ਪਿਛਲੇ ਸੰਸਕਾਰ ਫੂਕ ਦਿਤੇ ਗਏ ਹੋਣ, ਕ੍ਰਿਪਾ ਆਪਣੇ ਆਪ ਹੀ ਹੋ ਜਾਂਦੀ ਹੈ।

ਮੇਰੇ ਆਪਣੇ ਜੀਵਨ ਵਿਚ ਕਿਉਂਕਿ ਜਦੋਂ ਮੈਂ ਛੋਟਾ ਬੱਚਾ ਸੀ, ਮੈਨੂੰ ਮੇਰੇ ਗੁਰੂਦੇਵ ਨੇ ਪਾਲਿਆ। ਉਨ੍ਹਾਂ ਨੇ ਮੇਰਾ ਮਾਰਗ ਦਰਸ਼ਨ ਕੀਤਾ। ਮੈਂ ਉਹ ਸਭ ਕੁਝ ਕੀਤਾ ਜੋ ਉਨ੍ਹਾਂ ਨੇ ਕਿਹਾ ਪਰ ਕ੍ਰਿਪਾ ਜਦੋਂ ਤਕ ਨਹੀਂ ਹੋਈ ਮੈਂ ਦੁਖੀ ਹੋ ਗਿਆ। ਸੋ ਇਕ ਦਿਨ ਮੈਂ ਗੁਰੂਦੇਵ ਕੋਲ ਗਿਆ ਤੇ ਉਨ੍ਹਾਂ ਨੂੰ ਕਿਹਾ ਤੁਸੀਂ ਮੈਨੂੰ ਸਕਤੀਪਤ ਨਹੀਂ ਦਿਤਾ। ਇਸ ਤੋਂ ਭਾਵ ਹੈ ਜਾ ਤਾਂ ਤੁਹਾਡੇ ਆਪਣੇ ਕੋਲ ਨਹੀਂ ਹੈ, ਜਾਂ ਤੁਸੀਂ ਮੈਨੂੰ ਦੇਣਾ ਨਹੀਂ ਚਾਹੁੰਦੇ।

ਮੈਂ ਉਨ੍ਹਾਂ ਨੂੰ ਕਿਹਾ, ਮੈਂ ਐਨੀ ਦੇਰ ਅੱਖਾਂ ਬੰਦ ਕਰਕੇ ਧਿਆਨ ਲਗਾਉਂਦਾ ਹਾਂ, ਮੇਰੇ ਪੱਲੇ ਸਵਾਏ ਸਿਰ ਦਰਦ ਦੇ ਹੋਰ ਕੁਝ ਨਹੀਂ ਪੈਂਦਾ, ਮੇਰਾ ਸਮਾਂ ਨਸ਼ਟ ਹੋ ਗਿਆ ਹੈ, ਮੈਨੂੰ ਆਪਣੇ ਜੀਵਨ ਵਿਚ ਕੋਈ ਅਨੰਦ ਨਹੀਂ ਆ ਰਿਹਾ।

ਉਨ੍ਹਾਂ ਨੇ ਕੁਝ ਨਹੀਂ ਕਿਹਾ। ਮੈਂ ਆਪਣੀ ਬੇਵਸੀ ਵਿਚ ਬੋਲਦਾ ਹੀ ਰਿਹਾ। ਮੈਂ ਬਹੁਤ ਮਿਹਨਤ ਕੀਤੀ ਹੈ, ਬਹੁਤ ਤਨਮੈਤਾ ਨਾਲ ਮਿਹਨਤ ਕੀਤੀ ਹੈ ਤੁਸੀਂ ਕਿਹਾ ਸੀ ਚੌਦਾਂ ਸਾਲ ਲਗਣਗੇ ਪਰ ਇਹ ਮੇਰਾ ਸਤਾਰ੍ਹਵਾਂ ਸਾਲ ਹੈ ਜੋ ਵੀ ਤੁਸੀਂ ਮੈਨੂੰ ਕਰਨ ਨੂੰ ਕਿਹਾ ਮੈਂ ਕੀਤਾ, ਅੱਜ ਜਾਂ ਤਾਂ ਤੁਸੀਂ ਮੈਨੂੰ ਸ਼ਕਤੀਪਤ ਦਿਓ ਨਹੀਂ ਤਾਂ ਮੈਂ ਆਤਮਘਾਤ ਕਰਨ ਲਗਾ ਹਾਂ।

ਆਖਰਕਾਰ ਉਹ ਕਹਿਣ ਲੱਗੇ, "ਜੋ ਤੂੰ ਕਹਿ ਰਿਹਾ ਹੈਂ ਠੀਕ ਹੈ? ਕੀ ਤੂੰ ਉਸ ਸਭ ਕੁਝ ਦਾ ਅਭਿਆਸ ਕਰ ਰਿਹਾ ਹੈਂ ਜੋ ਮੈਂ ਕਿਹਾ ਸੀ? ਕੀ ਇਹ ਮੇਰੀ ਹੀ ਸਿਖਿਆ ਦਾ ਫਲ ਹੈ, ਤੂੰ ਆਤਮਘਾਤ ਕਰਨ ਚਲਿਆ ਹੈ?

ਫੇਰ ਉਹ ਥੋੜ੍ਹੀ ਦੇਰ ਰੁਕੇ ਤੇ ਕਹਿਣ ਲੱਗੇ, ਤੂੰ ਕਦੋਂ ਆਤਮਘਾਤ ਕਰਨਾ ਚਾਹੁੰਦਾ ਹੈਂ? ਮੈਂ ਕਿਹਾ, "ਹੁਣੇ ਹੀ, ਮੈਂ ਤੁਹਾਡੇ ਨਾਲ ਆਤਮ ਘਾਤ ਕਰਨ ਤੋਂ ਪਹਿਲਾਂ ਗੱਲ ਕਰ ਰਿਹਾ ਹਾਂ। ਤੁਸੀਂ ਹੁਣ ਤੋਂ ਬਾਅਦ ਮੇਰੇ ਗੁਰੂ ਨਹੀਂ, ਮੈਂ ਸਭ ਕੁਝ ਛੱਡ ਦਿਤਾ ਹੈ, ਮੈਂ ਸੰਸਾਰ ਨੂੰ ਕੁਝ ਨਹੀਂ ਦੇ ਸਕਦਾ, ਮੈਂ ਤੁਹਾਨੂੰ ਵੀ ਕੁਝ ਨਹੀਂ ਦੇ ਸਕਦਾ, ਤੁਹਾਡੇ ਲਈ ਕੁਝ ਨਹੀਂ ਕਰ ਸਕਦਾ।

ਮੈਂ ਉਠ ਕੇ ਗੰਗਾ ਵਲ ਤੁਰ ਪਿਆ, ਗੰਗਾ ਬਹੁਤ ਨੇੜੇ ਸੀ ਤੇ ਮੈਂ ਗੰਗਾ ਵਿਚ ਡੁੱਬਣ ਦੀ ਤਿਆਰੀ ਕਰਨ ਲੱਗਾ।

ਗੁਰੂਦੇਵ ਕਹਿਣ ਲੱਗੇ, "ਤੈਨੂੰ ਤਰਨਾ ਆਉਂਦਾ ਹੈ, ਜਦੋਂ ਤੂੰ ਗੰਗਾ ਵਿਚ ਛਲਾਂਗ ਮਾਰੇਗਾ ਤੂੰ ਆਪਣੇ ਆਪ ਹੀ ਤਰਨ ਲਗ ਪਵੇਗਾ, ਚੰਗਾ ਹੋਵੇ ਜੇ ਤੂੰ ਕੋਈ ਤਰੀਕਾ ਲੱਭ ਲਵੇਂ ਤਾਂ ਜੋ ਤੂੰ ਉਪਰ ਨਾ ਆਵੇਂ ਤੇ ਤੂੰ ਡੁੱਬ ਜਾਵੇਂ, ਕੋਈ ਭਾਰ ਆਪਣੇ ਨਾਲ ਬੰਨ੍ਹ ਲਵੇਂ ਤਾਂ ਚੰਗਾ ਹੈ।

ਤੁਹਾਨੂੰ ਹੋ ਕੀ ਗਿਆ? ਮੈਂ ਪੁਛਿਆ ਤੁਸੀਂ ਤਾਂ ਮੈਨੂੰ ਐਨਾ ਪਿਆਰ ਕਰਦੇ ਸੀ।

ਮੈਂ ਗੰਗਾ ਦੇ ਨੇੜੇ ਗਿਆ, ਰੱਸੀ ਨਾਲ ਵੱਡਾ ਸਾਰਾ ਇਕ ਪੱਥਰ ਬੰਨ ਲਿਆ, ਜਦੋਂ ਮੈਂ ਛਲਾਂਗ ਮਾਰਨ ਹੀ ਲੱਗਾ ਸੀ ਗੁਰੂਦੇਵ ਆ ਗਏ ਤੇ ਕਹਿਣ ਲੱਗੇ, "ਠਹਿਰ, ਇਥੇ ਆ ਕੇ ਇਕ ਮਿੰਟ ਬੈਠ ਇਥੇ ਮੈਂ ਤੈਨੂੰ ਉਹ ਦਿਆ? ਜਿਸ ਦੀ ਤੈਨੂੰ ਲੋੜ ਹੈ ਤੇ ਤੂੰ ਮੰਗ ਰਿਹਾ ਹੈਂ।

ਮੈਨੂੰ ਨਹੀਂ ਪਤਾ ਸੀ ਉਹ ਕੀ ਕਹਿ ਰਹੇ ਹਨ ਪਰ ਮੈਂ ਸੋਚਿਆ ਇਕ ਮਿੰਟ ਤਾਂ ਮੈਂ ਇੰਤਜ਼ਾਰ ਕਰ ਹੀ ਸਕਦਾ ਹਾਂ। ਮੈਂ ਧਿਆਨ ਲਾਉਣ ਦੀ ਤਰ੍ਹਾਂ ਚੌਂਕੜੀ ਮਾਰ ਕੇ ਬੈਠ ਗਿਆ, ਗੁਰੂਦੇਵ ਆਏ ਉਨ੍ਹਾਂ ਨੇ ਮੇਰੇ ਮੱਥੇ ਤੇ ਹੱਥ ਰੱਖ ਦਿਤਾ। ਮੈਂ ਉਥੇ ਉਸੇ ਤਰ੍ਹਾਂ ਨੌਂ ਘੰਟੇ ਬੈਠਾ ਰਿਹਾ, ਇਕ ਵੀ ਸੰਸਾਰਕ ਵਿਚਾਰ ਮੈਨੂੰ ਨਹੀਂ ਆਇਆ, ਉਸ ਅਨੁਭਵ ਨੂੰ ਦਸਣਾ ਬਹੁਤ ਔਖਾ ਹੈ, ਦਸਿਆ ਹੀ ਨਹੀਂ ਜਾ ਸਕਦਾ, ਜਦੋਂ ਮੈਨੂੰ ਹੋਸ਼ ਆਈ ਮੈਨੂੰ ਲਗ ਰਿਹਾ ਸੀ ਕਿ ਕੋਈ ਸਮਾਂ ਬੀਤਿਆ ਹੀ ਨਹੀਂ।

"ਮੈਂ ਗੁਰੂਦੇਵ ਨੂੰ ਕਿਹਾ, "ਸ੍ਰੀ ਮਾਨ ਜੀ! ਕ੍ਰਿਪਾ ਕਰਕੇ ਮੈਨੂੰ ਮਾਫ ਕਰੋ।"

ਉਸ ਇਕ ਛੋਹ ਨੇ ਮੇਰਾ ਜੀਵਨ ਹੀ ਬਦਲ ਦਿਤਾ ਮੈਂ ਨਿਰਭੈ ਹੋ ਗਿਆ, ਮੈਂ ਨਿਸੁਆਰਥੀ ਹੋ ਗਿਆ। ਮੈਂ ਜੀਵਨ ਨੂੰ ਠੀਕ ਤਰ੍ਹਾਂ ਸਮਝਣ ਲਗ ਪਿਆ। ਮੈਂ ਹੈਰਾਨ ਸੀ ਇਹ ਅਨੁਭਵ ਮੈਨੂੰ ਮੇਰੀ ਮਿਹਨਤ 'ਚੋਂ ਮਿਲਿਆ ਹੈ ਜਾਂ ਗੁਰੂ ਕ੍ਰਿਪਾ ਨਾਲ।

ਉਨ੍ਹਾਂ ਦਾ ਜਵਾਬ ਸੀ, "ਕ੍ਰਿਪਾ।"

ਉਹ ਕਹਿਣ ਲੱਗੇ, "ਮਨੁੱਖ ਨੂੰ ਸਭ ਕੁਝ ਕਰਨਾ ਚਾਹੀਦਾ ਹੈ, ਆਪਣੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਦਿਲੋਂ ਤਨ ਮਨ ਲਾ ਕੇ ਕਰਨੀ ਚਾਹੀਦੀ ਹੈ, ਜਦੋਂ ਉਹ ਥੱਕ ਜਾਵੇ ਤੇ

ਲਾਚਾਰ ਹੋ ਕੇ ਰੋ ਪਵੇ, ਰੋਵੇ ਪ੍ਰਮਾਤਮਾ ਦੇ ਪਿਆਰ ਵਿਚ ਉਸ ਦੀ ਨਿਸ਼ਠਾ ਵਿਚ, ਉਸਦੇ ਭਰੋਸੇ ਵਿਚ ਉਸ ਨੂੰ ਅਨੰਦ ਆਏਗਾ ਹੀ, ਉਹ ਵਜਦ ਵਿਚ ਆ ਜਾਵੇਗਾ। ਉਹ ਕ੍ਰਿਪਾ ਹੀ ਹੁੰਦੀ ਹੈ। ਕ੍ਰਿਪਾ ਤੁਹਾਡੀ ਸੱਚੀ ਨਿਸ਼ਕਪਟ ਭਰੋਸੇ ਨਾਲ ਕੀਤੀ ਮਿਹਨਤ ਦਾ ਫਲ ਹੈ।

ਕ੍ਰਿਪਾ ਉਸ ਜਗਿਆਸੂ ਤੇ ਹੀ ਹੋ ਸਕਦੀ ਹੈ, ਜਿਹੜਾ ਅਨੁਸਾਸ਼ਨ, ਸਰਲਤਾ ਨਾਲ ਆਤਮ ਮਾਰਗ ਤੇ ਚਲਦਾ ਰਿਹਾ ਹੋਵੇ, ਜਦੋਂ ਸ਼ਿਸ਼ ਇਹ ਅਭਿਆਸ ਕਰ ਲੈਂਦਾ ਹੈ ਗੁਰੂ ਦੀ ਸਿਖਿਆ ਤੇ ਚਲਦਾ ਹੈ, ਭਰੋਸਾ ਰਖਦਾ ਹੈ, ਸੱਚਾ ਰਹਿੰਦਾ ਹੈ, ਸਰਲ ਰਹਿੰਦਾ ਹੈ, ਫੇਰ ਸੂਖਮ ਔਕੜਾਂ ਗੁਰੂ ਖਤਮ ਕਰ ਦਿੰਦਾ ਹੈ, ਆਤਮ ਗਿਆਨ ਦਾ ਅਨੁਭਵ ਗੁਰੂ ਤੇ ਸ਼ਿਸ਼ ਦੇ ਨਿਸ਼ਕਪਟ ਅਭਿਆਸ ਤੇ ਸਹਿਜ ਸੰਤੋਖ ਨਾਲ ਆਉਂਦਾ ਹੈ। ਜਦੋਂ ਤੁਸੀਂ ਆਪਣੀਆਂ ਡਿਊਟੀਆਂ ਸੂਝ ਨਾਲ ਕਰ ਲੈਂਦੇ ਹੋ, ਪੂਰਾ ਮਨ ਲਗਾ ਕੇ ਕਰ ਲੈਂਦੇ ਹੋ ਫੇਰ ਤੁਸੀਂ ਉਸ ਦਾ ਫਲ ਪ੍ਰਾਪਤ ਕਰਨ ਜੋਗੇ ਹੋ ਜਾਂਦੇ ਹੋ। ਕ੍ਰਿਪਾ ਉਦੋਂ ਹੁੰਦੀ ਹੈ ਜਦੋਂ ਕਰਮ ਖਤਮ ਹੋ ਜਾਂਦੇ ਹਨ। ਸ਼ਕਤੀਪਤ ਗੁਰੂ ਕ੍ਰਿਪਾ ਹੈ, ਪ੍ਰਮਾਤਮਾ ਦੀ ਪ੍ਰਵਾਨ ਕੀਤੀ ਹੋਈ।

ਗੁਰੂ ਸ਼ਿਸ਼ ਦਾ ਮਾਰਗ ਪਰਦਰਸ਼ਕ ਹੈ, ਸਾਰੇ ਜੀਵਨ ਲਈ ਹੈ, ਗੁੱਝੇ ਰੂਪ ਵਿਚ ਹੈ, ਉਹ ਆਤਮ ਮਾਰਗ ਦੇ ਗੁੱਝੇ ਰਸਤਿਆਂ ਤੋਂ ਅਧਿਆਤਮਵਾਦ ਦੇ ਦਿਲ ਤਕ ਸ਼ਿਸ਼ ਨੂੰ ਲੈ ਜਾਂਦਾ ਹੈ, ਇਥੇ ਹੀ ਨਹੀਂ ਇਸ ਸੰਸਾਰ ਤੋਂ ਅੱਗੇ ਵੀ।

L L L L L L L

## ਜ਼ਰੂਰੀ ਸੂਚਨਾ

**ਆਪ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ 'ਆਤਮ ਮਾਰਗ' ਦਫਤਰ ਵਲੋਂ ਮੈਗਜ਼ੀਨ ਦੇ ਮੈਂਬਰ ਬਣਾਉਣ ਲਈ ਕਈ ਪ੍ਰੇਮੀਆਂ ਨੂੰ ਰਸੀਦ ਬੁਕਾਂ ਦਿਤੀਆਂ ਗਈਆਂ ਸਨ ਜਿਸ ਦੀ ਕਿ ਗਲਤ ਵਰਤੋਂ ਹੋਣੀ ਸ਼ੁਰੂ ਹੋ ਗਈ ਸੀ। ਇਸ ਲਈ 'ਆਤਮ ਮਾਰਗ' ਦੀ ਮੈਂਬਰਸ਼ਿਪ ਦੇ ਚੰਦੇ ਲਈ ਰਸੀਦ ਨੰ: 000001 ਤੋਂ 063000 ਤਕ ਦੀਆਂ ਜੋ ਵੀ ਰਸੀਦ ਬੁਕਾਂ ਕਿਸੇ ਪ੍ਰੇਮੀ ਕੋਲ ਬਚੀਆਂ ਪਈਆਂ ਹੋਣ, 'ਆਤਮ ਮਾਰਗ' ਦਫਤਰ ਵਲੋਂ ਤੁਰੰਤ ਰੱਦ ਕਰ ਦਿਤੀਆਂ ਗਈਆਂ ਸਮਝੀਆਂ ਜਾਣ ਅਤੇ ਇਨ੍ਹਾਂ ਰਸੀਦਾਂ ਤੇ ਕੋਈ ਵੀ 'ਆਤਮ ਮਾਰਗ' ਦਾ ਪਾਠਕ ਚੰਦਾ ਦੇਣ ਦੀ ਕ੍ਰਿਪਾਲਤਾ ਨਾ ਕਰੇ। ਜੇਕਰ ਕਿਸੇ ਪ੍ਰੇਮੀ ਵਲੋਂ ਇਨ੍ਹਾਂ ਰਸੀਦਾਂ ਤੇ ਚੰਦਾ ਦਿਤਾ ਜਾਂਦਾ ਹੈ ਤਾਂ 'ਆਤਮ ਮਾਰਗ' ਦਫਤਰ ਇਸ ਦਾ ਜ਼ਿੰਮੇਵਾਰ ਨਹੀਂ ਹੋਵੇਗਾ। ਇਹ ਰਸੀਦਾਂ ਕੇਵਲ 'ਆਤਮ ਮਾਰਗ' ਦਫਤਰ ਵਿਚ ਹੀ ਵਰਤੀਆਂ ਜਾਣਗੀਆਂ।**

(ਪੰਨਾ 9 ਦੀ ਬਾਕੀ)

ਚਲੀ ਜਾਂਦੀ ਹੈ ਜਿਥੇ ਪ੍ਰਮੇਸ਼ਰ ਦਾ ਨਾਮ ਹੋਵੇ, ਉਬਾਸੀਆਂ ਆਉਣ ਲਗ ਪੈਣਗੀਆਂ ਉਠ ਕੇ ਤੁਰ ਪਵੇਗਾ।

***ਸਾਧਸੰਗ ਕੈ ਨਾਹੀ ਨੇਰਿ॥***
***ਲਖ ਚਉਰਾਸੀਹ ਭ੍ਰਮਤਾ ਫੇਰਿ॥ ਪੰਨਾ - 180***

ਇਸ ਦਾ ਨਤੀਜਾ ਕੀ ਹੁੰਦਾ ਹੈ ਕਿ ਚੁਰਾਸੀ ਲੱਖ ਜੂਨਾਂ ਵਿਚ ਭਟਕਦਾ ਫਿਰਦਾ ਰਹਿੰਦਾ ਹੈ। ਇਨ੍ਹਾਂ ਚੀਜ਼ਾਂ ਨੂੰ ਮਿੱਠਾ ਸਮਝ ਕੇ ਪੀਂਦਾ ਹੈ - 'ਜੋ ਹਲਾਹਲ ਸੋ ਪੀਵੈ ਬਉਰਾ।' ਹਲਾਹਲ ਸ਼ਰਾਬ ਨੂੰ ਆਖਦੇ ਹਨ ਇਸ ਨੂੰ ਮਿੱਠੀ ਸਮਝ ਕੇ ਪੀ ਰਿਹਾ ਹੈ ਇਸ ਨੂੰ ਪੀ ਕੇ ਇਸ ਦੇ ਨਾਲ ਕੀ ਬੀਤਦੀ ਹੈ ਉਸ ਬਾਰੇ ਮਹਾਰਾਜ ਦਸਦੇ ਹਨ -

***ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥***
***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥***
***ਪੰਨਾ - 554***

ਇਸ ਨੂੰ ਪੀ ਕੇ ਮੱਤ ਨਹੀਂ ਰਹਿੰਦੀ ਦੂਜੇ ਦਿਨ ਸਵੇਰੇ ਪਤਾ ਲਗਦਾ ਹੈ ਕਿ ਮੈਂ ਕੀ ਗਲਤੀ ਕੀਤੀ ਹੈ, ਨਾਲੇ ਤਾਂ ਮੈਂ ਪੈਸੇ ਦਾ ਨੁਕਸਾਨ ਕੀਤਾ ਅਤੇ ਕਿਸੇ ਨਾ ਕਿਸੇ ਨਾਲ ਲੜਾਈ ਝਗੜਾ ਛੇੜ ਲੈਂਦੈ। ਸਾਰੇ ਦਾ ਸਾਰਾ ਨੁਕਸਾਨ ਹੀ ਕਰ ਲੈਂਦੈ। ਇਹੋ ਪੈਸਾ ਜੇ ਬਚਾ ਲਵੇ ਤਾਂ ਇਸ ਦੇ ਅਨੇਕ ਘਰੇਲੂ ਕਾਰਜ ਜੋ ਪੈਸੇ ਦੀ ਥੁੜ੍ਹ ਕਰਕੇ ਰਹਿ ਜਾਂਦੇ ਹਨ, ਹੋ ਜਾਂਦੇ ਹਨ ਜਿਵੇਂ ਮੈਂ ਪਿੰਡਾਂ ਵਿਚ ਤੁਰਦਾ ਫਿਰਦਾ ਦੇਖਦਾ ਰਹਿੰਦਾ ਹਾਂ ਕਿ ਬੀਬੀਆਂ ਦੇ ਨਾਹੁਣ ਨੂੰ ਘਰ ਵਿਚ ਥਾਂ ਨਹੀਂ, ਬੱਚਿਆਂ ਲਈ ਕਿਤਾਬਾਂ ਕਾਪੀਆਂ ਤੇ ਫੀਸ ਦੇਣ ਨੂੰ ਪੈਸੇ ਨਹੀਂ ਹੁੰਦੇ, ਮੈਂ ਇਨ੍ਹਾਂ ਪ੍ਰੇਮੀਆਂ ਨੂੰ ਬੇਨਤੀ ਕਰਿਆ ਕਰਦਾ ਹਾਂ ਭਾਈ ਪ੍ਰੇਮੀਓ! ਤੁਸੀਂ 30 ਰੁਪਏ ਜਾਂ 50 ਰੁਪਏ ਦੀ ਬੋਤਲ ਲੈ ਕੇ ਡਕਾਰ ਮਾਰ ਲੈਂਦੇ ਹੋ, ਇਹੀ ਪੈਸੇ ਤੁਸੀਂ ਇਨ੍ਹਾਂ ਕੰਮਾਂ ਵਿਚ ਲਾਵੋ, ਨਾਲੇ ਤੁਹਾਡੇ ਘਰ ਵਿਚ ਨਾਹੁਣ ਦਾ ਥਾਂ ਹੋਵੇ ਤੇ ਬੀਬੀਆਂ ਵਿਚਾਰੀਆਂ ਮੰਜੇ ਦਾ ਪੜ੍ਹਦਾ ਕਰਕੇ ਇਸ਼ਨਾਨ ਕਰਦੀਆਂ ਹਨ।

ਬੱਚਿਆਂ ਨੂੰ ਘਰ ਵਿਚ ਕਪੜਾ ਨਹੀਂ ਮਿਲਦਾ, ਕਿਤਾਬਾਂ ਨੂੰ ਪੈਸੇ ਨਹੀਂ ਮਿਲਦੇ, ਫੀਸ ਨੂੰ ਪੈਸੇ ਨਹੀਂ ਮਿਲਦੇ ਇਸ ਕਰਕੇ ਘਰ ਵਿਚ ਲੜਾਈ ਝਗੜਾ ਰਹਿੰਦਾ ਹੈ। ਅੱਜ ਅਖਬਾਰ ਵਿਚ ਸੀ ਕਿ ਇਕ ਬੀਬੀ ਆਪਣੇ ਘਰ ਵਾਲੇ ਨੂੰ ਬਹੁਤ ਹਟਾਵੇ ਕਿ ਤੁਸੀਂ ਸ਼ਰਾਬ ਨਾ ਪੀਆ ਕਰੋ ਪਰੰਤੂ ਉਸ ਦਾ ਰੋਜ਼ ਦਾ ਹੀ ਕੰਮ ਸੀ ਕਿ ਸ਼ਰਾਬ ਪੀ ਕੇ ਹੀ ਘਰ ਵੜਨੈ। ਇਹ ਨਤੀਜਾ ਹੋਇਆ ਕਿ ਉਹ ਦੋ ਬੱਚਿਆਂ ਤੇ ਆਪਣੇ ਸਮੇਤ ਖੁਦਕਸ਼ੀ ਕਰਕੇ ਮਰ ਗਈ ਕਿ ਮੇਰਾ ਤਾਂ ਜੀਵਨ ਹੀ ਖਰਾਬ ਹੋ ਗਿਆ ਕਿ ਮੇਰੇ ਕੋਲ ਕੋਈ ਚੀਜ਼ ਲੈਣ ਵਾਸਤੇ ਕੋਈ ਪੈਸਾ ਹੀ ਨਹੀਂ ਹੁੰਦਾ, ਭੁੱਖੀ ਬੈਠੀ ਰਹਿੰਦੀ ਹਾਂ, ਖਾਣ ਨੂੰ ਕੁਝ ਨਹੀਂ ਮਿਲਦਾ, ਇਹਦੇ ਨਾਲੋਂ ਮੌਤ ਹੀ ਬੇਹਤਰ ਹੈ। ਤੁਸੀਂ ਆਪ ਸੋਚੋ ਐਸੇ ਮੂਰਖ ਬੰਦੇ ਨੇ ਘਰ ਵਿਚ ਕੀ ਹਾਲਾਤ ਪੈਦਾ ਕਰ ਦਿਤੇ। ਨਸ਼ਾ ਪੀ ਕੇ, ਸ਼ਰਾਬ ਪੀ ਕੇ ਇਹ ਇਨਸਾਨ ਬਉਰਾ ਹੋ ਜਾਂਦਾ ਹੈ।

***ਧਾਰਨਾ - ਦਰਗਹ ਮਿਲਣ ਸਜਾਵਾਂ ਜੀ,***
***ਮਸਤ ਪਿਆਲੇ ਪੀ ਕੇ ਪਿਆਰੇ।***
***ਮਸਤ ਪਿਆਲੇ ਪੀ ਕੇ ਪਿਆਰੇ - 2, 2.***
***ਦਰਗਹ ਮਿਲਣ ਸਜਾਵਾਂ ਜੀ,........।***

***'ਚਲਦਾ'***

L L L L L L L

# ਪ੍ਰਾਣ ਵਿਗਿਆਨ

***ਡਾ. ਸਵਾਮੀ ਰਾਮ ਜੀ***
***ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ***

ਨੋਟ : ਡਾ. ਸਵਾਮੀ ਰਾਮ ਜੀ ਜੋ ਇਕ ਮਹਾਨ ਯੋਗੀ ਹੋਏ ਹਨ, ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਬਹੁਤ ਹੀ ਗਹਿਰੇ ਜਾ ਕੇ ਕੀਤਾ, ਉਹ ਬਹੁਤ ਸਾਰੀਆਂ ਬੋਲੀਆਂ ਦੇ ਜਾਣੂੰ ਸਨ। ਗੁਰੂ ਗ੍ਰੰਥ ਸਾਹਿਬ ਪੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਦੱਸਿਆ ਕਿ ਮੈਂ ਕੁਰਾਨ ਸ਼ਰੀਫ ਛੇ ਮਹੀਨੇ ਮਸਜਿਦ ਵਿਚ ਬੈਠ ਕੇ ਇਕ ਕਾਬਲ ਉਲਮਾ ਪਾਸੋਂ ਪੜ੍ਹਿਆ ਅਤੇ ਨਮਾਜ਼ ਦੇ ਰਹੱਸ ਨੂੰ ਜਾਣਨ ਲਈ ਉਨ੍ਹਾਂ ਦੇ ਨਾਲ ਰਲ ਕੇ ਨਮਾਜ਼ ਪੜ੍ਹੀ। ਇਸ ਤਰ੍ਹਾਂ ਬੋਧ ਧਰਮ ਦਾ ਬੋਧੀਆਂ ਨਾਲ ਮਿਲ ਕੇ ਅਨੁਵਾਦ ਕੀਤਾ। ਬਾਈਬਲ ਦੇ ਦੋਨੋਂ ਭਾਗ ਗਿਰਜੇ ਵਿਚ ਪੂਰੀ ਸ਼ਰਧਾ ਤੇ ਸਾਵਧਾਨਤਾ ਨਾਲ ਪੜ੍ਹੇ। ਵੇਦਾਂ ਦੇ ਉਹ ਪੂਰੀ ਤਰ੍ਹਾਂ ਨਾਲ ਗਿਆਤਾ ਸਨ ਅਤੇ ਕਿਉਂਕਿ ਸੰਸਕ੍ਰਿਤ ਦੇ ਵੀ ਸਕਾਲਰ ਸਨ। ਇੰਗਲਿਸ਼ ਦੀਆਂ ਸਾਰੀਆਂ ਰੂਹਾਨੀ ਪੁਸਤਕਾਂ ਦਾ ਅਧਿਐਨ ਕੀਤਾ ਅਤੇ ਡਾਕਟਰੇਟ ਆਕਸਫੋਰਡ ਯੂਨੀਵਰਸਿਟੀ ਤੋਂ ਕੀਤੀ। ਜਰਮਨ, ਜਪਾਨ ਅਤੇ ਹੋਰ ਅਨੇਕ ਬੋਲੀਆਂ ਦੇ ਉਹ ਗਿਆਤਾ ਸਨ ਪਰ ਇਕ ਗੱਲ ਬਹੁਤ ਹੀ ਨਿਰਣੇਪੂਰਵਕ ਕਹਿੰਦੇ ਸਨ ਕਿ ਜਦੋਂ ਮੈਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕੀਤਾ ਤਾਂ ਬਹੁਤ ਹੀ ਪ੍ਰਭਾਵਿਤ ਹੋਇਆ ਅਤੇ ਮੈਂ ਬਹੁਤ ਹੀ ਉਚੀ ਅਵਾਜ਼ ਨਾਲ ਦੁਨੀਆਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਮੇਰਾ ਪਿਆਰ ਗੁਰੂ ਗ੍ਰੰਥ ਸਾਹਿਬ ਨਾਲ ਬਹੁਤ ਹੀ ਅਲੌਕਿਕ ਢੰਗ ਨਾਲ ਪਿਆ।

ਉਹ ਦਸਦੇ ਹਨ ਕਿ 28 ਸਾਲ ਦੀ ਉਮਰ ਵਿਚ ਵਾਹਿਗੁਰੂ ਨੇ ਦਿਤੀ ਹੋਈ ਉਮਰ ਮੇਰੇ ਤੋਂ ਵਾਪਸ ਲੈ ਲਈ ਕਿਉਂਕਿ ਮੇਰੀ ਉਮਰ ਐਨੀ ਹੀ ਸੀ। ਮੈਂ ਉਚੀ ਪਹਾੜੀ ਤੋਂ ਮੀਲ, ਡੇਢ ਮੀਲ ਗਹਿਰੀ ਖਾਈ ਵਿਚ ਰੁੜ੍ਹ ਗਿਆ, ਜਿਸ ਪੱਥਰ ਨੂੰ ਮੈਂ ਫੜ੍ਹਦਾ ਉਹ ਵੀ ਨਾਲ ਹੀ ਰੁੜ੍ਹ ਪੈਂਦਾ ਸੀ। 500 ਫੁੱਟ ਤਕ ਪਹੁੰਚਦੇ-ਪਹੁੰਚਦੇ ਮੈਂ ਸਾਰੇ ਮਹਾਂਪੁਰਸ਼ਾਂ, ਸਾਰੇ ਦੇਵੀ ਦੇਵਤਿਆਂ ਤੋਂ ਮਦਦ ਮੰਗੀ ਪਰ ਮੈਨੂੰ ਕਿਤੋਂ ਵੀ ਮਦਦ ਪ੍ਰਾਪਤ ਨਾ ਹੋਈ। ਅਖੀਰ ਵਿਚ ਮੈਂ ਗੁਰੂ ਨਾਨਕ ਸਾਹਿਬ ਜੀ ਕੋਲ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰਕੇ ਮੇਰੀ ਸਹਾਇਤਾ ਕਰੋ। ਮੈਂ ਹੈਰਾਨ ਹੋ ਗਿਆ ਕਿ ਇਕ ਝਾੜੀ ਦੀ ਖੁੰਗੀ ਮੇਰੇ ਪੇਟ ਵਿਚ ਵੜ ਗਈ ਅਤੇ ਉਸ ਨੇ ਮੈਨੂੰ ਰੁੜ੍ਹਨ ਤੋਂ ਉਥੇ ਹੀ ਰੋਕ ਲਿਆ, ਮੈਂ ਪੁੱਠਾ ਲਟਕ ਰਿਹਾ ਸਾਂ, ਲੱਤਾਂ ਮੇਰੀਆਂ ਉਪਰ ਵਲ ਸੀ ਅਤੇ ਮੌਤ ਮੈਨੂੰ ਸਾਮ੍ਹਣੇ ਨਜ਼ਰ ਆ ਰਹੀ ਸੀ। ਮੈਂ ਕਿਹਾ ਕਿ ਹੇ ਗੁਰੂ ਨਾਨਕ! ਜੇ ਤੂੰ ਹੁਣ ਰੁੜ੍ਹਨ ਤੋਂ ਰੋਕ ਲਿਆ ਹੈ ਤਾਂ ਬਾਹਰ ਵੀ ਕੱਢ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਪਹਾੜ ਦੀ ਚੋਟੀ ਤੋਂ ਅਵਾਜ਼ ਆਈ ਕਿ ਓ! ਬੰਦਾ ਮਰਿਆ ਪਿਆ ਹੈ, ਇਹ ਸੁਣ ਕੇ ਮੈਂ ਲੱਤ ਹਿਲਾਈ ਤਾਂ ਕਿ ਉਨ੍ਹਾਂ ਨੂੰ ਪਤਾ ਲਗ ਜਾਵੇ ਕਿ ਮੈਂ ਜਿਉਂਦਾ ਹਾਂ। ਉਹ ਬੀਬੀਆਂ ਪਸ਼ੂਆਂ ਲਈ ਘਾਹ ਲੈਣ ਲਈ ਜਾ ਰਹੀਆਂ ਸਨ, ਉਨ੍ਹਾਂ ਦੇ ਮਨ ਵਿਚ ਦਇਆ ਆਈ, ਉਹ ਪਹਾੜੀ ਤੇ ਬਹੁਤ ਸੰਭਲ-ਸੰਭਲ ਕੇ ਉਤਰੀਆਂ। ਉਨ੍ਹਾਂ ਨੇ ਆਪਣੇ ਸਿਰ ਦੇ ਕਪੜੇ ਗੰਢਾਂ ਬੰਨ੍ਹ ਕੇ ਰੱਸੇ ਵਾਂਗੂੰ ਕਰ ਲਏ, ਕੁਝ ਰੱਸੇ ਉਨ੍ਹਾਂ ਪਾਸ ਘਾਹ ਫੂਸ ਬੰਨ੍ਹਣ ਵਾਲੇ ਸਨ, ਉਨ੍ਹਾਂ ਨੇ ਮੇਰੇ ਲੱਕ ਦੁਆਲੇ ਵਲੇਟ ਦਿਤੇ ਅਤੇ ਬਲ ਲਾ ਕੇ ਮੈਨੂੰ ਪਹਾੜ ਦੀ ਚੋਟੀ ਤੇ ਖਿੱਚ ਲਿਆ। ਮੇਰੇ ਗੁਰਦੇਵ ਸਮਰੱਥ ਪੁਰਸ਼ ਸਨ, ਉਨ੍ਹਾਂ ਨੇ ਵੀ ਉਥੇ ਹਾਜ਼ਰ ਹੋ ਕੇ ਦਰਸ਼ਨ ਦਿਤੇ। ਮੈਂ ਬਚ ਗਿਆ, ਉਸ ਸਮੇਂ ਤੋਂ ਮੇਰੇ ਮਨ ਵਿਚ ਗੁਰੂ ਨਾਨਕ ਸਾਹਿਬ ਦਾ ਬਹੁਤ ਹੀ ਸਤਿਕਾਰ ਹੈ।

ਸਵਾਮੀ ਜੀ ਨੇ ਜ਼ਿੰਦਗੀ ਦੇ ਬਹੁਤ ਹੀ ਤਜਰਬੇ ਕੀਤੇ ਅਤੇ ਸ੍ਵਾਸ ਦੀ ਕ੍ਰਿਆ ਨੂੰ ਐਨੀ ਕਮਾਲ ਵਿਚ ਲੈ ਗਏ ਕਿ ਸਰੀਰ ਵਿਚੋਂ ਸ੍ਵਾਸ ਕੱਢ ਕੇ ਫੇਰ ਦਾਖਲ ਕਰ ਲੈਣ ਦੀ ਕ੍ਰਿਆ ਵੀ ਆਪ ਨੇ ਕੀਤੀ। ਰੂਹਾਨੀ ਮਾਰਗ ਦੇ ਨਾਲ ਮਨ ਦਾ ਸਬੰਧ ਹੈ ਜੇ ਮਨ ਸਾਥ ਨਾ ਦੇਵੇ ਤਾਂ ਸ਼ਬਦ ਦੀ ਗਹਿਰਾਈ ਵਿਚ ਜਾਣਾ ਮੁਸ਼ਕਲ ਹੈ। ਮਨ ਨੂੰ ਕਾਬੂ ਕਰਨ ਲਈ ਸ੍ਵਾਸ ਦੀ ਸ਼ਕਤੀ ਪ੍ਰਾਪਤ ਕਰਨੀ ਪੈਂਦੀ ਹੈ। ਗੁਰੂ ਮਹਾਰਾਜ ਜੀ ਨੇ ਸ੍ਵਾਸ ਗਿਰਾਸ ਦੇ ਨਾਮ ਨੂੰ ਬਹੁਤ ਵੱਡੀ ਮਹੱਤਤਾ ਦਿੰਦਿਆਂ ਫੁਰਮਾਨ ਕੀਤਾ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

***ਪੰਨਾ – 319***

ਸਵਾਮੀ ਜੀ ਨੇ ਆਪਣੀ ਖੋਜ ਸੰਸਾਰ ਦੇ ਭਲੇ ਲਈ ਪੁਸਤਕ ਦੇ ਰੂਪ ਵਿਚ ਅੰਕਿਤ ਕੀਤੀ ਹੈ। ਇਸ ਮੈਗਜ਼ੀਨ ਨਾਲ ਸਵਾਮੀ ਜੀ ਦਾ ਕਿਉਂਕਿ ਬਹੁਤ ਸਬੰਧ ਰਿਹਾ ਹੈ ਉਨ੍ਹਾਂ ਦੀ ਇਹ ਖੋਜ ਅਸੀਂ ਇਸ 'ਆਤਮ ਮਾਰਗ' ਮੈਗਜ਼ੀਨ ਵਿਚ ਆਪਣੇ ਮੈਂਬਰਾਂ ਦੀ ਗਿਆਤ ਲਈ ਲੇਖਾਂ ਦੇ ਰੂਪ ਵਿਚ ਦਰਜ ਕਰਦੇ ਰਹਾਂਗੇ, ਇਨ੍ਹਾਂ ਨੂੰ ਬਹੁਤ ਹੀ ਧਿਆਨ ਨਾਲ ਪੜ੍ਹਨਾਂ ਕਿਉਂਕਿ ਗਹਿਰੀ ਖੋਜ ਹੈ, ਸਵਾਮੀ ਜੀ ਦਾ ਆਪਣਾ ਨਿਜੀ ਤਜਰਬਾ ਹੈ, ਇਹ ਕੋਈ ਅਟਕਲਪੱਚੂ ਗੱਲਾਂ ਨਹੀਂ ਹਨ। ਇਹ ਪਹਿਲਾਂ ਲੇਖ ਅਸੀਂ 'ਪ੍ਰਾਣ ਵਿਗਿਆਨ' ਦੇ ਸਿਰਲੇਖ ਹੇਠ ਛਾਪ ਰਹੇ ਹਾਂ।

***ਚੇਅਰਮੈਨ 'ਆਤਮ ਮਾਰਗ'***

ਮਨ ਦੇ ਤੱਤ ਜਾਣ ਕੇ ਸਮਝ ਕੇ ਸ੍ਵਾਸਾਂ ਦੀ ਮਹੱਤਤਾ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿਉਂਕਿ ਮਨ ਦਾ ਸੁਭਾਅ ਸਥਿਰਤਾ ਨੂੰ ਪਕੜਨਾ ਹੈ ਜਾਂ ਫੇਰ ਉਸ ਤੱਤ ਨੂੰ ਪਕੜਨਾ ਹੈ ਜੋ ਬਹੁਤ ਹੌਲੀ ਹੌਲੀ ਬਦਲਦਾ ਹੈ ਇਹ ਤੱਤ ਭਾਵੇਂ ਸਰੀਰ ਦੇ ਹੋਣ। ਸੁਚੇਤ ਮਨ ਦੀਆਂ ਬਹੁਤ ਸਾਰੀ ਕ੍ਰਿਆਵਾਂ ਠਾਣ ਲਈਆਂ ਜਾਂਦੀਆਂ ਹਨ ਤਾਂ ਜੋ ਮਨੋਭਾਵਨਾਵਾਂ ਵਿਚ ਰੋਲਾ ਨਾ ਪੈ ਜਾਵੇ ਇਸ ਨਾਲ ਅਸੀਂ ਹੋਰ ਵਧੇਰੇ ਮਹੱਤਵਪੂਰਣ ਪਰਿਵਰਤਨਾਂ ਉਤੇ ਧਿਆਨ ਦੇ ਸਕਦੇ ਹਾਂ, ਵਿਸ਼ੇਸ਼ ਤੌਰ ਤੇ ਉਨ੍ਹਾਂ ਪਰੀਵਰਤਨਾਂ ਬਾਰੇ ਜਿਹੜੇ ਸਾਡੀਆਂ ਮੁਢਲੀਆਂ ਲੋੜਾਂ ਨਾਲ ਵਾਸਤਾ ਰਖਦੇ ਹਨ। ਦੂਸਰੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਲਵੋ ਕਿ ਕੋਈ ਵੀ ਨਵੀਂ ਕ੍ਰਿਆ ਕੋਈ ਵੀ ਨਵਾਂ ਵਿਚਾਰ ਪਹਿਲੇ ਪਹਿਲ ਵਧੇਰੇ ਚੇਤਨ ਧਿਆਨ ਦੀ ਲੋੜ ਮੰਗਦਾ ਹੈ ਪਰ ਜਦੋਂ ਉਹ ਹੀ ਕ੍ਰਿਆ ਬਾਰ-ਬਾਰ ਕਰਦੇ ਰਹੀਏ ਤਾਂ ਉਹ ਅਚੇਤ ਹੀ ਸੁਤੇ ਸਿਧ ਹੀ ਹੋ ਜਾਂਦਾ ਹੈ, ਆਦਤ ਬਣ ਜਾਂਦੀ ਹੈ। ਮਿਸਾਲ ਵਜੋਂ ਤੁਰਨਾ ਕਿਸੇ ਵੀ ਵੱਡੇ ਮਨੁੱਖ ਲਈ ਬਹੁਤ ਹੀ ਸਾਧਾਰਨ ਕੰਮ ਹੈ ਜਿਸ

ਨੂੰ ਕਰਨ ਲਈ ਕੋਈ ਯਤਨ ਨਹੀਂ ਕਰਨਾ ਪੈਂਦਾ, ਇਹ ਇਕ ਅਚੇਤ ਕ੍ਰਿਆ ਹੈ ਜਿਸ ਵਿਚ ਕੋਈ ਚੇਤਨ ਯਤਨ ਦੀ ਲੋੜ ਨਹੀਂ। ਲੋੜ ਪੈਣ ਤੇ ਚੇਤਨ ਮਨ ਦਖਲ ਦੇ ਸਕਦਾ ਹੈ। ਇਥੇ ਇਹ ਦਸ ਦੇਣਾ ਅਵੱਸ਼ਕ ਹੈ ਕਿ ਇਸ ਤੁਰਨ ਦੀ ਕ੍ਰਿਆ ਦਾ ਅਚੇਤ ਮਨ ਵਿਚ ਵਸ ਕੇ ਸ੍ਵੈ-ਚਲਿਤ ਹੋਣ ਨੂੰ ਬਹੁਤ ਸਮਾਂ ਲੱਗਾ ਸੀ। ਬੱਚਾ ਜਦੋਂ ਤੁਰਨਾ ਸਿਖਦਾ ਹੈ, ਕਿੰਨੀ ਵਾਰੀ ਡਿਗਦਾ ਹੈ, ਫੇਰ ਖੜ੍ਹਾ ਹੁੰਦਾ ਹੈ, ਫੇਰ ਉਠਦਾ ਹੈ, ਤੁਰਦਾ ਹੈ, ਕਿੰਨੀ ਕੋਸ਼ਿਸ਼ ਤੋਂ ਬਾਅਦ ਕਿੰਨੇ ਯਤਨ ਕਰਨ ਤੋਂ ਬਾਅਦ ਬੱਚਾ ਤੁਰਨ ਲਗਦਾ ਹੈ।

ਸਰੀਰ ਦੇ ਅੰਦਰ ਦੇ ਅੰਗ (ਗੁਰਦੇ, ਦਿਲ, ਜਿਗਰ) ਇਹ ਵੀ ਇਸ ਤਰ੍ਹਾਂ ਹੀ ਕੰਮ ਕਰਦੇ ਹਨ, Bio-feedback ਤੇ ਖੋਜ ਨੇ ਇਹ ਦਸਿਆ ਹੈ ਕਿ ਭਾਵੇਂ ਗੁਰਦੇ, ਦਿਲ, ਜਿਗਰ ਇਹ ਸ੍ਵੈ-ਚਲਿਤ ਅੰਗ ਹਨ, ਅਣਇਛਤ ਹੀ ਕੰਮ ਕਰਦੇ ਹਨ ਪਰ ਇਹ ਸਿਖਾਏ ਜਾ ਸਕਦੇ ਹਨ ਤੇ ਸਿਖਾਉਣ ਤੋਂ ਬਾਅਦ ਇਨ੍ਹਾਂ ਤੇ ਚੇਤਨ ਤੌਰ ਤੇ ਕਾਬੂ ਪਾਇਆ ਜਾ ਸਕਦਾ ਹੈ। ਇਹ ਜ਼ਰੂਰ ਹੈ ਕਿ ਇਸ ਲਈ ਬਹੁਤ ਹੀ ਜ਼ਿਆਦਾ ਅਭਿਆਸ ਦੀ ਲੋੜ ਹੈ, ਪੱਠਿਆਂ ਦੀ ਗੱਲ ਹੋਰ ਹੈ ਇਨ੍ਹਾਂ ਨੂੰ ਤੁਸੀਂ ਆਪਣੀ ਇੱਛਾ ਅਨੁਸਾਰ ਕਾਬੂ ਕਰ ਸਕਦੇ ਹੋ, ਇਨ੍ਹਾਂ ਤੋਂ ਕੰਮ ਲੈ ਸਕਦੇ ਹੋ, ਇਨ੍ਹਾਂ ਨੂੰ ਚੇਤਨ ਪੱਧਰ ਤੇ ਕਾਬੂ ਕਰ ਸਕਦੇ ਹੋ।

ਸ੍ਵਾਸ ਲੈਣ ਦੀ ਕ੍ਰਿਆ ਇਕ ਨਿਰਾਲੀ ਸਰੀਰਕ ਕ੍ਰਿਆ ਹੈ, ਕਾਰਣ ਇਹ ਸਰੀਰ ਦੇ ਅੰਦਰ ਦੇ ਅੰਗ, ਸ੍ਵੈ-ਚਲਿਤ ਅੰਗਾਂ ਨੂੰ ਇੱਛਾ ਪੂਰਵਕ ਚਲਣ ਵਾਲੇ ਅੰਗਾਂ ਨਾਲ ਜੋੜਦੇ ਹਨ ਇਹ ਕੰਮ ਬਹੁਤ ਹੀ ਸਹਿਜ ਨਾਲ ਹੋ ਰਿਹਾ ਹੈ। ਮਿਸਾਲ ਵਜੋਂ ਸ੍ਵਾਸਾਂ ਨੂੰ ਕਾਬੂ ਕਰਨ ਦੀ ਨਿਪੁੰਨਤਾ ਨਾਲ ਸ੍ਵਾਸਾਂ ਦੀ ਗਤੀ ਤੇ ਡੂੰਘਾਈ ਨੂੰ, ਗਹਿਰਾਈ ਨੂੰ ਬਦਲਿਆ ਜਾ ਸਕਦਾ ਹੈ ਪਰ ਇਹ ਉਥੋਂ ਤਕ ਹੀ ਬਦਲਿਆ ਜਾ ਸਕਦਾ ਹੈ ਜਿਥੋਂ ਤਕ ਸ੍ਵੈ-ਚਲਿਤ ਪ੍ਰਤਿਕ੍ਰਿਆਤਮ ਗਤੀ ਕਰ ਸਕਦੀ ਹੈ, ਜਿਥੋਂ ਤਕ ਸੰਭਵ ਹੋ ਸਕਦਾ ਹੈ। ਸ੍ਵਾਸਾਂ ਦੀ ਗਤੀ ਜੀਵਨ ਚਲਾਉਣ ਲਈ ਅਵਸ਼ਕ ਹੈ। ਸ੍ਵਾਸ ਲੈਣੇ ਸਭ ਤੋਂ ਪਹਿਲੀ ਜ਼ਰੂਰਤ ਹੈ, ਇਹ ਅਨੁਜੀਵਨ ਹੈ। ਇਸ ਨਾਲ ਇਹ ਪਤਾ ਲਗਦਾ ਹੈ ਕਿ ਪਾਚਨ ਕ੍ਰਿਆ ਲਈ ਆਕਸੀਜਨ ਦੀ ਕਿੰਨੀ ਲੋੜ ਹੈ ਕਿਉਂਕਿ ਆਕਸੀਜਨ ਤੋਂ ਬਿਨਾਂ ਭੋਜਨ ਨੂੰ ਸ਼ਕਤੀ ਵਿਚ ਨਹੀਂ ਪ੍ਰਿਵਰਤ ਕੀਤਾ ਜਾ ਸਕਦਾ।

ਆਧੁਨਿਕ ਵਿਗਿਆਨ ਨੇ ਸ੍ਵਾਸਾਂ ਦੇ ਵੱਖ-ਵੱਖ ਪਹਿਲੂ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਕਿਵੇਂ ਪੱਠਿਆਂ ਤੋਂ ਤੇ ਹੋਰ ਅੰਗਾਂ ਤੋਂ ਕਿਵੇਂ ਆਕਸੀਜਨ ਸਾਰੇ ਸਰੀਰ ਵਿਚ ਅਤੇ ਪਾਚਨ ਸ਼ਕਤੀ ਵਿਚ ਬਦਲੀ ਜਾਂਦੀ ਹੈ। ਭਾਵੇਂ ਸਾਧਾਰਨ ਖੋਜ ਨੇ ਇਹ ਸਾਬਤ ਕੀਤਾ ਹੈ ਕਿ ਸ੍ਵਾਸਾਂ ਦੀ ਮਹੱਤਤਾ ਪਾਚਨ ਸ਼ਕਤੀ ਤੋਂ ਪਰ੍ਹੇ ਵੀ ਹੈ, ਪਰ ਬੁੱਧੀ ਮੰਡਲ ਦੀ ਵਧੇਰੇ ਪਚੀਦੀ ਖੋਜ ਨੇ, ਵਿਗਿਆਨਕ ਧਾਰਨਾ ਨੇ ਸ੍ਵਾਸਾਂ ਨੂੰ ਕੇਵਲ ਪਾਚਨ ਸ਼ਕਤੀ ਤਕ ਹੀ ਸੀਮਤ ਕੀਤਾ ਹੈ। ਮਿਸਾਲ ਵਜੋਂ ਇਹ ਸਭ ਦਾ ਅਨੁਭਵ ਹੈ ਕਿ ਸੰਵੇਗਾਂ ਦਾ ਤੇ ਸ੍ਵਾਸਾਂ ਦਾ ਸਬੰਧ ਹੈ। ਬਹੁਤ ਵਾਰੀ ਜਦੋਂ ਅਸੀਂ ਉਤੇਜਿਤ ਹੁੰਦੇ ਹਾਂ ਖਾਸ ਤੌਰ ਤੇ ਜਦੋਂ ਬਹੁਤ ਹੀ ਵਧ ਭਾਵੁਕ ਹੋ ਜਾਂਦੇ ਹਾਂ, ਰੋਣ ਲਗ ਪੈਂਦੇ ਹਾਂ, ਅਤਿ ਦੁੱਖ ਵਿਚ ਹੁੰਦੇ ਹਾਂ, ਸ੍ਵਾਸ ਕੰਬਣ ਲਗ ਪੈਂਦੇ ਹਨ; ਇਸੇ ਤਰ੍ਹਾਂ ਜਦੋਂ ਅਸੀਂ ਗੁੱਸੇ ਵਿਚ ਹੁੰਦੇ ਹਾਂ ਉਦੋਂ ਵੀ ਸਾਡੇ ਸ੍ਵਾਸ ਕੰਬਣ ਲਗ ਪੈਂਦੇ ਹਨ, ਜਿਸ ਤੋਂ ਇਹ ਪਤਾ ਲਗਦਾ ਹੈ ਕਿ ਸ੍ਵਾਸਾਂ ਦਾ ਅਤੇ ਭਾਵਾਂ ਦਾ ਸੰਵੇਗਾਂ ਦਾ ਕਿੰਨਾ ਗਹਿਰਾ ਸਬੰਧ ਹੈ। ਇਸ ਤੋਂ ਇਲਾਵਾ ਕੋਈ ਵੀ ਉਤੇਜਿਤ ਸਰੀਰਕ ਅਵਸਥਾ ਜਿਵੇਂ ਕਿ ਦਰਦ ਕਸਰਤ ਇਨ੍ਹਾਂ ਨਾਲ ਸ੍ਵਾਸਾਂ ਦੀ ਗਤੀ ਤੇ ਭਾਵਨਾਵਾਂ ਬਦਲ ਸਕਦੀਆਂ ਹਨ।

ਇਕ ਵਾਰੀ ਜਦੋਂ ਇਹ ਸਭ ਕੁਝ ਧਿਆਨ ਨਾਲ ਦੇਖ ਲਿਆ ਜਾਵੇ ਤਾਂ ਬਹੁਤ ਸਾਰੇ ਪ੍ਰਸ਼ਨ ਸਾਮ੍ਹਣੇ ਆਉਂਦੇ ਹਨ, ਪਹਿਲਾ ਸ੍ਵਾਸਾਂ ਦਾ ਅਤੇ ਸੰਵੇਗਾਂ ਦਾ ਭਾਵਨਾ ਨਾਲ ਕੀ ਸਬੰਧ ਹੈ? ਵਾਸਤਵ ਵਿਚ ਕੀ ਹੈ, ਕਿਸ ਤਰ੍ਹਾਂ ਹੈ? ਕੀ ਭਾਵਨਾਵਾਂ ਸੰਵੇਗ ਤੇ ਸਰੀਰਕ ਹਾਲਾਤ ਸ੍ਵਾਸਾਂ ਦੀ ਗਤੀ ਬਦਲਣ ਨਾਲ ਬਦਲੇ ਜਾ ਸਕਦੇ ਹਨ।

ਇਹ ਕੁਝ ਇਕ ਪ੍ਰਸ਼ਨ ਹਨ ਜਿਹੜੇ ਇਸ ਲੇਖ ਲੜੀ ਵਿਚ ਜਾਂਚੇ ਗਏ ਹਨ, ਹਰੇਕ ਅਧਿਆਏ ਵਿਚ ਇਕ ਵਿਚਾਰ ਨੂੰ ਸਿਰੇ ਚੜ੍ਹਾਇਆ ਗਿਆ ਹੈ ਅਤੇ ਇਹ ਦਸਿਆ ਗਿਆ ਹੈ ਕਿ ਸ੍ਵਾਸ ਸਰੀਰ ਅਤੇ ਦਿਮਾਗ ਵਿਚ ਇਕ ਪੁਲ ਦਾ ਕੰਮ ਕਰਦੇ ਹਨ ਅਤੇ ਲੇਖਕਾਂ ਨੇ ਇਹ ਯਤਨ ਕੀਤਾ ਹੈ ਕਿ ਪੱਛਮ ਦੀਆਂ ਵਿਗਿਆਨਕ ਖੋਜਾਂ ਤੇ ਪੂਰਬ ਦੇ ਅਨੁਭਵ ਦਾ ਕਿਵੇਂ ਸੁਚੱਜੇ ਤਰੀਕੇ ਨਾਲ ਮੇਲ ਕੀਤਾ ਜਾਵੇ ਤੇ ਇਕ ਸੰਤੁਲਨ ਸਪਸ਼ਟੀਕਰਨ ਪੇਸ਼ ਕੀਤਾ ਜਾਵੇ। ਭੂਮਿਕਾ ਵਿਚ ਸ੍ਵਾਸਾਂ ਬਾਰੇ ਬੜੇ ਵਿਸਥਾਰ ਨਾਲ ਦਸਿਆ ਗਿਆ ਹੈ। ਉਸ ਉਪਰਾਂਤ ਡਾ. ਹਾਈਮਜ਼ (Hymes) ਸਰੀਰਕ ਬਣਤਰ ਅਤੇ ਸਰੀਰ ਦੇ ਸ੍ਵਾਸ ਲੈਣ ਦੇ ਥੱਲੇ ਦੇ ਹਿੱਸੇ ਦੀ ਸਰੀਰਕ ਬਣਤਰ ਦਾ ਨਰੀਖਣ ਕਰਦੇ ਹਨ ਅਤੇ ਉਸ ਦਾ ਪ੍ਰਾਕ੍ਰਿਤਕ ਅਤੇ ਮਨੋਵਿਗਿਆਨਕ ਪ੍ਰਭਾਵ ਜੋ ਸ੍ਵਾਸ ਲੈਣ ਉਤੇ ਪੈਂਦਾ ਹੈ, ਉਸ ਬਾਰੇ ਗੱਲ ਕਰਦੇ ਹਨ। ਉਸ ਤੋਂ ਅਗਲੇ ਅਧਿਆਇ ਵਿਚ ਨੱਕ ਦਾ (ਜਿਸ ਨੂੰ ਬਹੁਤ ਨਿੰਦਿਆ ਗਿਆ ਹੈ) ਤੇ ਉਪਰ ਤੇ ਸ੍ਵਾਸ ਲੈਣ ਦੇ ਭਾਗਾਂ ਦਾ ਵਰਨਣ ਡਾ. ਬੈਲਨਟਾਈਨ (Ballentine) ਨੇ ਕੀਤਾ ਹੈ। ਅੱਗੇ ਇਹ ਸ੍ਵਾਸ ਲੈਣ ਦੀ ਕ੍ਰਿਆ ਨੂੰ ਇਸ ਪੱਖੋ ਜਾਂਚਿਆ ਜਾਂਦਾ ਹੈ ਕਿ ਅੰਦਰ ਲੈਣ ਵੇਲੇ ਸ੍ਵਾਸ ਕਿਵੇਂ ਲਿਆ ਜਾਂਦਾ ਹੈ ਅਤੇ ਕਿਵੇਂ ਉਸ ਨਾਲ ਅੱਗੋਂ ਨਾੜੀਆਂ ਦੀ ਸ਼ਕਤੀ ਵਿਚ, ਕਿਵੇਂ ਇਸ ਦਾ ਪ੍ਰਵੇਸ਼ ਹੁੰਦਾ ਹੈ ਅੰਤਲੇ ਅਧਿਆਇ ਵਿਚ ਸ੍ਵਾਮੀ ਰਾਮ ਸਰੀਰ ਤੇ ਦਿਮਾਗ ਨੂੰ ਚਲਾਉਣ ਵਾਲੇ ਸ੍ਵਾਸਾਂ ਰੂਪੀ ਵਾਹਨ ਦੀ ਵਿਆਖਿਆ ਕਰਦੇ ਹਨ ਭਾਵ ਪ੍ਰਾਣਾਂ ਦੀ ਵਿਆਖਿਆ ਕਰਦੇ ਹਨ। ਪੁਰਾਤਨ ਯੋਗੀਆਂ ਦੇ ਗ੍ਰੰਥਾਂ ਅਨੁਸਾਰ ਪ੍ਰਾਣ ਸਭ ਤੋਂ ਸੂਖਸ਼ਮ ਸ਼ਕਤੀ ਹਨ। ਇਥੇ ਇਹ ਵੀ ਦਸਿਆ ਗਿਆ ਹੈ ਕਿ ਕਿਵੇਂ ਪ੍ਰਾਣਾਂ ਨੂੰ ਰੋਕਿਆ ਜਾ ਸਕਦਾ ਹੈ ਜਾਂ ਸ਼ਕਤੀ ਨੂੰ ਰੋਕਿਆ ਜਾ ਸਕਦਾ ਹੈ, ਬੰਨ ਲਾਇਆ ਜਾ ਸਕਦਾ ਹੈ ਜੋ ਕਿ ਸਰੀਰਕ ਬਣਤਰ ਜਾਂ ਸਰੀਰਕ ਕੰਮ ਕਾਰਜ ਦੀ ਨੀਂਹ ਹੈ ਅਤੇ ਦਿਮਾਗ ਦੇ ਕਾਬੂ ਵਿਚ ਹੈ।

"ਸ੍ਵਾਸਾਂ ਦਾ ਵਿਗਿਆਨ" ਦਾ ਮੰਤਵ ਸ੍ਵਾਸਾਂ ਪ੍ਰਤੀ ਗਿਆਨ ਦੇਣਾ ਹੈ, ਇਸ ਤਰ੍ਹਾਂ ਦਾ ਗਿਆਨ ਦੇਣਾ ਜੋ ਜੀਵਨ ਦੇ ਵਿਕਾਸ ਵਿਚ ਸਹਾਇਕ ਹੋ ਸਕੇ, ਆਪਣੇ ਵਿਕਾਸ ਵਿਚ ਸਹਾਇਕ ਹੋ ਸਕੇ। ਇਸ ਮਨੋਰਥ ਲਈ ਕਸਰਤ ਕਰਨ ਦੇ ਤਰੀਕੇ ਅਤੇ ਹੋਰ ਜੋ ਕੁਝ ਵੀ ਪ੍ਰੈਕਟੀਕਲ ਕਰਨਾ ਹੈ ਉਹ ਸਾਰਾ ਦਸਿਆ ਗਿਆ ਹੈ, ਤਰਤੀਬਵਾਰ ਦਸਿਆ ਗਿਆ ਹੈ,

(ਬਾਕੀ ਪੰਨਾ 35 ਤੇ)

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਗਿਆਨੀ ਮੇਹਰ ਸਿੰਘ ਜੀ*

## ਸੰਤ ਬਾਬਾ ਨੰਦ ਸਿੰਘ ਮਹਾਰਾਜ ਕਲੇਰਾਂ ਵਾਲੇ

ਨਵੇਂ ਡੇਰੇ ਹੀ ਸੰਤ ਨੰਦ ਸਿੰਘ ਮਹਾਰਾਜ ਕਲੇਰਾਂ ਵਾਲੇ ਨਹਿਰ ਨਹਿਰ ਜਾਂਦੇ ਹੋਏ ਪਧਾਰੇ ਸਨ। ਸੰਤ ਜੀ ਮਹਾਰਾਜ ਆਪਣੇ ਪਾਸ ਕਿਸੇ ਨੂੰ ਘੱਟ ਹੀ ਆਪਣੇ ਸਥਾਨ ਤੋਂ ਬਾਹਰ ਆ ਕੇ ਮਿਲਿਆ ਕਰਦੇ ਸਨ। ਉਹ ਕੇਵਲ ਮਾਤਰ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਹਰਖੋਵਾਲ, ਸੰਤ ਬਿਸ਼ਨ ਸਿੰਘ ਜੀ ਮਹਾਰਾਜ ਕਾਂਜਲਾ ਤੇ ਫਿਰ ਸੰਤ ਨੰਦ ਸਿੰਘ ਜੀ ਮਹਾਰਾਜ ਨੂੰ ਵਿਅਕਤੀਗਤੀ ਮਹਾਨ ਮੰਨ ਕੇ ਸਤਿਕਾਰ ਨਾਲ ਉਚ ਸਥਾਨ ਪਰ ਸਸ਼ੋਭਤ ਕਰਕੇ ਉਨ੍ਹਾਂ ਨਾਲ ਪੂਰਨ ਸਤਿਕਾਰ ਨਾਲ ਵਰਤਾਉ ਕੀਤਾ ਕਰਦੇ ਸੀ। ਬਾਕੀ ਹੋਰ ਅਨੇਕਾਂ ਮਹਾਤਮਾ ਹਨ। ਫਿਰ ਸਿਆਸੀ ਆਦਮੀਆਂ ਨੂੰ ਸਤਿਕਾਰ ਤਾਂ ਆਪਣੇ ਪਾਸ ਆਉਣ ਪਰ ਦਿਤਾ ਹੀ ਹੋਵੇਗਾ, ਪਰ ਅਸਥਾਨ ਛੱਡ ਕੇ ਅੱਗੋਂ ਮਿਲਣ ਕਦੇ ਵੀ ਕਿਸੇ ਨੂੰ ਨਹੀਂ ਗਏ। ਕੋਈ ਵੱਡਾ ਸਰਕਾਰੀ ਅਹਿਲਕਾਰ ਉਹ ਭਾਵੇਂ ਅਹੁਦੇਦਾਰ ਹੋਵੇ ਜਾਂ ਫਿਰ ਵਜ਼ੀਰ, ਉਹ ਖਾਸ ਮਹਾਨਤਾ ਨਹੀਂ ਰਖਦਾ। ਪਰ ਸਾਧੂ ਲਈ ਮਹਾਂਪੁਰਖ ਸਦਾ ਹੀ ਉਤਮ ਤੇ ਮਹਾਨ ਸਤਿਕਾਰ ਦਾ ਸਥਾਨ ਰਖਦੇ ਹਨ।

ਸੰਤ ਨੰਦ ਸਿੰਘ ਜੀ ਮਹਾਰਾਜ ਸਾਕਾਰ ਦੇ ਪੁਜਾਰੀ ਸਨ। ਉਹ ਸਤਿਗੁਰਾਂ ਦੀ ਦੇਹਧਾਰੀ ਹੋਣ ਦੀ ਹਸਤੀ ਵਾਂਗ ਹੀ ਪੂਜਾ ਅਰਚਾ ਕਰਦੇ ਸਨ। ਜਿਸ ਤਰ੍ਹਾਂ ਕਿ ਉਹ ਇਹ ਮਹਿਸੂਸ ਕਰਦੇ ਸਨ ਕਿ ਗੁਰੂ ਨਾਨਕ ਸੱਚੇ ਪਾਤਸ਼ਾਹ ਆਪ ਦੇਹ ਧਾਰ ਕੇ ਆਉਂਦੇ ਹਨ ਤੇ ਉਹ ਇਸ਼ਨਾਨ ਆਦਿਕ ਕਰਕੇ ਫਿਰ ਪ੍ਰਸਾਦਿ ਆਦਿਕ ਵੀ ਪਾਨ ਕਰਦੇ ਸਨ। ਫਿਰ ਉਹ ਗੁਰੂ ਅਸਥਾਨ ਪਰ ਲੰਗਰ ਨਹੀਂ ਲਗਣ ਦਿੰਦੇ ਤੇ ਡੇਰੇ ਦੇ ਸਿੰਘਾਂ ਦਾ ਭੋਜਨ ਬਾਹਰੋਂ ਹੀ ਬਣ ਕੇ ਆਉਂਦਾ ਹੈ। ਇਸ ਬਾਰੇ ਇਨ੍ਹਾਂ ਦਾ ਵਿਚਾਰ ਸੀ ਕਿ ਇਸ ਤਰ੍ਹਾਂ ਡੇਰੇ ਵਿਚ ਜਿਸ ਨੂੰ ਠਾਠ ਦਾ ਨਾਮ ਦਿੰਦੇ ਸਨ ਅੰਦਰ ਅਡੰਬਰ ਵਧਦਾ ਹੈ ਤੇ ਮਨੋਂ ਬਿਰਤੀ ਰਜੋਗੁਣੀ ਹੋ ਜਾਂਦੀ ਹੈ।

ਪਰ ਇਸ ਦੇ ਐਨ ਉਲਟ ਸੰਤ ਈਸ਼ਰ ਸਿੰਘ ਜੀ ਮਹਾਰਾਜ ਨਿਰਾਕਾਰ ਦੇ ਉਪਾਸ਼ਕ ਹਨ। ਉਹ ਸ਼ਬਦ ਰਾਹੀਂ ਜੋਤ ਰੂਪ ਆਤਮਾ ਤਕ ਪੁੱਜ ਕੇ ਫਿਰ ਸਰਬ ਪ੍ਰਸਾਰਤ ਪ੍ਰਭੂ ਨੂੰ ਹਰ ਹਿਰਦੇ ਅੰਦਰ ਬੈਠਾ ਤਕਦੇ ਹਨ। ਸਤਿਗੁਰੂ ਜੀ ਨੂੰ ਉਹ ਸ਼ਬਦ ਬ੍ਰਹਮ ਮੰਨਦੇ ਹਨ ਤੇ ਉਨ੍ਹਾਂ ਦਾ ਨਿਵਾਸ ਸਥਾਨ ਇਸ ਹਿਰਦੇ ਨੂੰ ਮੰਨਦੇ ਹਨ। ਸੁਰਤੀ ਦਾ ਜੋੜ ਸ੍ਵਾਸ ਰਾਹੀਂ ਸ਼ਬਦ ਤੇ ਸ੍ਵਾਸਾਂ ਦੇ ਟਿਕਾਉ ਤੇ ਫਿਰ ਦਸਮ ਦੁਆਰ ਰਾਹੀਂ ਸਤਿ ਸਰੂਪ ਪ੍ਰਭੂ ਜੋ ਕਿ ਹਰ ਪਾਸੇ ਪਸਰ ਰਿਹਾ ਹੈ, ਸਰਬ ਵਿਆਪਕ ਜਾਣ ਕੇ ਵਿਗਸਦੇ ਤੇ ਉਸੇ ਦੀ ਪੂਜਾ ਕਰਦੇ ਹਨ।

ਇਸ ਤੋਂ ਬਿਨਾਂ ਸੰਤ ਜੀ ਮਹਾਰਾਜ ਬਾਹਰੋਂ ਆਏ ਪ੍ਰਸ਼ਾਦਿ ਛਕਣ ਦੇ ਹਾਮੀ ਨਹੀਂ, ਉਹ ਇਹ ਮੰਨਦੇ ਹਨ ਕਿ ਸਾਧੂ ਦੀ ਇਕਾਂਤ ਬਿਰਤੀ ਨੂੰ ਕਦੇ ਵੀ ਬਾਹਰਮੁਖੀ ਤੇ ਚਿੰਤਾਤੁਰ ਨਹੀਂ ਹੋਣਾ ਲੋੜੀਦਾ। ਸਗੋਂ ਮਨੋਬਿਰਤੀ ਟਿਕਾਉਣ ਦਾ ਆਸਾਨ ਢੰਗ ਇਹ ਹੈ ਕਿ ਮੁਢਲੇ ਤੌਰ ਪਰ ਸੇਵਾ ਦਾ ਅੰਸ਼ ਇਤਨਾ ਮਹਾਨ ਹੋਣਾ ਲੋੜੀਂਦਾ ਹੈ ਕਿ ਉਹ ਬਾਹਰਲੀ ਦੁਨੀਆਂ ਭੁੱਲ ਹੀ ਜਾਏ। ਕੇਵਲ ਲੰਗਰ ਦੇ ਬਰਤਨ ਮਾਂਜਣਾ ਹੀ ਇਕ ਐਸਾ ਗੁਣ ਹੈ ਜੋ ਮਨ ਨੂੰ ਨਿਰਮਲ ਤੇ ਪਵਿੱਤਰ ਕਰਨ ਲਈ ਸਭ ਤੋਂ ਵੱਧ ਸਹਾਈ ਹੋ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਜਦੋਂ ਅਨੰਦਪੁਰ ਵਿਖੇ ਭਾਈ ਮਨੀਏ ਨਾਮੀ ਨੌਜਵਾਨ ਨੂੰ ਜੋ ਮਾਲਵੇ ਦਾ ਹੋਣਹਾਰ ਬੱਚਾ ਸੀ, ਡਿੱਠਾ ਤਦ ਫੁਰਮਾਇਆ ਸੀ। ਮਨੀਆ ਤੂੰ ਇਕ ਅਮੋਲਕ ਮਣੀ ਰੂਪ ਹੋ ਸਕਦਾ ਹੈਂ, ਪਰ ਇਸ ਲਈ ਤੈਨੂੰ ਮਨ ਨੂੰ ਮਾਂਜ ਕੇ ਸਵੱਛ ਤੇ ਨਿਰਮਲ ਕੰਵਲ ਵਤ ਕਰਨਾ ਹੈ। ਲੰਗਰ ਦੇ ਬਰਤਣ (ਭਾਂਡਾ) ਮਾਂਜੋ, ਫਿਰ ਮਨ ਨੂੰ ਸ਼ਬਦ ਰਾਹੀਂ ਸਾਫ ਕਰੋ ਫਿਰ ਬਾਹਰਲੀ ਮੈਲ ਤੇ ਜੂਠ ਉਤਰ ਕੇ ਬਰਤਣ ਸਵੱਛ ਹੋ ਆਉਂਦਾ ਹੈ, ਪਰ ਮਨ ਦੀ ਮੈਲ ਨੂੰ ਤਾਂ ਸਿਮਰਨ ਦਾ ਸਾਬਨ ਹੀ ਧੋ ਸਕਦਾ ਹੈ। ਸੋ ਆਪ ਸਾਧੂ ਦੀ ਬਿਰਤੀ ਦੀ ਪਵਿੱਤਰਤਾ, ਟਿਕਾਉ ਤੇ ਉਚ ਪਦਵੀ ਦੀ ਪ੍ਰਾਪਤੀ ਹਿਤ ਦੋਵੇਂ ਹੀ ਸਾਧਨ ਉਤਮ ਸਮਝਦੇ ਹਨ। ਸੰਤ ਜੀ ਮਹਾਰਾਜ ਸੰਤ ਨੰਦ ਸਿੰਘ ਜੀ ਮਹਾਰਾਜ ਨਾਲ ਇਕਾਂਤ ਵਿਚ ਕਾਫੀ ਦੇਰ ਆਤਮ ਗਿਆਨ ਸ਼ਬਦ ਸੁਰਤ ਤੇ ਆਤਮ ਬ੍ਰਹਮ ਦੇ ਭੇਦ ਬਾਰੇ ਵਿਚਾਰਾਂ ਕਰਦੇ ਰਹੇ, ਫਿਰ ਜਦੋਂ ਸੰਤ ਨੰਦ ਸਿੰਘ ਜੀ ਮਹਾਰਾਜ ਡੇਰੇ ਤੋਂ ਤੁਰੇ ਤਦ ਨਹਿਰ ਕੋਲ ਪੁੱਜ ਕੇ ਫੁਰਮਾਉਣ ਲੱਗੇ।

ਭਾਈ ਸੰਤ ਈਸ਼ਰ ਸਿੰਘ ਜੀ ਦੀ ਆਯੂ ਛੋਟੀ ਹੈ ਪਰ ਵਿਚਾਰ ਮਹਾਨ ਹਨ, ਇਨ੍ਹਾਂ ਦੀ ਬਿਰਤੀ ਬਹੁਤ ਉਚੀ ਹੈ।

ਇਹ ਗੱਲ ਸਾਫ ਜ਼ਾਹਰ ਕਰਦੀ ਹੈ ਕਿ ਸਾਧੂ ਦੀ ਪਹਿਚਾਣ ਤਾਂ ਸਾਧੂ ਹੀ ਕਰ ਸਕਦਾ ਹੈ, ਹੋਰ ਕੌਣ ਹੈ ਜੋ ਇਸ ਗੱਲ ਨੂੰ ਸੋਚੇ ਸਮਝੇ ਜਾਂ ਫਿਰ ਫੈਸਲਾ ਦੇ ਸਕੇ ਕਿ ਕੌਣ ਕਿਤਨਾ ਮਹਾਨ ਸਥਾਨ ਪ੍ਰਾਪਤ ਕਰ ਸਕਿਆ ਹੈ। ਇਹ ਵਿਚਾਰ ਵੀ ਉਸ ਪਾਵਨ ਪਵਿੱਤਰ ਆਤਮਾ ਦੇ ਹਨ ਜਿਨ੍ਹਾਂ ਦੀ ਵਿਚਾਰਧਾਰਾ ਹੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਤੋਂ ਮੁਢਲੇ ਤੌਰ ਪਰ ਵਖਰੀ ਹੈ। ਭਾਵੇਂ ਦੋਵੇਂ ਹੀ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਹੀ ਦਰ ਦੇ ਸੇਵਕ ਤੇ ਸ੍ਰੀ ਕਲਗੀਧਰ ਪਾਤਸ਼ਾਹ ਦੇ ਮੁਰੀਦ ਹਨ। ਪਰ ਮੁਢਲੇ ਵਿਚਾਰ ਇਕ ਦਮ ਵਖਰੇ ਹਨ। ਇਕ ਬਾਹਰਲੇ ਰੂਪ ਦਾ ਉਪਾਸ਼ਕ ਹੈ ਦੂਸਰਾ ਸ਼ਬਦ ਰੂਪ ਦੀ ਪੂਜਾ ਕਰਦਾ ਹੈ। ਪਰ ਜਦੋਂ ਅਸਲ ਨਿਸ਼ਾਨਾ ਇਕ ਹੈ ਤਦ ਇਕ ਦੂਸਰੇ ਨੂੰ ਸਮਝਣਾ ਤੇ ਫਿਰ ਉਸ ਦਾ ਸਤਿਕਾਰ ਕਰਨਾ ਇਕ ਧਰਮ ਹੀ ਬਣ ਜਾਂਦਾ ਹੈ।

ਸੰਤ ਈਸ਼ਰ ਸਿੰਘ ਮਹਾਰਾਜ ਦਾ ਤਾਂ ਪ੍ਰਤੱਖ ਹੀ ਨਿਸ਼ਚਾ ਹੈ ਕਿ ਜੇਕਰ ਸਤਿ ਦੀ ਪ੍ਰਾਪਤੀ ਲਈ ਕੋਈ ਕਿਸੇ ਵੀ ਰਾਹ ਥਾਈਂ ਆ ਜਾਵੇ ਉਹ ਪ੍ਰਮਾਣਿਤ ਹੀ ਨਹੀਂ, ਪੂਜਣਯੋਗ ਹੈ। ਸਤਿ ਦੀ ਭਾਵੇਂ ਉਹ ਕਿਸੇ ਦੇ ਵੀ ਪੱਲੇ ਹੈ ਉਸ ਦੀ ਇਜ਼ਤ ਹੀ ਨਹੀਂ, ਪੂਰਨ ਸਤਿਕਾਰ ਦਿਓ, ਇਸ ਵਿਚ ਤੁਹਾਡੀ ਆਪਣੀ ਵਡਿਆਈ ਹੈ।

## ਕਬਰ ਪਰ ਪ੍ਰਾਰਥਨਾ

ਜਦੋਂ ਸੰਤ ਜੀ ਮਹਾਰਾਜ ਡੇਰੇ ਤੋਂ ਬਾਹਰ ਪੱਛਮੀ ਪੰਜਾਬ

ਦਾ ਦੌਰਾ ਕਰ ਰਹੇ ਸਨ। ਉਸ ਸਮੇਂ ਅਨੇਕਾਂ ਹੀ ਕੌਤਕ ਤੱਕਣ ਵਿਚ ਆਉਂਦੇ ਸਨ। ਦੁਖੀ ਦੀਨ ਤੇ ਸੰਸਿਆਂ ਦੀ ਮਾਰੀ ਦੁਨੀਆਂ ਉਨ੍ਹਾਂ ਪਾਸ ਰੋਜ਼ ਹੀ ਪੁਕਾਰ ਲੈ ਕੇ ਆਉਂਦੀ ਸੀ। ਸੰਤ ਜੀ ਮਹਾਰਾਜ ਆਦਤ ਅਨੁਸਾਰ ਘੱਟ ਬੋਲਦੇ ਤੇ ਜੇਕਰ ਕੋਈ ਬਹੁਤ ਤੰਗ ਕਰੇ ਤਦ ਸੇਵਕਾਂ ਨੂੰ ਅਰਦਾਸ ਲਈ ਆਗਿਆ ਕਰ ਦਿੰਦੇ ਸਨ, ਪਰ ਉਹ ਵਰ ਸਰਾਪ ਵਿਚ ਬਹੁਤ ਵਕਤ ਜਾਇਆ ਨਹੀਂ ਸਨ ਕਰਦੇ। ਇਕ ਵਾਰੀ ਵਰ ਦੇ ਦੇਵੋ ਫਿਰ ਇਹ ਕਲਪਨਾ ਬਣੇਗੀ ਕਿ ਉਹ ਪੂਰਾ ਹੋਵੇ। ਫਿਰ ਸਰਾਪ ਦਿਤਾ ਤਦ ਦੂਸਰੇ ਨੂੰ ਸਾੜਨ ਤੋਂ ਪਹਿਲਾਂ ਸਰਾਪ ਦੇਣ ਵਾਲਾ ਆਪ ਹੀ ਸੜਦਾ ਹੈ। ਜਦੋਂ ਤਕ ਤੀਲੀ ਦਾ ਮੂੰਹ ਅੱਗ ਨਾਲ ਸੜਦਾ ਨਹੀਂ ਤਦੋਂ ਤਕ ਉਹ ਦੂਸਰੇ ਨੂੰ ਅੱਗ ਲਾ ਕੇ ਫੂਕ ਨਹੀਂ ਸਕਦੀ। ਇਹ ਠੀਕ ਹੈ ਕਿ ਗਿਆਨੀ ਪੁਰਸ਼ਾਂ ਲਈ ਵਰ ਸਰਾਪ ਦਾ ਦਿਤਾ ਜਾਣਾ ਜਾਂ ਫਿਰ ਨਾ ਦਿਤਾ ਜਾਣਾ ਕੋਈ ਵੀ ਮੁੱਲ ਨਹੀਂ ਰਖਦਾ ਪਰ ਇਹ ਤਾਂ ਇਕ ਅਮਰ ਸਚਾਈ ਹੈ ਕਿ ਜਿਵੇਂ ਕਮਜ਼ੋਰ ਆਦਮੀ ਧੱਕਾ ਖਾ ਕੇ ਹੋਰ ਕਮਜ਼ੋਰ, ਪਰ ਤਾਕਤ ਵਾਲਾ ਧੱਕੇ ਨਾਲ ਹੋਰ ਤਾਕਤਵਾਰ ਹੋ ਜਾਂਦਾ ਹੈ ਕਿਉਂਕਿ ਉਸ ਨਾਲ ਉਸ ਦੀ ਕਸਰਤ ਹੋ ਜਾਂਦੀ ਹੈ। ਸੋ ਘੱਟ ਕਮਾਈ ਤੇ ਘੱਟ ਸ਼ਕਤੀਵਾਨ ਸਾਧਾਰਨ ਸਾਧੂ ਤਾਂ ਵਰ ਸਰਾਪ ਵਿਚ ਉਲਝ ਕੇ ਹੀ ਰਹਿ ਜਾਂਦਾ ਹੈ। ਫਿਰ ਉਸ ਨੂੰ ਸਿਮਰਨ ਅਭਿਆਸ ਭੁਲ ਹੀ ਜਾਂਦੇ ਹਨ। ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਇਹ ਨਿਸ਼ਚਾ ਹੈ ਕਿ ਉਨ੍ਹਾਂ ਦੀ ਸੰਗਤ ਦੇ ਸਾਥੀ ਸੇਵਕ ਉਨ੍ਹਾਂ ਪਾਸੋਂ ਹੀ ਗੁਣ ਗ੍ਰਹਿਣ ਕਰਦੇ ਹਨ। ਫਿਰ ਜੇਕਰ ਉਹ ਵਰ ਸਰਾਪਾਂ ਪਰ ਵਕਤ ਬਰਬਾਦ ਕਰਨ ਤਦ ਸਿੱਖ ਸੇਵਕ ਸਾਥੀ ਭਗਤ ਦੋ ਹੱਥ ਅੱਗੇ ਲੰਘ ਕੇ ਹੋਰ ਸਾਰੀਆਂ ਕਰਮ ਧਰਮ ਤੇ ਸੰਜਮ ਮਈ ਜੀਵਨ-ਜੁਗਤਾਂ ਛੱਡ ਕੇ ਸਿਮਰਨ ਦੀ ਲੋਅ ਤੋਂ ਵੀ ਵਾਂਝੇ ਹੀ ਰਹਿ ਜਾਣਗੇ। ਸੋ ਉਹ ਸਦਾ ਹੀ ਇਸ ਯਤਨ ਵਿਚ ਰਹਿੰਦੇ ਹਨ ਕਿ ਉਨ੍ਹਾਂ ਦੀ ਹਰ ਕਿਰਿਆ ਕਰਮ ਤੇ ਸਾਧਨ ਵਿਚ ਕਿਸੇ ਵੀ ਤਰ੍ਹਾਂ ਕੋਈ ਕਮੀ ਘਾਟਾ ਜਾਂ ਫਿਰ ਢਿੱਲ ਮੱਠ ਦਾ ਕਾਰਣ ਨਾ ਬਣੇ। ਪਰ ਜਿਸ ਵੀ ਕਿਸੇ ਦਾ ਭਲਾ ਹੋਣਾ ਹੈ ਉਹ ਅਵੱਸ਼ ਹੁੰਦਾ ਹੀ ਰਹਿੰਦਾ ਹੈ। ਉਹ ਨਦੀ ਵੀ ਕਿਸ ਅਰਥ ਜਿਸ ਅੰਦਰ ਇਸ਼ਨਾਨ ਕਰਕੇ ਮਨੁੱਖ ਸ਼ਾਂਤ, ਸਵੱਛ ਤੇ ਨਰੋਆਪਨ ਮਹਿਸੂਸ ਨਾ ਕਰੇ। ਸੰਤਾਂ ਦੀ ਸੰਗਤ ਤੋਂ ਹਰ ਕਿਸੇ ਨੇ ਲਾਭ ਹੀ ਪ੍ਰਾਪਤ ਕਰਨਾ ਹੈ, ਭਾਵੇਂ ਉਹ ਉਨ੍ਹਾਂ ਦਾ ਦੋਖੀ ਹੀ ਕਿਉਂ ਨਾ ਹੋਵੇ।

ਲਾਹੌਰ ਸ਼ਹਿਰ ਤੋਂ ਬਾਹਰ ਸੰਤ ਜੀ ਮਹਾਰਾਜ ਸ਼ਾਮ ਸਮੇਂ ਸੈਰ ਕਰਨ ਲਈ ਨਿਕਲੇ। ਆਮ ਤੌਰ ਤੇ ਉਹ ਜਥੇ ਦੇ ਨਾਲ ਬਾਹਰ ਨਹੀਂ ਜਾਂਦੇ ਸਨ। ਉਨ੍ਹਾਂ ਦੇ ਨਾਲ ਕੇਵਲ ਇਕ ਅੱਧ ਸੇਵਕ ਹੀ ਹੁੰਦਾ ਸੀ, ਜੋ ਗੜਵਾ ਤੇ ਹੇਠਾਂ ਵਿਛਾਵਣ ਹਿਤ ਕਪੜਾ ਨਾਲ ਰਖਦਾ ਸੀ। ਜਿਥੇ ਉਹ ਆਗਿਆ ਕਰਨ ਆਸਣ ਵਿਛਾ ਦਿਤਾ ਤੇ ਇਕਾਂਤ ਅੰਦਰ ਸੰਤ ਜੀ ਮਹਾਰਾਜ ਦੋ ਘੜੀ ਅਨੰਦ ਮਾਣ ਲੈਂਦੇ ਸਨ। ਸੰਤ ਜੀ ਮਹਾਰਾਜ ਫਿਰਦੇ ਫਿਰਦੇ ਇਕ ਜਗ੍ਹਾ ਪੁੱਜੇ ਜਿਥੇ ਬੈਠਣ ਹਿਤ ਇਕਾਂਤ ਵਿਚ ਚੰਗੀ ਜਗ੍ਹਾ ਬਣਾਈ ਹੋਈ ਸੀ, ਫਿਰ ਹੋਰ ਅੱਗੇ ਜਾ ਕੇ ਚੌਹੀਂ ਪਾਸੀਂ ਕਬਰਾਂ ਹੀ ਕਬਰਾਂ ਸਨ। ਮਹਾਂਪੁਰਖ ਹਰ ਕਬਰ ਨੂੰ ਧਿਆਨ ਨਾਲ ਤਕ ਕੇ ਅੱਗੇ ਵਧਦੇ ਜਾਂਦੇ ਹਨ। ਇਹ ਤੱਕ ਕੇ ਨਾਲ ਦੇ ਸਿੰਘ ਜੋ ਸਰਦਾਰ ਬਲਵੰਤ ਸਿੰਘ ਆਹਲੂਵਾਲੀਆ ਸਨ, ਹੈਰਾਨ ਹੋ ਰਹੇ ਸਨ ਕਿ ਸੰਤ ਜੀ ਮਹਾਰਾਜ ਕਿਸ ਚੀਜ਼ ਦੀ ਤਲਾਸ਼ ਵਿਚ ਹਨ। ਸੰਤ ਮਹਾਰਾਜ ਇਕ ਇਕ ਕਬਰ ਪਰ ਠਹਿਰ ਕੇ ਖੁਤਬਾ ਪੜ੍ਹਦੇ ਜਾਂਦੇ ਸਨ ਫਿਰ ਇਕ ਜਗ੍ਹਾ ਦਾ ਖੁਤਬਾ ਪੜ੍ਹ ਕੇ ਆਪ ਜੀ ਖੜੋ ਗਏ "ਐ ਗੁਜ਼ਰਨੇ ਵਾਲੇ, ਮੁਝ ਗੁਨਹਗਾਰ ਕਾ ਫਾਤਿਹਾ ਪੜ੍ਹਤੇ ਜਾਨਾਂ।" ਫਿਰ ਅੱਖਾਂ ਬੰਦ ਕਰਕੇ ਹੱਥ ਜੋੜ ਕੇ ਇਸ ਤਰ੍ਹਾਂ ਖੜ੍ਹੇ ਹੋ ਗਏ ਜਿਸ ਤਰ੍ਹਾਂ ਪਰਵਰਦਗਾਰ ਦੀ ਦਰਗਾਹ ਵਿਚ ਕਿਸੇ ਲਈ ਪ੍ਰਾਰਥਨਾ ਅੰਦਰ ਜੁੜੇ ਹੋਏ ਹੋਣ। ਕਿਤਨੀ ਹੀ ਦੇਰ ਇਹ ਰੰਗ ਰਿਹਾ ਕਿ ਕੋਈ ਅਵਾਜ਼ ਨਹੀਂ, ਕੋਈ ਵੀ ਜ਼ੁਬਾਨ ਨਹੀਂ ਹਿਲਦੀ ਸੀ ਪਰ ਫਿਰ ਵੀ ਸਰਦਾਰ ਬਲਵੰਤ ਸਿੰਘ ਜੀ ਅਨੁਭਵ ਕਰਦੇ ਸਨ ਕਿ ਕੁਝ ਕਿਹਾ ਜਾ ਰਿਹਾ ਹੈ ਤੇ ਉਸ ਜ਼ੁਬਾਨ ਨੂੰ ਕੋਈ ਹੋਰ ਸੁਣਨਹਾਰ ਹੈ ਜੋ ਸਾਮ੍ਹਣੇ ਖਲੋ ਕੇ ਸੁਣ ਰਿਹਾ ਹੈ।

ਸਰਦਾਰ ਬਲਵੰਤ ਸਿੰਘ ਜੀ ਨੇ ਇਸ ਤਰ੍ਹਾਂ ਪ੍ਰਤੀਤ ਕੀਤਾ ਕਿ ਚਿੱਟੇ ਕਫਨ ਦੇ ਕਪੜੇ ਵਿਚ ਇਕ ਨੌਜਵਾਨ ਖੂਬਸੂਰਤ ਮੁਸਲਮਾਨ ਬਾਹਰ ਆ ਰਿਹਾ ਹੈ। ਉਸਦੇ ਨੇਤਰ ਬੰਦ ਸਨ ਪਰ ਫਿਰ ਉਸ ਨੇ ਸਿਰ ਝੁਕਾ ਕੇ ਮਹਾਂਪੁਰਖਾਂ ਨੂੰ ਸਲਾਮ ਕੀਤੀ। ਫਿਰ ਕਿਹਾ, ਹੇ ਬਖਸ਼ੀ ਰੂਹ! ਬਾਰੇ-ਗਾਹ-ਖੁਦਾ ਵਿਚ ਆਪਣੀ ਦੁਆ ਪੁਚਾ ਸਕਣਹਾਰੇ ਵਲੀ ਅੱਲਾਹ, ਤੇਰਾ ਸੌ ਬਾਰ ਸ਼ੁਕਰ ਗੁਜ਼ਾਰ ਹਾਂ, ਮਰਨ ਤੋਂ ਪਹਿਲਾਂ ਮੈਂ ਹੀ ਘਰ ਵਾਲਿਆਂ ਨੂੰ ਇਹ ਹਦਾਇਤ ਕੀਤੀ ਸੀ ਕਿ ਮੇਰੀ ਕਬਰ ਪਰ ਇਹ ਇਬਾਰਤ ਲਿਖੀ ਜਾਵੇ।

"ਐ ਰਾਹ ਗੁਜ਼ਰ, ਮੇਰੇ ਲਈ ਉਸ ਪਰਵਰਦਗਾਰ ਦੀ ਦਰਗਾਹ ਵਿਚ ਦੁਆ ਕਰਕੇ ਜਾਹ।" ਹੋ ਸਕਦਾ ਹੈ ਤੇਰੀ ਦੁਆ ਕਬੂਲ ਹੋਵੇ ਤੇ ਮੇਰੇ ਗੁਨਾਹ ਬਖਸ਼ ਕੇ ਉਹ ਮੈਨੂੰ ਆਪਣੀ ਦਰਗਾਹ ਅੰਦਰ ਕਬੂਲ ਕਰ ਲਵੇ।

ਇਹ ਖੁਤਬਾ ਲਿਖਿਆ ਗਿਆ। ਅੱਜ ਸੌ ਸਾਲਾਂ ਬਾਦ ਇਕ

ਮਰਦ ਨੇ ਇਧਰ ਝਾਤ ਮਾਰੀ ਹੈ। ਤੇਰੀ ਨਿਗਾਹੇ ਪਾਕ ਨੇ, ਤੇਰੀ ਕੀਤੀ ਹੋਈ ਦੁਆ ਨੇ, ਮੇਰੇ ਸਾਰੇ ਹੀ ਬੋਝ ਉਤਾਰ ਦਿਤੇ ਹਨ। ਮੈਂ ਅੱਜ ਗੁਨਾਹਗਾਰ ਤੇ ਬੋਝਾਂ ਨਾਲ ਦਬਿਆ ਹੋਇਆ ਪਲੀਤ ਮਨੁੱਖ ਨਹੀਂ ਹਾਂ। ਪਰ ਅੱਜ ਤਾਂ ਇਕ ਫੁੱਲ ਵਰਗਾ ਹਲਕਾ ਹਾਂ, ਤੇਰੇ ਰਹਿਮੋ ਕਰਮ ਦਾ ਸਦਕਾ ਛੇਤੀ ਉਸ ਦਰਬਾਰ ਵਿਚ ਹਾਜ਼ਰ ਹੋ ਜਾਵਾਂਗਾ। ਜਿਸ ਨੂੰ ਹਾਸਲ ਕਰਨ ਲਈ ਵਲੀ ਤੇ ਔਲੀਆ ਵੀ ਤਰਸਦੇ ਰਹਿੰਦੇ ਹਨ। ਸਰਦਾਰ ਬਲਵੰਤ ਸਿੰਘ ਜੀ ਨੇ ਤੱਕਿਆ, ਉਹ ਨੌਜਵਾਨ ਛੇਤੀ ਹੀ ਦੋ ਨੂਰੀ ਸ਼ਕਲ ਦੇ ਫਰਿਸ਼ਤਿਆਂ ਨਾਲ ਅਰਸ਼ਾਂ ਵਲ ਨੂੰ ਚਲਾ ਗਿਆ। ਉਹ ਫਰਿਸ਼ਤੇ ਕਹਿ ਰਹੇ ਸਨ ਕਿ ਸਾਨੂੰ ਤਾਂ ਆਚਨਕ ਹੀ ਰਵਾਨਗੀ ਦਾ ਹੁਕਮ ਹੋਇਆ ਹੈ ਜੋ ਇਸ ਪਾਵਨ ਫਕੀਰ ਦੀ ਰਹਿਮਤ ਹੀ ਹੈ ਜੋ ਤੈਨੂੰ ਉਸ ਦਰਬਾਰ ਵਿਚ ਪੁਚਾ ਸਕੀ ਹੈ। ਫਿਰ ਅਚਾਨਕ ਹੀ ਮਹਾਂਪੁਰਖਾਂ ਨੇ ਆਪਣਾ ਹੱਥ ਉਪਰ ਨੂੰ ਚੁਕਿਆ ਮਾਨੋ ਉਸ ਆਦਮੀ ਨੂੰ ਉਪਰ ਜਾਣ ਦੀ ਅਸੀਸ ਦੇ ਰਹੇ ਹੋਣ। ਪਰ ਫਿਰ ਇਹ ਸੁਪਨਾ ਟੁਟ ਹੀ ਗਿਆ ਜਦੋਂ ਸਤਿਪੁਰਖਾਂ ਹੱਸ ਕੇ ਕਿਹਾ, ਭਾਈ ਬਲਵੰਤ ਸਿੰਘ ਤੱਕੋ ਕਿਸੇ ਇਕ ਲਿਖਤ ਦਾ ਮਨ ਪਰ ਕਿਤਨਾ ਪ੍ਰਭਾਵ ਹੁੰਦਾ ਹੈ। ਇਸ ਲਿਖਤ ਨੇ ਇਕ ਬੇਨਤੀ ਤੇ ਪੁਕਾਰ ਬਣ ਕੇ ਸਾਨੂੰ ਵੀ ਉਸ ਪ੍ਰਭੂ ਨੂੰ, ਉਸ ਅੱਲਾਹ ਨੂੰ ਇਹ ਬੇਨਤੀ ਕਰਨ ਲਈ ਮਜ਼ਬੂਰ ਕਰ ਦਿਤਾ ਕਿ ਉਹ ਇਸ ਆਤਮਾ ਨੂੰ ਚਰਨਾਂ ਵਿਚ ਬੁਲਾ ਲਵੇ।

ਸਰਦਾਰ ਬਲਵੰਤ ਸਿੰਘ ਜੀ ਨੇ ਹੱਥ ਬੰਨ੍ਹ ਕੇ ਕਿਹਾ, "ਮਹਾਰਾਜ! ਸੱਚ ਤਾਂ ਇਹ ਹੈ ਕਿ ਇਸ ਨੌਜਵਾਨ ਦੀ ਪੁਕਾਰ ਹੀ ਹਜ਼ੂਰ ਨੂੰ ਇਸ ਜਗ੍ਹਾ ਤੇ ਖਿੱਚ ਲਿਆਈ ਹੈ। ਉਹ ਬਖਸ਼ ਦਿਤਾ ਗਿਆ। ਗੁਨਾਹਗਾਰ ਹੈ ਸੀ ਕਿ ਨਹੀਂ ਪਰ ਮੁਰਸ਼ਦ ਦੀ ਨਿਗਾਹੇ ਕਰਮ ਨੇ ਉਸ ਦੇ ਸਾਰੇ ਪਾਪ ਧੋ ਦਿਤੇ ਜਾਂ ਉਸ ਦੇ ਸਾਰੇ ਐਬ ਢਕ ਲਏ ਹਨ ਤੇ ਹੁਣ ਉਹ ਨਿਰੋਲ ਸਵੱਛ ਤੇ ਬਖਸ਼ੀ ਹੋਈ ਆਤਮਾ ਪ੍ਰਭੂ ਦੇ ਦੇਸ਼ ਵਿਚ ਪੁੱਜ ਗਈ ਹੈ।"

ਸੰਤ ਜੀ ਮਹਾਰਾਜ ਸਿਰਫ ਹੱਸ ਕੇ ਕਹਿਣ ਲੱਗੇ, "ਓ ਕਮਲਿਆ! ਪ੍ਰਭੂ ਦੀ ਕਰਣੀ ਉਹ ਆਪ ਹੀ ਜਾਣਦਾ ਹੈ ਪਰ ਅਰਦਾਸ ਫਕੀਰ ਦਾ ਧਰਮ ਹੈ ਰਹਿਮ ਅੱਲਾਹ ਦਾ ਕਰਮ ਹੈ।"

## ਗੁਰਮੁਖ ਕੋਟ ਉਧਾਰੇ

ਅਸੀਂ ਉਪਰ ਦਸ ਆਏ ਹਾਂ ਕਿ ਨਵੇਂ ਡੇਰੇ ਤੋਂ ਪਿਛੋਂ ਜਿਥੋਂ ਬਾਹਰੋਂ ਸੰਗਤਾਂ ਦੀ ਆਵਾਜਾਈ ਵਧੀ, ਉਥੇ ਬਾਹਰ ਦੇ ਦੀਵਾਨਾਂ ਦਾ ਇਕ ਲੜੀਵਾਲ ਸਿਲਸਿਲਾ ਆਰੰਭ ਹੋਇਆ। ਹਰ ਜਗ੍ਹਾ ਦੀਵਾਨ ਪਹਿਲਾਂ ਸੰਤ ਜੀ ਮਹਾਰਾਜ ਇਕ ਦੋ ਦਿਨ ਹੀ ਦਿਤਾ ਕਰਦੇ ਸਨ ਪਰ ਇਸ ਗੱਲ ਦੀ ਪਹਿਲ ਸੰਤ ਜੀ ਮਹਾਰਾਜ ਦੇ ਸਤਿਸੰਗੀ ਤੇ ਵੱਡੇ ਮਹਾਂਪੁਰਖਾਂ ਦੀ ਸੰਗਤ ਤੋਂ ਲਾਭ ਲੈ ਚੁੱਕੇ ਇਕ ਸੂਰਮਾ ਸਿੰਘ ਗਿਆਨੀ ਲਛਮਣ ਸਿੰਘ ਜੀ ਸਨ। ਜਿਨ੍ਹਾਂ ਦੀ ਪ੍ਰੇਰਨਾ ਕਰਕੇ ਸੰਤ ਜੀ ਮਹਾਰਾਜ ਨੇ ਜੀਰਖ ਜਾ ਕੇ ਦਸਮ ਪਾਤਸ਼ਾਹ ਦੇ ਗੁਰਦਵਾਰੇ ਦੀ ਨੀਂਹ ਰਖਣੀ ਤੇ ਫਿਰ ਦੀਵਾਨ ਲਗਾਉਣੇ ਵੀ ਮਨਜ਼ੂਰ ਕੀਤੇ ਸਨ। ਇਸ ਸਿੰਘ ਨੇ ਸੰਤ ਜੀ ਮਹਾਰਾਜ ਨੂੰ ਇਕ ਸੁਝਾਉ ਦਿਤਾ ਸੀ ਕਿ ਅੰਦਰ ਵਸ ਰਹੇ ਧਿਆਨ ਦਾ ਗਿਆਨ ਜੋ ਪਰਮ ਪੁਰਖਾਂ ਪਾਸੋਂ ਤੁਹਾਨੂੰ ਮਿਲਿਆ ਹੈ, ਸੰਸਾਰ ਨੂੰ ਇਸ ਦਾ ਛਟਾ ਦਿਉ। ਇਹ ਕੋਈ ਐਸੀ ਗੱਲ ਤੇ ਹੈ ਨਹੀਂ ਜੋ ਮੁੱਕ ਜਾਏਗੀ ਫਿਰ ਘਾਟੇ ਵਿਚ ਆ ਜਾਏਗੀ। ਇਹ ਉਹ ਰਾਜ਼ ਹੈ ਜੋ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਫੁਰਮਾਨ ਅਨੁਸਾਰ ਰੱਜ ਕੇ ਵਰਤੋਂ ਕਰਕੇ ਤੱਕੋ ਇਹ ਹੋਰ ਵਧਦੀ ਹੋਈ ਅੱਗੇ ਹੀ ਅੱਗੇ ਅਨੰਤ ਤੇ ਅਗਾਧ ਹੁੰਦੀ ਨਜ਼ਰ ਆਵੇਗੀ।

ਘਾਟੇ ਵਿਚ ਸਦਾ ਉਹੀ ਰਾਸ ਆਉਂਦੀ ਹੈ ਜੋ ਮਾਦੇ ਦੀ ਉਪਜ ਹੈ। ਮਾਦਾ ਘਟਦਾ ਹੈ ਵਧਦਾ ਹੈ ਪਰ ਮਾਨਸਿਕ ਦੁਨੀਆਂ ਦਾ ਸੌਦਾ ਹੀ ਵਖਰਾ ਹੈ। ਜਦੋਂ ਤਕ ਮਨ ਦੀ ਬਿਰਤੀ ਸਾਫ ਨਹੀਂ ਉਹ ਵੀ ਕਲਪਨਾ ਕਰਕੇ ਸੰਸਿਆਂ ਦਾ ਹੀ ਰੂਪ ਹੈ। ਤਦੋਂ ਤਕ ਉਹ ਨਿਰਾ ਹੀ ਘਾਟਾ ਹੈ। ਪਰ ਜਦੋਂ ਹੀ ਬੁੱਧੀ ਨੇ ਪਲਟਾ ਖਾ ਲਿਆ ਉਸ ਨੇ ਬਿਬੇਕ ਦਾ ਰੂਪ ਧਾਰਨ ਕਰ ਲਿਆ, ਸੁਰਤ ਆਤਮ ਵਿਸ਼ੈਣੀ ਹੋ ਗਈ ਤਦ ਫਿਰ ਚਿੰਤਾ ਕਿਸ ਗੱਲ ਦੀ? ਫਿਰ ਸੰਸਾਰ ਹੀ ਨਾ ਰਿਹਾ ਤੇ ਸੰਸਾਰ ਦੀ ਅਣਹੋਂਦ ਵਿਚ ਸੋਚ ਤੇ ਸੰਕਲਪ ਕਿਥੇ ਰਹੇਗਾ? ਸੋ ਮਾਨਸਿਕ ਦੁਨੀਆਂ ਅੰਦਰ ਆਤਮ ਵਿਚਾਰ, ਆਤਮ ਚਿੰਤਨ ਤੇ ਫਿਰ ਆਤਮ ਰੂਪ ਹੀ ਹੋ ਕੇ ਰਹਿ ਜਾਂਦਾ ਹੈ।

ਸਤਿ ਸਰੂਪ ਇਕ ਮਾਤਰ ਰਾਸ ਹੈ ਜੋ ਸਦਾ ਜੀਉਂਦੀ ਹੈ, ਵਧਦੀ ਹੈ, ਕੋਈ ਚੱਕਰ ਆ ਜਾਵੇ। ਕੋਈ ਵੀ ਸੰਸਾਰੀ ਪਦਾਰਥ ਨਾਲ ਸਫਲ ਹੋ ਜਾਵੇ ਫਿਰ ਵੀ ਸੱਚ ਨੂੰ ਘਟਾਉਣ ਵਾਲੀ ਕਿਹੜੀ ਸਤਾ ਹੈ? ਕਿਹੜੀ ਸੋਚ ਹੈ, ਕਿਹੜਾ ਸੰਸਾਰ ਦਾ ਧਾਰਮਿਕ ਜਾਂ ਫਿਰ ਅਰਥ ਦਾ ਮਸਲਾ ਹੈ ਜੋ ਸਤ, ਪਦਾਰਥ ਦੀਆਂ ਕੀਮਤਾਂ ਘਟਾ ਸਕਦਾ ਹੈ?

ਸੰਤ ਜੀ ਮਹਾਰਾਜ ਨੇ ਇਸੇ ਹੀ ਸਤਿ ਪਦਾਰਥ ਦੇ ਚੌਤਰਫੇ ਜੀਵਨ ਨੂੰ ਲਗਾ ਦਿਤਾ ਹੈ। ਸਿਮਰਨ ਵਿਚ ਸਤਿ ਕਰਨੀ ਅੰਦਰ ਪ੍ਰਧਾਨਤਾ ਸਤਿ ਸਰੂਪ ਦੀ ਹੈ। ਰਹਿਤ ਵੀ ਇਕ ਮਾਤਰ ਸਤਿ ਨਾਮ ਹੀ ਹੈ। ਕਿਸੇ ਵੀ ਸਾਥੀ ਨੂੰ ਇਹ ਆਗਿਆ ਨਹੀਂ ਕਿ ਉਹ ਸਤਿ ਸਰੂਪ ਅੰਦਰ ਅਟੱਲ ਵਿਸ਼ਵਾਸ਼ ਰਖਦਿਆਂ ਗਲਤ ਕਾਰਵਾਈ ਕਰੇ। ਸੰਤ ਜੀ ਮਹਾਰਾਜ ਦਾ ਕੋਈ ਸੇਵਕ ਗੰਡੇ ਤਵੀਤ ਤੇ ਮੰਤਰਾਂ ਨਾਲ ਲੋਕਾਂ ਦੀਆਂ ਬੀਮਾਰੀਆਂ ਨਹੀਂ ਹਟਾਉਂਦਾ। ਸੰਤ ਜੀ ਮਹਾਰਾਜ ਦੀ ਆਗਿਆ ਹੈ ਕਿ ਸਰੀਰ ਪੰਜ ਭੂਤਕ ਹੈ। ਤੱਤਾਂ ਦੀ ਘਾਟ ਜਾਂ ਕਿਸੇ ਇਕ ਤੱਤ ਦੀ ਘਾਟ ਦਾ ਨਾਮ ਬੀਮਾਰੀ ਹੈ, ਜਿਸ ਤਰ੍ਹਾਂ ਅੰਤਰ ਆਤਮਾ ਕਿਸੇ ਸੋਚ ਦਾ ਇਲਾਜ ਅਭਿਆਸ ਹੈ। ਫਿਰ ਆਤਮ ਚਿੰਤਨ ਤੇ ਦੂਸਰੇ ਵੱਡੇ ਮਹਾਂਪੁਰਖਾਂ ਦੀ ਸੰਗਤ ਤੇ ਸਤਿਸੰਗਤ ਦਾ ਵਿਚਾਰ ਹੈ, ਉਸੇ ਹੀ ਤਰ੍ਹਾਂ ਸਰੀਰ ਦੀ ਸੇਵਾ ਸੰਭਾਲ ਵੀ ਜ਼ਰੂਰੀ ਹੈ, ਜਿਸ ਸਰੀਰ ਰਾਹੀਂ ਤੁਸਾਂ ਆਤਮ ਚਿੰਤਨ ਤੇ ਆਤਮ ਸਾਧਨ ਕਰਨਾ ਹੈ, ਉਹ ਸਰੀਰ ਸੰਭਾਲਿਆ ਨਾ ਜਾਵੇ ਤਦ ਉਹ ਜਾਂ ਤਾਂ ਅਜੀਬ ਰੋਗਾਂ ਦਾ ਸ਼ਿਕਾਰ ਹੋ ਜਾਵੇਗਾ। ਤੇ ਜੇਕਰ ਉਸ ਨੂੰ ਹਰ ਪ੍ਰਕਾਰ ਦੀ ਖੁਲ੍ਹ ਖੁਰਾਕ ਵਿਸ਼ਿਆਂ ਅੰਦਰ ਦਿਤੀ ਜਾਵੇ ਤਦ ਵੀ ਉਹ ਮਹਾਂ ਕਲੇਸ਼ ਤੇ ਉਪਦਰਵੀ ਹੋ ਕੇ ਸਤਿ ਦੇ ਰਾਹ ਤੋਂ ਭਟਕ ਹੀ ਨਹੀਂ ਜਾਵੇਗਾ ਸਗੋਂ ਰਸਾਤਲ ਦੇ ਰਾਹ ਪੈ ਕੇ ਸੱਤਿਆਨਾਸ਼ੀ ਹੋ ਜਾਏਗਾ।

ਸੰਤ ਜੀ ਮਹਾਰਾਜ ਦੀ ਆਗਿਆ ਹੈ। ਜੋ ਉਹ ਸਦਾ ਆਪਣੇ ਵਿਚਾਰਾਂ ਵਿਚ ਪੇਸ਼ ਕਰਦੇ ਹਨ। ਸੰਜਮ ਸਹਿਤ ਜੀਵਨ ਗੁਜ਼ਾਰੋ, ਬਿਉਹਾਰ ਸਤਤਾ ਦਾ ਕਰੋ। ਫਿਰ ਹਿਰਦੇ ਅੰਦਰ ਸਦਾ ਵਸ ਰਹੀ ਆਤਮ ਬ੍ਰਹਮ ਸਰੂਪ ਆਤਮਾ ਨੂੰ ਪ੍ਰਤੱਖ

ਤੱਕੋ, ਸਿਮਰਨ ਇਤਨਾ ਦ੍ਰਿੜ੍ਹ ਕਰੋ ਕਿ ਹਰ ਸਮੇਂ ਹਮੇਸ਼ਾ ਇਕ ਰਸ ਸਤ ਸੱਤਾ ਪ੍ਰਤੱਖ ਤੌਰ ਤੇ ਵਰਤਦੀ ਨਜ਼ਰ ਆਵੇ, ਹਰ ਸਮੇਂ ਨਿਜ ਰੂਪ ਹੀ ਨਜ਼ਰ ਆਵੇ। ਆਪ ਜੀ ਦਾ ਨਿਸ਼ਚਾ ਹੈ ਕਿ ਜੇਕਰ ਸੱਚ ਪੱਲੇ ਹੋਵੇ ਜਾਂ ਫਿਰ ਹਿਰਦੇ ਅੰਦਰ ਸੱਚ ਦੀ ਕੋਈ ਕਣੀ ਪੂਰਬਲੇ ਜਨਮ ਦੇ ਸੰਜੋਗ ਵਸ ਹੀ ਹੋਵੇ, ਉਹ ਜੇਕਰ ਗਣਕਾ, ਬਣ ਕੇ ਕਿਸੇ ਚੁਬਾਰੇ ਦੀ ਸੋਭਾ ਵੀ ਹੈ ਸਰੀਰ ਵੇਚ ਕੇ ਜੀਵਨ ਨਿਰਬਾਹ ਕਰਦੀ ਹੈ ਪਰ ਕਰਮ ਸੰਜੋਗ ਜ਼ਰੂਰ ਹੀ ਕਿਸੇ ਸਤਿਪੁਰਖ ਸੰਤ ਨੂੰ ਉਸ ਦੇ ਦਰਵਾਜ਼ੇ ਪੁਚਾ ਹੀ ਦੇਵੇਗਾ। ਜੋ ਅੰਤਰ ਆਤਮਾ ਦੀ ਜਾਗ੍ਰਤੀ ਨੂੰ ਉਜਾਗਰ ਕਰਨ ਹਿਤ ਕੋਈ ਤੋਤਾ ਕੋਈ ਬਹਾਨਾ ਲੱਭ ਕੇ ਉਸ ਦੇ ਕਲਿਆਣ ਦਾ ਕਾਰਨ ਹੋ ਸਕਦਾ ਹੈ।

ਆਪ ਜੀ ਇਹ ਨਿਸਚਾ ਰਖਦੇ ਹਨ ਕਿ ਸਿੱਖ ਸਤਿਗੁਰੂ ਵਿਚ ਜਿਸ ਕਿਸਮ ਦੀ ਭਾਵਨਾ ਕਰੇਗਾ, ਸਤਿਗੁਰੂ ਦੀ ਮਿਹਰ ਉਸ ਦੇ ਆਤਮਾ ਦੀ ਪਵਿੱਤਰਤਾ ਤੇ ਸ਼ਬਦ ਦੀ ਅਰਾਧਨਾ ਪਿਛੋਂ ਸ਼ਬਦ ਸੁਰਤ ਦੇ ਜੋਤ ਤੇ ਸੁਰਤੀ ਦੀ ਸਥਿਤੀ ਇਕ ਸਥਾਨ ਪਰ ਪ੍ਰਪੱਕ ਹੋਣ ਉਪਰੰਤ, ਸੇਵਕ ਵੀ ਉਸੇ ਹੀ ਸਰੂਪ ਵਿਚ ਹੋਵੇਗਾ ਜਿਸ ਤਰ੍ਹਾਂ ਉਹ ਗੁਰਦੇਵ ਨੂੰ ਤਕਦਾ ਹੈ। ਇਸ ਲਈ ਉਹ ਪ੍ਰਮਾਣ ਵਜੋਂ ਬਾਬਾ ਬੁੱਢਾ ਜੀ ਦਾ ਕਥਨ ਕੀਤਾ ਕਰਦੇ ਹਨ ਕਿ ਉਨ੍ਹਾਂ ਸਤਿਗੁਰੂ ਜੀ ਨੂੰ ਇਕ ਪਰਮ ਮਹਾਂਪੁਰਖ ਦੇ ਰੂਪ ਵਿਚ ਤੱਕਿਆ ਤੇ ਇਹੀ ਗੱਲ ਉਨ੍ਹਾਂ ਗੁਰੂ ਅੰਗਦ ਸਾਹਿਬ ਜੀ ਸਾਮ੍ਹਣੇ ਪ੍ਰਗਟ ਕੀਤੀ ਕਿ ਮੈਂ ਗੁਰਦੇਵ ਨੂੰ ਪਾਵਨ ਮਹਾਂਪੁਰਸ਼ ਕਰਕੇ ਜਾਤਾ ਸੀ। ਸੋ ਗੁਰਦੇਵ ਨੇ ਹੱਸ ਕੇ ਫੁਰਮਾਇਆ ਤੁਸਾਂ ਸਤਿਗੁਰਾਂ ਦੀ ਸੇਵਾ ਤੇ ਆਰਾਧਨਾ ਜੋ ਸਮਝ ਕੇ ਕੀਤੀ ਤੁਸੀਂ ਆਪ ਉਹ ਰੂਪ ਹੋ ਗਏ। ਫਿਰ ਬਾਬਾ ਜੀ ਨੇ ਸਤਿਗੁਰਾਂ ਨੂੰ ਪੁਛਿਆ, "ਤੁਸਾਂ ਸਤਿਗੁਰੂ ਜੀ ਨੂੰ ਕੀ ਜਾਣਿਆ ਸੀ?"

ਤਦ ਗੁਰਦੇਵ ਨੇ ਸਿਰ ਨੀਵਾਂ ਕਰਕੇ ਫੁਰਮਾਇਆ, "ਬਾਬਾ ਜੀ! ਤੁਸੀਂ ਮਹਾਂਪੁਰਖ ਹੋ, ਤੁਸਾਂ ਮੇਰੇ ਗੁਰਦੇਵ ਦੀ ਸੰਗਤ ਤੇ ਦਰਸ਼ਨ ਬਹੁਤ ਹੀ ਨਜ਼ਦੀਕ ਤੋਂ ਕੀਤੇ ਹਨ। ਪਰ ਮੈਂ ਜਦੋਂ ਪਹਿਲੇ ਹੀ ਦਿਨ ਸਤਿਗੁਰਾਂ ਦੇ ਸਾਮ੍ਹਣੇ ਗਿਆ ਸੀ ਮੈਨੂੰ ਉਹ ਪ੍ਰਤੱਖ ਪਾਰਬ੍ਰਹਮ ਪ੍ਰਮੇਸ਼ਰ ਦੇ ਰੂਪ ਵਿਚ ਨਜ਼ਰ ਆਏ ਸਨ। ਇਹੀ ਮੇਰਾ ਨਿਸ਼ਚਾ ਸੀ, ਇਹੀ ਜਾਣ ਕੇ ਮੈਂ ਉਨ੍ਹਾਂ ਦੀ ਸੇਵਾ ਤੇ ਆਰਾਧਨਾ ਕਰਦਾ ਸਾਂ। ਉਹ ਸਰਬ ਵਿਆਪੀ ਪਰਮ ਬ੍ਰਹਮ ਦਾ ਰੂਪ ਪ੍ਰਮੇਸ਼ਵਰ ਸਨ।"

ਬਾਬਾ ਬੁੱਢਾ ਜੀ ਨੇ ਸਿਰ ਨੀਵਾਂ ਕਰਕੇ ਕਿਹਾ, "ਸਤਿ ਹੈ ਗੁਰਦੇਵ ਫਿਰ ਸਤਿਗੁਰਾਂ ਨੇ ਉਹੀ ਰੂਪ ਜਿਸ ਦੀ ਤੁਸਾਂ ਆਰਾਧਨਾ ਕੀਤੀ ਆਪ ਜੀ ਨੂੰ ਦੇ ਦਿਤਾ, ਤੁਸੀਂ ਪ੍ਰਮੇਸ਼ਰ ਰੂਪ ਗੁਰੂ ਪ੍ਰਮੇਸ਼ਵਰ ਬਣ ਗਏ।"

ਸੰਤ ਜੀ ਮਹਾਰਾਜ ਦਾ ਇਹ ਉਪਦੇਸ਼ ਇਤਨਾ ਆਕਰਖਣ ਹੈ ਕਿ ਉਹ ਜਦੋਂ ਵੀ ਇਸ ਰੂਪ ਤੇ ਇਕ ਮਾਤਰ ਉਚੀ ਆਤਮ ਕਥਾ ਦਾ ਵਰਨਣ ਕਰਦੇ ਹਨ ਤਦ ਇਉਂ ਪ੍ਰਤੀਤ ਦਿੰਦਾ ਹੈ ਉਹ ਆਪ ਉਸੇ ਹੀ ਰੂਪ ਵਿਚ ਅਭੇਦ ਹੁੰਦੇ ਜਾ ਰਹੇ ਹਨ। ਉਹ ਇਕ ਐਸੀ ਜੋਤ ਹੋ ਕੇ ਸਾਮ੍ਹਣੇ ਬੈਠਦੇ ਹਨ ਕਿ ਸੰਗਤ ਵਿਚ ਇਕ ਦਮ ਸੁੰਨ ਅਵਸਥਾ ਵਾਪਰ ਜਾਂਦੀ ਹੈ ਜੋ ਚੌਹੀਂ ਪਾਸੀਂ ਸਤਿ ਸਰੂਪ ਸਤਿ ਕਰਣੀ ਦੀ ਪਹਿਰੇਦਾਰੀ ਹੁੰਦੀ ਹੈ। ਹਰ ਪਾਸੇ ਨਾਮ ਦੀ ਧੁਨ ਵਰਸਦੀ ਹੈ। ਹਰ ਪਾਸੇ ਇਕ ਦਮ ਸਨਾਟਾ ਹੋਣ ਦੇ ਬਾਵਜੂਦ ਇਕ ਜਾਗਰਤ ਇਕ ਉਚੀ ਲਗਨ ਇਕ ਖਿੱਚ ਇਕ ਟਿਕਾਉ ਵਿਚੋਂ ਇਕ ਲਹਿਰ ਜਿਹੀ ਚਲਦੀ ਹੋਈ ਦਿਸਦੀ ਹੈ ਜੋ ਸ਼ਾਂਤ ਸਵੱਛ ਤੇ ਇਤਨੀ ਪ੍ਰਭਾਵਤ ਹੁੰਦੀ ਹੈ ਕਿ ਆਦਮੀ ਦਾ ਇਕ ਟਕ ਤਕਦੇ ਹੀ ਰਹਿਣ ਨੂੰ ਜੀ ਕਰਦਾ ਹੈ। ਸੁਰਤੀ ਦਾ ਇਹ ਹਾਲ ਹੁੰਦਾ ਹੈ ਕਿ ਉਹ ਬਦੋ ਬਦੀ ਸ਼ਬਦ ਨੂੰ ਆਪਣੇ ਅੰਦਰ ਵਸਾਈ ਜਾਂਦੀ ਹੈ। ਨਾਸਤਕ ਤੇ ਮਾਦਾ ਪ੍ਰਸਤ ਵੀ ਇਸ ਸਮੇਂ ਸੰਗਤ ਵਿਚ ਹੋਣ ਤਦ ਆਸਤਕ ਤੇ ਇਸ ਆਤਮ ਜੋਤ ਦੇ ਪੁਜਾਰੀ ਹੋ ਜਾਂਦੇ ਹਨ।

ਸੰਤ ਈਸ਼ਰ ਸਿੰਘ ਜੀ ਆਪਣੇ ਅੰਦਰ ਇਕ ਮਹਾਨ ਪ੍ਰਵਾਹ ਤੇ ਹੜ੍ਹ ਦੇ ਜਲ ਵਾਂਗ ਇਕ ਅਲੌਕਿਕ ਸ਼ਕਤੀ ਰਖਣਹਾਰ ਹਨ। ਵਿਚਾਰਾਂ ਵਿਚ ਇਕ ਜ਼ੋਰ ਹੈ। ਉਚਾਰਣ ਅੰਦਰ ਸਤਿ ਦੀ ਪ੍ਰਧਾਨਤਾ ਤੇ ਹਰ ਕਿਸੇ ਦੀ ਆਤਮਾ ਨੂੰ ਪ੍ਰੇਰਨਾ ਦੇਣ ਦੀ ਸ਼ਕਤੀ ਹੈ। ਵੱਡੇ ਤੋਂ ਵੱਡੇ ਵਿਅਕਤੀ ਨੂੰ ਵੀ ਜੇਕਰ ਕੋਈ ਸੱਚੀ ਗੱਲ ਕਹਿਣ ਦੀ ਸਮਰੱਥਾ ਤੇ ਤਾੜਨਾ ਕਰ ਸਕਣ ਦੀ ਮਹਾਨ ਹਿੰਮਤ ਰਖਦਾ ਹੈ, ਤਦ ਉਹ ਸੰਤ ਈਸ਼ਰ ਸਿੰਘ ਜੀ ਹੀ ਹਨ। ਕਿਉਂਕਿ ਉਨ੍ਹਾਂ ਨੂੰ ਕਿਸੇ ਦੀ ਕੋਈ ਗਰਜ਼ ਨਹੀਂ। ਸੋ ਸਤਿਗੁਰੂ ਨਾਨਕ ਮਹਾਰਾਜ ਦੀ ਸਿੱਖੀ ਦਾ ਇਹ ਚਮਕਦਾ ਸਤਾਰਾ ਆਪਣੀ ਰੋਸ਼ਨੀ ਰਾਹੀਂ ਸ਼ੁਭ ਪ੍ਰਭਾਤ ਦਾ ਸੰਦੇਸ ਸੰਸਾਰ ਨੂੰ ਦਿੰਦਾ ਹੈ। ਜਿਸ ਅੰਦਰ ਬਾਕੀਆਂ ਦੀ ਘਾਟ ਹੈ। ਆਤਮਾ ਦੀ ਪੂਜਾ ਰਾਹੀਂ ਮਨੁੱਖੀ ਘਾਟਾਂ ਨੂੰ ਇਕਸਾਰਤਾ ਰਾਹੀਂ ਪਧਰਤਾ ਪਰ ਲਿਆਉਣ ਦਾ ਸੁਝਾਉ ਹੈ। ਸਤਿ ਰਾਹੀਂ ਕੂੜ ਕੁਸੱਤ ਦੇ ਟਿੱਬੇ ਹੂੰਝਣ ਦਾ ਉਪਰਾਲਾ ਹੈ। ਜਿਸ ਅੰਦਰ ਕੋਈ ਤਸ਼ਦਦ ਤੇ ਧੱਕਾ ਨਹੀਂ, ਸਗੋਂ ਮਨ ਦੀ ਬਦਲੀ ਰਾਹੀਂ ਨਜ਼ਾਮ ਦਾ ਇਨਕਲਾਬ ਹੈ। ਉਹ ਸੰਸਾਰ ਦੇ ਸੁਧਾਰ ਦਾ ਸਾਧਨ ਇਤਨਾ ਸੁਖੈਨ ਦਸਦੇ ਹਨ ਕਿ ਕੋਈ ਹਠ ਯੋਗ ਕਰਨ ਦੀ ਲੋੜ ਨਹੀਂ। ਸੇਵਾ ਰਾਹੀਂ ਹੱਥਾਂ ਦਾ ਸੁਧਾਰ ਕਰਨਾ ਲੋੜੀਂਦਾ ਹੈ, ਮਨੋ ਬਿਰਤੀਆਂ ਨੂੰ ਇਕਾਗਰ ਕਰਨ ਹਿਤ ਉਹ ਸਾਧਨ ਕੀਰਤਨ ਦਾ ਬਿਆਨ ਕਰਦੇ ਹਨ। ਉਹ ਕਿਹਾ ਕਰਦੇ ਹਨ, ਹੱਥਾਂ ਕਰਕੇ ਕਿਰਤ ਕਰੋ, ਸੇਵਾ ਰਾਹੀਂ ਹੱਥਾਂ ਨੂੰ ਪਵਿੱਤਰ ਕਰੋ। ਉਹ ਇਕ ਨੌਜਵਾਨ ਦਾ ਪ੍ਰਮਾਣ ਦਿਤਾ ਕਰਦੇ ਹਨ ਕਿ ਸ੍ਰੀ ਕਲਗੀਧਰ ਪਾਤਸ਼ਾਹ ਨੇ ਇਕ ਵਾਰੀ ਜਲ ਮੰਗਿਆ। ਇਕ ਨਵ ਉਮਰ ਕਿਸ਼ੋਰ ਅਵਸਥਾ ਦਾ ਮਾਲਕ ਜਿਸ ਦੇ ਅੰਗ ਅਤੀ ਸੂਖਮ ਸਨ ਜਲ ਲੈ ਕੇ ਹਾਜ਼ਰ ਹੋ ਗਿਆ।

ਗੁਰਦੇਵ ਨੇ ਇਹ ਜਲ ਰੋਹੜ ਦਿਤਾ ਤੇ ਕਿਹਾ ਕਿ ਮੈਂ ਕਿਸੇ ਰੋਗੀ ਕੋਹੜੀ ਤੇ ਸਮਾਜ ਤੋਂ ਛੇਕੇ ਹੋਏ ਮਨੁੱਖ ਦੇ ਹੱਥਾਂ ਤੋਂ ਪਾਣੀ ਕਿਵੇਂ ਪੀ ਸਕਦਾ ਹਾਂ?

ਇਹ ਨੌਜਵਾਨ ਰੋ ਪਿਆ ਤੇ ਇਸ ਨੇ ਸੇਵਾ ਕਬੂਲ ਨਾ ਹੋਣ ਬਾਰੇ ਪੁਛਿਆ ਜਦੋਂ ਕਿ ਉਹ ਅਰੋਗ ਹੈ, ਸਰੀਰ ਕਰਕੇ ਸਵੱਛ ਹੈ, ਤਦ ਗੁਰਦੇਵ ਫੁਰਮਾਇਆ ਸੀ ਇਸ ਨੌਜਵਾਨ ਨੇ ਅੱਜ ਤੋਂ ਪਹਿਲਾਂ ਕਦੇ ਹੱਥੀਂ ਪਾਣੀ ਨਹੀਂ ਪੀਤਾ, ਕਦੇ ਮਾਂ ਬਾਪ ਦੀ ਸੇਵਾ ਨਹੀਂ ਕੀਤੀ, ਸੰਗਤ ਦੀ ਸੇਵਾ ਕਰਕੇ ਆਤਮਾ ਨੂੰ ਸੁਚੇਤ ਕਰਨ ਦਾ ਯਤਨ ਨਹੀਂ ਕੀਤਾ। ਅਸਲ ਵਿਚ ਇਹ ਮੁਰਦਾਰ ਹੈ, ਜੋ ਹੱਥਾਂ ਪੈਰਾਂ ਕਰਕੇ ਸਤਿਸੰਗ ਵਿਚ ਨਹੀਂ ਆਉਂਦਾ, ਜੋ ਸੇਵਾ ਰਾਹੀਂ ਹੱਥ ਪੈਰ ਪਵਿੱਤਰ ਨਹੀਂ ਕਰਦਾ, ਉਹ ਹੱਥ ਪੈਰ ਧ੍ਰਿਗ ਹਨ। ਜੋ ਅੱਖਾਂ ਕਰਕੇ ਪਰਾਈਆਂ ਵਸਤੂਆਂ ਤਕਦਾ ਹੈ, ਭਾਵੇਂ ਉਹ ਇਸਤਰੀਆਂ ਹਨ ਜਾਂ ਫਿਰ ਧਨ, ਉਹ ਨੇਤਰਹੀਣ ਹੈ। ਜੋ ਸਿਰ ਸਤਿਗੁਰੂ ਤੇ ਸਤਿਪੁਰਖਾਂ

ਅੱਗੇ ਨਹੀਂ ਝੁਕਦਾ। ਸੋ ਸਿਰ ਸਤਿ ਅਸੱਤ ਦਾ ਨਿਰਣਾ ਕਰਕੇ ਸਤਿ ਮਾਰਗ ਨੂੰ ਗ੍ਰਹਿਣ ਕਰਨ ਵਿਚ ਮਨੁੱਖ ਦੀ ਅਗਵਾਈ ਨਹੀਂ ਕਰਦਾ ਉਹ ਸਿਰ ਹੀ ਕੱਟ ਦੇਣ ਯੋਗ ਹੈ।

ਸੋ ਮਹਾਂਪੁਰਖ ਇਸ ਤੋਂ ਕੇਵਲ ਇਕੋ ਹੀ ਗੱਲ ਪਰ ਸੰਗਤ ਨੂੰ ਖੜ੍ਹਾ ਕਰਦੇ ਹਨ ਕਿ ਸਾਡਾ ਸਮਾਜ ਮਨੁੱਖ ਦੀ ਉਚਤਾ ਕਰਕੇ ਹੀ ਉਚਾ ਹੋ ਸਕਦਾ ਹੈ ਪਰ ਨੀਵੀਂ, ਕਮਾਈ, ਨੀਵੀਂ ਸੋਚ ਧਾਰਾ ਤੇ ਨੀਚ ਵਿਚਾਰ ਮਨੁੱਖ ਸਮਾਜ ਨੂੰ ਅਧੋਗਤੀ ਦੇ ਰਸਤੇ ਪਰ ਚਲਾ ਕੇ ਇਕ ਦਮ ਉਸ ਨੂੰ ਖੂਹ ਵਿਚ ਸੁੱਟ ਦੇਣਗੇ। ਸੋ ਸਤਿਗੁਰਾਂ ਦੀ ਆਗਿਆ ਹੈ ਕਿ ਹਰ ਮਨੁੱਖ ਸਰੀਰ ਨੂੰ ਸੇਵਾ ਸਾਧਨ ਤੇ ਪਵਿੱਤਰਤਾ ਦੇ ਰਾਹ ਪਾ ਕੇ ਆਖਰ ਨੂੰ ਇਕ ਰਸ ਟਿਕਾਉ ਦੇ ਮਾਰਗ ਰਾਹੀਂ ਇਕ ਸਤਿ ਸਰੂਪ ਵਿਚ ਲਿਵਲੀਨ ਕਰਨ ਦਾ ਉਪਰਾਲਾ ਸੁਹੇਲਾ ਬਣਾ ਸਕਦੇ ਹੋ। ਸਤਿਸੰਗਤ ਤੁਹਾਡੀ ਸਹਾਇਤਾ ਕਰਦੀ ਹੈ ਕਿ ਤੁਸੀਂ ਸਤਿ ਨੂੰ ਗ੍ਰਹਿਣ ਕਰਨ ਦਾ ਉਪਰਾਲਾ ਕਰੋ। ਸੰਤ ਇਸ ਮਾਰਗ ਨੂੰ ਗ੍ਰਹਿਣ ਕਰਨ ਵਿਚ ਸਹਾਈ ਹੋ ਸਕਦੇ ਹਨ ਉਹ ਗਣਕਾ ਪਾਪਣ ਤੋਂ ਦੇਵ ਗਣ ਬਣਾਉਣ ਨੂੰ ਸਮਰਥ ਹਨ।

## ਇਕ ਸੱਯਦ ਇਨਸਪੈਕਟਰ ਦਾ ਉਧਾਰ

1938 ਗਰਮੀਆਂ ਦੇ ਦਿਨ ਸਨ। ਸੰਤ ਜੀ ਮਹਾਰਾਜ ਭੋਰੇ ਅੰਦਰ ਹੀ ਸਨ। ਇਕ ਮੁਸਲਮਾਨ ਸੱਯਦ ਜੋ ਕਿ ਸੱਯਦ ਬੁਲ੍ਹੇਸ਼ਾਹ ਜੀ ਦੇ ਖਾਨਦਾਨ ਦਾ ਸੀ ਤੇ ਕਸੂਰ ਜ਼ਿਲਾ ਲਾਹੌਰ ਦਾ ਵਸਨੀਕ ਸੀ। ਉਨਹੀਂ ਦਿਨੀਂ ਸਕੂਲਾਂ ਦਾ ਇਨਸਪੈਕਟਰ ਲਗਾ ਹੋਇਆ ਸੀ। ਇਹ ਵਿਚਾਰਾਂ ਦਾ ਕਾਫੀ ਖੁਲ੍ਹਾ ਤੇ ਫਕੀਰਾਂ ਦਾ ਸਤਿਸੰਗੀ ਸੀ। ਪਰ ਅਹੁਦੇ ਦਾ ਕੁਝ ਕੁ ਮਾਣ ਵੀ ਹੈ ਸੀ। ਇਹ ਰਾੜੇ ਸਾਹਿਬ ਆਇਆ ਤੇ ਨਾਲ ਦੇ ਸਾਥੀ ਨੂੰ ਕਹਿਣ ਲੱਗਾ, ਚਲੋ ਸੰਤਾਂ ਦੇ ਡੇਰੇ ਤੋਂ ਵਾਰਤਾਲਾਪ ਕਰਕੇ ਕੋਈ ਲਾਭ ਹਾਸਲ ਕਰਾਂਗੇ। ਜੇਕਰ ਨਹੀਂ ਤਦ ਸਬਜ਼ੀਆਂ ਫਲ ਹੀ ਲੈ ਆਵਾਂਗੇ। ਪੀਰਾਂ ਕੋਲੋਂ ਜੋ ਮਿਲੇ ਲਾਹੇਵੰਦ ਹੀ ਹੈ। ਬਾਹਰ ਦੇ ਪੇਟ ਜਾਂ ਫਿਰ ਅੰਤਰ ਜ਼ਮੀਰ ਦੇ ਕੋਈ ਭੁੱਖ ਤੇ ਨਵਾਰਣ ਹੋ ਹੀ ਜਾਵੇਗੀ।

ਇਹ ਡੇਰੇ ਆਇਆ। ਸੰਤ ਕਿਸ਼ਨ ਸਿੰਘ ਜੀ ਮਹਾਰਾਜ ਪਾਸ ਅਰਜ਼ ਕੀਤੀ ਕਿ ਉਹ ਵੱਡੇ ਪੀਰ ਜੀ ਨੂੰ ਮਿਲਣਾ ਚਾਹੁੰਦਾ ਹੈ। ਮਹਾਰਾਜ ਜੀ ਇਸ ਤਰ੍ਹਾਂ ਕਿਸੇ ਨੂੰ ਮਿਲਣ ਦਾ ਘੱਟ ਹੀ ਸਮਾਂ ਦਿੰਦੇ ਹਨ। ਪਰ ਇਹ ਵੀ ਭਾਗਾਂ ਦੀ ਹੀ ਗੱਲ ਸਮਝੋ ਕਿ ਵੱਡੇ ਮਹਾਰਾਜ ਜੀ ਨੇ ਇਸ ਕਰਮਾਂ ਦੇ ਬਲੀ ਨੂੰ ਸ਼ਾਮ ਸਮੇਂ ਬਾਹਰ ਮਿਲਣ ਦੀ ਆਗਿਆ ਦੇ ਦਿਤੀ। ਦਿਨੇ ਅਰਾਮ ਕਰਕੇ ਇਹ ਸ਼ਾਮ ਸਮੇਂ ਸੰਤ ਜੀ ਮਹਾਰਾਜ ਪਾਸ ਹਾਜ਼ਰ ਹੋਏ। ਇਸ ਆਦਮੀ ਦਾ ਰੋਜ਼ਾਨਾ ਹੀ ਵਾਹ ਪ੍ਰਬੰਧ ਕਰਤਾ ਲੋਕਾਂ ਨਾਲ ਹੀ ਪੈਂਦਾ ਸੀ। ਵੱਡੇ ਵੱਡੇ ਗੁਣਵਾਨ ਤੇ ਬਲਵਾਨ ਹੈਡ ਮਾਸਟਰ ਰੋਜ਼ ਹੀ ਇਸ ਨੂੰ ਮਿਲਦੇ ਸਨ। ਹਰ ਕੋਈ ਇਸੇ ਦਾ ਹੀ ਅਸਰ ਕਬੂਲਦਾ ਸੀ। ਕਿਉਂਕਿ ਇਹ ਅਹੁਦੇ ਤੋਂ ਬਿਨਾਂ ਸਰੀਰਕ ਤੌਰ ਪਰ ਵੀ ਰਿਸ਼ਟ ਪੁਸ਼ਟ ਬਾਅਸਰ ਸਖਸ਼ੀਅਤ ਦਾ ਮਾਲਕ ਸੀ। ਇਹ ਜਦੋਂ ਸਾਮ੍ਹਣੇ ਗਿਆ। ਤਦ ਕਾਫੀ ਦੇਰ ਸੰਤ ਜੀ ਮਹਾਰਾਜ ਦਾ ਚਿਹਰਾ ਤਕਦਾ ਹੀ ਰਿਹਾ। ਆਖਰ ਮਹਾਂਪੁਰਖਾਂ ਹੀ ਚੁੱਪ ਤੋੜੀ ਤੇ ਪਿਆਰ ਨਾਲ ਸਾਮ੍ਹਣੇ ਪੇਸ਼ ਹੋਏ ਨੂੰ ਬਸਤਰ ਪਰ ਬੈਠਣ ਦੀ ਆਗਿਆ ਕੀਤੀ, ਇਸ ਨੇ ਬੈਠਣ ਪਿਛੋਂ ਹਵਾਸ ਦਰੁਸਤ ਕੀਤੇ ਤੇ ਬੇਨਤੀ ਕੀਤੀ।

ਆਪ ਵਲੀ ਅੱਲਾਹ ਹੋ ਕ੍ਰਿਪਾ ਕਰਕੇ ਐਸਾ ਉਪਦੇਸ਼ ਦਿਓ ਕਿ ਜਿਸ ਨਾਲ ਨੇਕੀ ਤੇ ਪਾਵਨਤਾ ਸਾਡੇ ਨਾਲ ਸਦਾ ਸਹਾਈ ਹੋ ਸਕਣ।

ਸੰਤ ਜੀ ਮਹਾਰਾਜ – ਭਾਈ ਨੇਕ ਤੇ ਉਤਮ ਜੀਵਨ ਤਾਂ ਲੰਬੀ ਕਰਣੀ ਤੇ ਘਾਲ ਪਿਛੋਂ ਹੀ ਪ੍ਰਾਪਤ ਹੋ ਸਕਦਾ ਹੈ। ਕਮਾਈ ਸ਼ੁਧ, ਵਿਚਾਰ ਨੇਕ ਤੇ ਨਿਯਮ ਬੱਧ ਧਰਮ ਕਰਮ ਦੀ ਕਮਾਈ ਹੀ ਕਿਸੇ ਚੰਗੇ ਤੇ ਉਤਮ ਜੀਵਨ ਲਈ ਚੰਗੀ ਬੁਨਿਆਦ ਸਾਬਤ ਹੋ ਸਕਦੀ ਹੈ। ਅਸੀਂ ਕੋਈ ਵਲੀ ਨਹੀਂ, ਨਾ ਹੀ ਕੋਈ ਪੈਗੰਬਰ ਹਾਂ। ਕੇਵਲ ਇਕ ਸੰਤ ਸੇਵਕ ਹਾਂ, ਜਿਨ੍ਹਾਂ ਦੀ ਮਹਿਰਾਮਤ ਨੇ ਇਹ ਧਰਤੀ ਦੇ ਜ਼ਰਿਆਂ ਨੂੰ ਅਰਸ਼ਾਂ ਤੇ ਪੁਚਾ ਦਿਤਾ ਹੈ।

ਇਨਸਪੈਕਟਰ – ਬਾਬਾ ਜੀ! ਸਾਡੇ ਧਰਮ ਦੀ ਸ਼ਰ੍ਹਾ ਬੜੀ ਸਖਤ ਹੈ, ਉਹ ਹੋਰ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਮੰਨਦੀ। ਪਰ ਇਹ ਹਜ਼ਰਤ ਬਾਬਾ ਨਾਨਕ ਨੇ ਜੋ ਤਾਲੀਮ ਦਿਤੀ ਹੈ ਉਸ ਅਨੁਸਾਰ ਹਰ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ ਵਿਚ ਹੈ, ਕਰਣੀ ਦੀ ਪ੍ਰਧਾਨਤਾ ਕਰਕੇ ਹੀ ਮਹਾਨ ਹੈ। ਫਿਰ ਇਹ ਵਖਰੀ ਵਖਰੀ ਸੋਚਧਾਰਾ ਵਿਚਾਰ ਦਾ ਵਖੇਵਾਂ ਕਿਵੇਂ ਦੂਰ ਹੋ ਸਕਦਾ ਹੈ? ਕੀ ਕੋਈ ਐਸਾ ਢੰਗ ਹੈ ਜੋ ਨੂਰ ਦੇ ਜ਼ਹੂਰ ਨੂੰ ਬਾਬਾ ਨਾਨਕ ਦੇ ਮਤ ਅਨੁਸਾਰ ਪ੍ਰਗਟ ਕਰ ਹਰ ਪਾਸੇ ਵਸਦਾ ਦਿਸ ਸਕਦਾ ਹੋਵੇ?

ਇਹ ਲੰਬਾ ਚੌੜਾ ਪ੍ਰਸ਼ਨ ਸੁਣ ਕੇ ਸੰਤ

ਜੀ ਮਹਾਰਾਜ ਹਸ ਪਏ ਤੇ ਪੁਛਿਆ, ਸ਼ਾਹ ਸਾਹਿਬ! ਸਿਰਫ ਅਖਰੀਂ ਹੇਰ ਫੇਰ ਦੀ ਗੱਲ ਕਰਨੀ ਹੈ ਜਾਂ ਫਿਰ ਅੰਤ੍ਰੀਵ ਖੋਜ ਕਰਕੇ, ਕੁਝ ਦੇਖ ਤੇ ਕਰ ਸਕਣ ਦਾ ਮਨ ਹੈ? ਕਿਉਂਕਿ ਲਫਜ਼ੀ ਹੇਰਾ ਫੇਰੀ ਤਾਂ ਹਰ ਕੋਈ ਕਰਦਾ ਹੈ ਪਰ ਜਦੋਂ ਕਰਨੀ ਤੇ ਕਮਾਈ ਲਈ ਕਹੋ ਤਦ ਭਜ ਤੁਰਦਾ ਹੈ। ਤੁਸੀਂ ਪਹਿਲਾਂ ਇਹ ਫੈਸਲਾ ਕਰੋ ਕਿ ਦੋਹਾਂ ਵਿਚੋਂ ਕਿਹੜੀ ਗੱਲ ਕਰਨੀ ਹੈ। ਫਿਰ ਉਸੇ ਹੀ ਤਰ੍ਹਾਂ ਦੀ ਗੱਲ ਹੀ ਕਰ ਲਵਾਂਗੇ।

ਸ਼ਾਹ ਸਾਹਿਬ - ਪੀਰ ਜੀ! ਸੱਚ ਤਾਂ ਇਹ ਹੈ ਕਿ ਮੇਰੇ ਮਨ ਵਿਚ ਸੱਚ ਨੂੰ ਪ੍ਰਗਟ ਤਕਣ ਦੀ ਖਾਹਸ਼ ਹੈ। ਅੱਗੇ ਜੋ ਅਲਾਹ ਨੂੰ ਮਨਜ਼ੂਰ ਜਾਂ ਫਿਰ ਆਪ ਜੀ ਮਿਹਰ ਦੀ ਦ੍ਰਿਸ਼ਟੀ ਕਰਕੇ ਹੀ ਕੋਈ ਰੇਖ ਵਿਚ ਮੇਖ ਮਾਰੋ।

ਮਨ ਦੀ ਬੀਮਾਰੀ ਦਾ ਇਲਾਜ ਵੀ ਮਾਨਸਿਕ ਵਿਚਾਰਾਂ ਨਾਲ ਹੀ ਸਬੰਧਿਤ ਹੈ ਜੇਕਰ ਮਨ ਠੀਕ ਪਾਸੇ ਸੋਚਣ ਲਗ ਪਵੇ ਤਦ ਮਨ ਦੀ ਕਲਪਣਾ ਵੀ ਵਕਾਰੀ ਤੋਂ ਹਟ ਕੇ ਸ਼ੁਧ ਆਚਾਰੀ ਨਿਰਮਲ ਤੇ ਬਿਬੇਕੀ ਹੋ ਉਠਦੀ ਹੈ।

***ਬੁੱਲਿਆ ਰੱਬ ਦਾ ਕੀ ਪਾਉਣਾ।***
***ਐਧਰੋਂ ਪੁੱਟਣਾ ਤੇ ਓਧਰ ਲਾਉਣਾ।***

ਮਨ ਨੇ ਇਹ ਰੁਖ ਮੋੜ ਲਿਆ, ਫਿਰ ਠੀਕ ਸੋਚ ਵੀ ਕਰਨ ਲਗ ਪਿਆ। ਪਰ ਜਦੋਂ ਤਕ ਅੰਦਰੋਂ ਸਤ ਦੀ ਸੋਚ ਤੇ ਖੋਜ ਦੋਵੇਂ ਹੀ ਪਰਪੱਕ ਨਾ ਹੋਣ ਫਿਰ ਇਹ ਟਿਕ ਨਹੀਂ ਸਕੇਗਾ। ਸ਼ਾਹ ਸਾਹਿਬ ਨੇ ਆਖਿਆ।

ਤੁਸੀਂ ਅਸਲ ਪਾਸੇ ਆਏ ਹੋ। ਇਸ ਕਾਰਜ ਹਿਤ ਤੁਹਾਨੂੰ ਬੁਲ੍ਹੇਸ਼ਾਹ ਤੇ ਸ਼ਾਹ ਸਰਮਦ ਜੈਸੇ ਪਾਵਨ ਫਕੀਰਾਂ ਦੀਆਂ ਲੀਹਾਂ ਪਰ ਤੁਰਨਾ ਪਵੇਗਾ, ਉਸ ਨਾਲ ਹੀ ਤੁਸੀਂ ਹੱਕ ਦੀ ਖੋਜ ਕਰ ਸਕੋਗੇ। ਸੰਤ ਜੀ ਮਹਾਰਾਜ ਨੇ ਰਾਜ਼ ਖੋਲ੍ਹਿਆ।

ਸ਼ਾਹ ਸਾਹਿਬ - ਪਾਵਨ ਪੀਰ! ਇਹ ਵੀ ਕ੍ਰਿਪਾ ਕਰਕੇ ਦਸੋ ਕਿ ਉਹ ਹੱਕ ਦੀ ਪ੍ਰਾਪਤੀ ਲਈ ਵਿਚਾਰ ਦੀ ਮਹਾਨਤਾ ਨਾਲ ਸਾਧਨ ਕਿਹੜਾ ਹੈ?

ਸੰਤ ਜੀ ਮਹਾਰਾਜ - ਸ਼ਾਹ ਜੀ ਇਸਲਾਮ ਦੀ ਨਜ਼ਰੋਂ ਸੁਮਨ ਬੁਕਮਨ ਦੀ ਸੁੰਨ ਅਵਸਥਾ ਦੀ ਪ੍ਰਾਪਤੀ ਹਿਤ ਤੁਸੀਂ ਸਾਡੇ ਸਹਿਜ ਯੋਗ ਦਾ ਉਸ ਨਾਲੋਂ ਵੱਧ ਤੇ ਥੋੜ੍ਹੀ ਮਿਹਨਤ ਕਰਕੇ ਅਧਿਕ ਫਲ ਪ੍ਰਾਪਤੀ ਕਰ ਸਕਦੇ ਹੋ। ਪਰ ਤਕ ਲਵੋ ਜੇਕਰ ਸ਼ਰ੍ਹਾ ਕੋਈ ਵਾਧੂ ਪੜੰਗਾ ਹੀ ਤੁਹਾਡੇ ਲਈ ਖੜ੍ਹਾ ਨਾ ਕਰ ਦੇਵੇ। ਆਖਰ ਸਾਡੀ ਨਜ਼ਰ ਅੰਦਰ ਤਾਂ ਮਨੁੱਖ ਆਤਮ ਸ਼ਹਿਜ਼ਾਦਾ ਜਾਂ ਫਿਰ ਖੁਦਾਵੰਦ ਦੀ ਆਪਣੀ ਆਤਮਾ ਵਿਚੋਂ ਹੀ ਨਿਕਲਿਆ ਹੋਇਆ ਉਸਦਾ ਹੀ ਇਕ ਨੂਰ ਤੇ ਉਸ ਦੀ ਅੰਸ਼ ਹੈ। ਮਨੁੱਖ ਖੁਦਾ ਤੇ ਨਹੀਂ ਪਰ ਜੇਕਰ ਜ਼ਰਾ ਵੀ ਡੂੰਘੀ ਦ੍ਰਿਸ਼ਟੀ ਕਰਕੇ ਤੱਕੋ ਤਦ ਖੁਦਾ ਦੀ ਸਾਰੀ ਹੀ ਉਤਮ ਤੇ ਸੂਖਸ਼ਮ ਕਲਾ ਕੇਵਲ ਮਨੁੱਖ ਤੋਂ ਹੀ ਪ੍ਰਗਟ ਹੋਵੇਗੀ। ਇਕ ਵਾਰੀ ਉਹ ਨਜ਼ਰ ਪੈਦਾ ਕਰਕੇ ਤੱਕੋ ਫਿਰ ਆਪ ਹੀ ਉਹ ਨੂਰ ਭਰਪੂਰ ਸਾਹਵੇਂ ਪ੍ਰਗਟ ਦਿਸੇਗਾ। ਸੰਤ ਜੀ ਮਹਾਰਾਜ ਨੇ ਇਹ ਕਹਿ ਕੇ ਹੱਥ ਵਧਾ ਕੇ ਇਸ ਦੇ ਸਿਰ ਪਰ ਧਰਿਆ। ਇਸ ਤਰ੍ਹਾਂ ਇਹ ਬੇਸੁਧ ਜਿਹਾ ਹੋ ਗਿਆ। ਪਰ ਮਹਾਂਪੁਰਖਾਂ ਕਿਹਾ ਸੁਰਤ ਕਰਕੇ ਇਹ ਜੋ ਤ੍ਰਿਕੁਟੀ ਦਾ ਮੁਕਾਮ ਹੈ ਸੁਆਸਾਂ ਦਾ ਜੋੜ ਤੇ ਜ਼ੋਰ ਸਾਡੇ ਨਾਲ ਇਸ ਹੀ ਜਗ੍ਹਾ ਤਕ ਆਉਂਦਾ ਹੈ। ਮਨ ਜਾਂ ਫਿਰ ਤੁਹਾਡਾ ਸ਼ੈਤਾਨ ਵੀ ਸੁਆਸ ਦੇ ਸਹਾਰੇ ਇਸ ਹੀ ਮੁਕਾਮ ਤਕ ਸਾਡਾ ਪਿਛਾ ਕਰਦਾ ਹੈ। ਪਰ ਜੇਕਰ ਤੁਸੀਂ ਅੱਲਾਹ ਦੀ ਇਕ ਟੇਕ ਤੇ ਇਕ ਰੂਪ ਸਾਹਵੇਂ ਰੱਖ ਕੇ ਸੁਆਸ ਦੀ ਟਕ ਨਾਲ ਇਸ ਅਸਥਾਨ ਤਕ ਪੁਜੋ ਤਦ ਫਿਰ ਅੱਗੇ ਉਹ ਬੇਅੰਤ ਚਮਤਕਾਰ ਵੀ ਦਿਸਣਗੇ। ਉਹ ਕਹਿਣ ਦੇ ਹੀ ਨਹੀਂ ਤਕਣ ਦੇ ਸਥਾਨ ਹਨ।

ਇਥੇ ਆ ਕੇ ਤੁਸੀਂ ਸਾਰੇ ਸੰਸਾਰ ਦੀ ਕਲਪਣਾ ਬਾਹਰ ਛੱਡ ਦਿਓਗੇ। ਮਨ ਜਾਂ ਫਿਰ ਸ਼ੈਤਾਨ ਸੁਆਸ ਦੇ ਕਾਬੂ ਹੋਣ ਪਰ ਆਪ ਹੀ ਹਥਿਆਰ ਸੁੱਟ ਬੈਠੇਗਾ। ਫਿਰ ਤੱਕੋ ਇਸ ਟਿਕਾਉ ਤੇ ਅਭਿਆਸ ਵਿਚ ਕੀ ਕੁਝ ਨਜ਼ਰ ਆਉਂਦਾ ਹੈ। ਮਹਾਰਾਜ ਜੀ ਨੇ ਅਤੀ ਮਿਹਰ ਕਰਕੇ ਇਹ ਭੇਦ ਦੀ ਗੱਲ ਸਮਝਾਈ। ਸਾਈਂ ਬੁਲ੍ਹੇਸ਼ਾਹ ਦੇ ਖ਼ੂਨ ਵਿਚ ਇਹ ਗੱਲ ਪਹਿਲਾਂ ਹੀ ਦਾਖਲ ਸੀ। ਉਸ ਨੇ ਮੁਰਸ਼ਦ ਦੀ ਗੱਲ ਗ੍ਰਹਿਣ ਕਰਨ ਵਿਚ ਢਿਲ ਨਹੀਂ ਕੀਤੀ। ਕੇਵਲ ਇਕੋ ਹੀ ਗੱਲ ਪੁਛੀ ਕਿ ਜੇਕਰ ਤੁਹਾਡੇ ਤਰੀਕੇ ਤੇ ਤੁਹਾਡੀ ਹੀ ਪਰੰਪਰਾ ਵਿਚ ਤੁਹਾਡਾ ਗੁਰੂ ਮੰਤਰ ਹੀ ਜਾਪ ਤੇ ਸਿਮਰਨ ਹਿਤ ਜ਼ਰੂਰੀ ਤਾਂ ਨਹੀਂ ਤਦ ਮੈਂ ਤੁਹਾਡੇ ਤਰੀਕੇ ਨਾਲ ਬਿਸਮਿਲਾਹ ਦਾ ਜਾਪ ਕਰਕੇ ਹੱਕ ਦੇ ਦਰਜੇ ਤਕ ਪੁਜੱਣ ਦਾ ਯਤਨ ਕਰਾਂਗਾ।

ਸੰਤ ਜੀ ਮਹਾਰਾਜ ਨੇ ਕਿਹਾ, "ਜੇਕਰ ਸੱਚ ਪੁਛੋ ਤਦ ਸਾਧਨ ਤਾਂ ਇਕ ਯੁਕਤੀ ਹੈ। ਇਸ ਰਾਹੀਂ ਸੁਆਸਾਂ ਪਰ ਕਾਬੂ ਪਾ ਕੇ ਦਸਮ ਦੁਆਰ ਜਾਂ ਫਿਰ ਸੁੰਨ ਮਹਾਨ ਸੁੰਨ ਦੇ ਪਦ ਨੂੰ ਪ੍ਰਾਪਤ ਕਰ ਸਕੀਦਾ ਹੈ। ਇਹ ਸਾਧਨ ਤੁਸੀਂ ਜਿਸ ਵੀ ਸ਼ਬਦ ਨਾਲ ਕਰ ਸਕਦੇ ਹੋ। ਇਹ ਟਿਕਾਉ ਹੋ ਕੇ ਇਕੋ ਰੰਗ ਦਿਸੇਗਾ।"

ਫਿਰ ਕੀ ਸੀ, ਇਸ ਨੇ ਦੋ ਮਿੰਟਾਂ ਤਕ ਅੱਖਾਂ ਮੀਟੀਆਂ ਸੁਰਤ ਨੂੰ ਸ਼ਬਦ ਦੇ ਨਾਲ ਜੋੜ ਕੇ ਤ੍ਰਿਕੁਟੀ ਦੇ ਮੁਕਾਮ ਪਰ ਜੋੜਿਆ ਤੇ ਕੁਝ ਹੀ ਸਮਾਂ ਪਿਛੋਂ ਅਨੰਦ ਨਾਲ ਝੂੰਮ ਉਠਿਆ। ਫਿਰ ਕਹਿਣ ਲੱਗਾ, ਅੱਜ ਆਏ ਤਾਂ ਹੋਰ ਪਦਾਰਥ ਪ੍ਰਾਪਤੀ ਹਿਤ ਸੀ। ਪਰ ਅੰਦਰ ਗਤੀ ਵਿਚ ਪਾਣ ਹਿਤ ਸਬਜ਼ੀ ਲੈ ਜਾਣ ਦੀ ਚਾਹ ਸੀ, ਪਰ ਆਖਰ ਇਥੇ ਆਪਣੀ ਹੀ ਸਬਜ਼ੀ ਬਣ ਗਈ ਹੈ। ਵਾਹ ਸੁਬਹਾਨ ਤੇਰੀ ਕੁਦਰਤ, ਸ਼ੁਕਰ ਹੈ ਪਾਕ ਪਰਵਰਦਗਾਰ ਦਾ ਕਿ ਉਸ ਨੇ ਤੁਹਾਡੇ ਪਵਿੱਤਰ ਤੇ ਮੁਬਾਰਕ ਦੀਦਾਰ ਬਖਸ਼ ਦਿਤੇ ਹਨ।

ਇਹ ਇਤਨਾ ਮਸਤ ਹੋ ਗਿਆ ਕਿ ਕਿੰਨੀ ਹੀ ਦੇਰ ਫਿਰ ਉਠ ਕੇ ਤੁਰਨਾ ਵੀ ਭੁੱਲ ਗਿਆ। ਘੰਟਿਆਂ ਬੱਧੀ ਉਥੋਂ ਹਿਲਿਆ ਹੀ ਨਹੀਂ ਸੀ। ਆਖਰ ਨੂੰ ਸਾਥੀ ਨੇ ਹਿਲਾਇਆ ਤੇ ਫਿਰ ਅਦਬ ਨਾਲ ਸ਼ੁਕਰ ਦਾ ਭਰਿਆ ਹੋਇਆ ਦਰਬਾਰ ਤੋਂ ਵਿਦਾ ਹੋਇਆ। ਸੰਤ ਜੀ ਮਹਾਰਾਜ ਨੇ ਕਿਹਾ, "ਸ਼ਾਹ ਸਾਹਿਬ! ਚਾਹੋ ਤਦ ਸਬਜ਼ੀ ਦਾ ਇੰਤਜ਼ਾਮ ਕਰ ਦੇਈਏ ਤਾਂ ਕਿ ਸਾਡਾ ਪ੍ਰਸ਼ਾਦਿ ਹੁਣ ਬੇਗਮ ਸਾਹਿਬਾ ਤੇ ਹੋਰ ਪਰਿਵਾਰ ਦੇ ਮੂੰਹ ਵੀ ਲਗ ਸਕੇ?"

ਇਸ ਨੇ ਹੱਥ ਬੱਧੇ ਕਿ ਇਹ ਹੁਣ ਮੇਰੀ ਜ਼ਿਆਰਤਗਾਹ ਹੈ, ਇਸ ਤੋਂ ਕੁਝ ਲੈਣਾ ਨਹੀਂ ਬਣਦਾ। ਹਾਂ ਜੇਕਰ ਹੋ ਸਕੇ ਤਦ ਇਥੇ ਆਪਣੀ ਨੇਕ ਕਮਾਈ ਵਿਚੋਂ ਕੁਝ ਦੇਣਾ ਹੀ

(ਬਾਕੀ ਪੰਨਾ 57 ਤੇ)

# ਨਾਮ ਅਮੋਲਾ
## (ਛੇ ਗਤੀਆਂ)

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ - 59 )*

ਸਿੱਖੀ ਨੂੰ ਕਾਇਮ ਰੱਖਿਆ ਬੀਬੀਆਂ ਨੇ, ਲਹੌਰ ਦੇ ਭੋਰਿਆਂ ਦੇ ਅੰਦਰ, ਬੱਚੇ ਟੋਟੇ ਟੋਟੇ ਕਰਕੇ ਝੋਲੀਆਂ ਵਿਚ ਪਵਾ ਲਏ, ਲੇਕਿਨ ਸਿੱਖੀ ਸਿਦਕ ਨਹੀਂ ਹਾਰਿਆ। ਸੋ ਏਸ ਤਰ੍ਹਾਂ ਦੇ ਨਾਲ ਮੈਂ ਇਹ ਬੇਨਤੀ ਕਰਦਾ ਸੀ ਕਿ ਉਹ ਪੁਰਸ਼ ਜਿਹੜੇ ਸੰਸਾਰ ਵਿਚ ਆ ਕੇ ਨਿਗੁਰੇ ਰਹਿੰਦੇ ਹਨ, ਜਦੋਂ ਸੰਸਾਰ ਤੋਂ ਜਾਂਦੇ ਹਨ ਉਨ੍ਹਾਂ ਨੂੰ ਪਾਪੀਆਂ ਦੀ ਗਤੀ ਪ੍ਰਾਪਤ ਹੁੰਦੀ ਹੈ ਤੇ ਉਨ੍ਹਾਂ ਨੂੰ ਨਰਕਾਂ ਵਿਚ ਜਾਣਾ ਪੈਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ (ਹੁਣ ਤਾਂ ਅਸੀਂ ਪੜ੍ਹਦੇ ਹੀ ਨਹੀਂ ਹਾਂ) ਪੁਰਾਣਾਂ ਦੀ ਵੀ ਕਥਾ ਹੁੰਦੀ ਸੀ। ਗੁਰੂ ਦਸਮੇਸ਼ ਪਿਤਾ ਜੀ ਦੇਵੀਆਂ, ਰਾਮਾਇਣ, ਮਹਾਂਭਾਰਤ ਆਦਿ ਦੇ ਅਨੁਵਾਦ ਕਵੀਆਂ ਰਾਹੀਂ ਕਰਵਾਉਂਦੇ ਸਨ। ਗਰੁੜ ਪੁਰਾਣ ਦੀ ਕਥਾ ਹੁੰਦੀ ਸੀ। ਤੀਜੇ ਪਹਿਰ ਵੇਲੇ ਦਸ਼ਮੇਸ਼ ਪਿਤਾ ਜੀ ਨੇ ਬੇਅੰਤ ਗ੍ਰੰਥ ਲਿਖਵਾਏ ਸਨ, ਉਨ੍ਹਾਂ ਵਿਚੋਂ ਇਕ ਵਿਦਿਆਧਰ ਗ੍ਰੰਥ ਸੀ ਨੌਂ ਮਣ ਦਾ, ਉਸ ਗ੍ਰੰਥ ਦੇ ਥੋੜ੍ਹੇ ਪਤਰੇ ਹੀ ਰਹਿ ਗਏ ਸੀ, ਬਾਕੀ ਸਾਰਾ ਗ੍ਰੰਥ ਸਰਸੇ ਵਿਚ ਰੁੜ੍ਹ ਗਿਆ ਸੀ। ਜਦੋਂ ਗੁਰੂ ਮਹਾਰਾਜ ਨੇ ਅਨੰਦਪੁਰ ਸਾਹਿਬ ਛੱਡਿਆ, ਬਹੁਤ ਸਾਰੀਆਂ ਪੁਸਤਕਾਂ ਹਮਲਾਵਰਾਂ ਨੇ ਬਰਬਾਦ ਕਰ ਦਿਤੀਆਂ, ਮਹਾਰਾਜ ਜੀ ਨੇ ਸਵਾ ਲੱਖ ਸਲੋਕ ਲਿਖਿਆ ਸੀ ਪਰ ਹੁਣ ਸਾਡੇ ਕੋਲ ਕੇਵਲ ਛੇ ਹਜ਼ਾਰ ਦੇ ਕਰੀਬ ਰਹਿ ਗਏ ਹਨ। ਬਾਕੀ ਦੇ ਸਾਰੇ ਦਰਿਆ ਦੀ ਭੇਟ ਹੋ ਗਏ। ਕੁਝ ਜਾਲ ਦਿਤੇ ਹਮਲਾਵਰਾਂ ਨੇ, ਉਹਦੇ ਵਿਚ ਸਾਰਾ ਪੁਰਾਣਾ ਸਾਹਿਤ ਲਿਖਿਆ ਸੀ। ਏਸੇ ਤਰ੍ਹਾਂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਗਰੁੜ ਪੁਰਾਣ ਦੀ ਕਥਾ ਹੁੰਦੀ ਸੀ। ਇਕ ਪੰਡਤ ਨਿਤਾਨੰਦ ਬਟਾਲੇ ਵਾਲੇ ਕਰਿਆ ਕਰਦੇ ਸਨ, ਇਕ ਦਿਨ ਉਹਦੇ ਵਿਚ ਆਇਆ ਕਿ ਪਰਲੋਕ ਦਾ ਰਸਤਾ ਸਵਾ ਸਾਲ ਦਾ ਹੈ ਤੇ ਇਕੀ ਪੁਰੀਆਂ ਰਸਤੇ ਵਿਚ ਆਉਂਦੀਆਂ ਹਨ, ਹਰ ਪੁਰੀ ਵਿਚ ਕੀ ਕੀ ਪੁੰਨਾਂ ਦਾ ਟੈਕਸ ਦੇਣਾ ਪੈਂਦਾ ਹੈ, ਉਹਦਾ ਬੜੇ ਵੇਰਵੇ ਨਾਲ ਜ਼ਿਕਰ ਕੀਤਾ ਗਿਆ ਸੀ; ਦੀਵਾ ਕਿਸ ਤਰ੍ਹਾਂ ਜਲਾਉਣਾ ਹੈ? ਬੜਾ ਲੰਬਾ ਚੌੜਾ ਹਾਲ ਸੀ, ਜਦੋਂ ਪੰਡਤ ਜੀ ਕਥਾ ਕਰ ਹਟੇ, ਉਥੇ ਕੁਝ ਗੁਰਸਿੱਖ ਬੈਠੇ ਸੀ। ਕਹਿਣ ਲੱਗੇ, ਸਵਾ ਸਾਲ ਦਾ ਰਾਹ ਤਾਂ ਬੜਾ ਲੰਬਾ ਹੈ, ਇਕ ਕਹਿਣ ਲੱਗਾ, "ਮੈਂ ਤਾਂ 12 ਘੰਟੇ ਵਿਚ ਹੀ ਚਲਿਆ ਜਾਵਾਂਗਾ।" ਪੰਡਤ ਜੀ ਗਰੁੜ ਪੁਰਾਣ ਦੀ ਪੋਥੀ ਸੰਤੋਖ ਰਹੇ ਸਨ, ਨਾਲੇ ਉਨ੍ਹਾਂ ਗੁਰਸਿੱਖਾਂ ਦੀ ਗੱਲ ਵੀ ਸੁਣ ਰਹੇ ਸਨ। ਦੂਜਾ ਕਹਿਣ ਲੱਗਾ, "ਮੈਂ ਤਾਂ ਤਿੰਨ ਘੰਟੇ ਵਿਚ ਚਲਾ ਜਾਵਾਂਗਾ।" ਤੀਜਾ ਕਹਿਣ ਲੱਗਾ, "ਮੈਂ ਇਕ ਘੜੀ 25 ਮਿੰਟ ਵਿਚ ਚਲਾ ਜਾਵਾਂਗਾ।' ਚੌਥਾ ਚੁਟਕੀ ਮਾਰ ਕੇ ਕਹਿਣ ਲੱਗਾ, "ਅਸੀਂ ਤਾਂ ਐਨੇ ਚਿਰ ਵਿਚ ਹੀ ਚਲੇ ਜਾਵਾਂਗੇ।" ਪੰਡਤ ਜੀ ਨੇ ਕਿਹਾ ਕਿ ਇਹ ਤਾਂ ਬੜਾ ਹੀ ਮਾੜਾ ਕੰਮ ਹੋਇਆ, ਮੈਂ ਤਾਂ ਐਨਾ ਜ਼ੋਰ ਲਗਾ ਕੇ ਗ੍ਰੰਥ ਸੁਣਾ ਰਿਹਾ ਹਾਂ, ਵਿਆਖਿਆ ਕਰ ਕਰ ਕੇ, ਇਹ ਤਾਂ ਅਧਿਕਾਰੀ ਹੀ ਨਹੀਂ ਹਨ ਜਿਨ੍ਹਾਂ ਨੂੰ ਮੈਂ ਸੁਣਾ ਰਿਹਾ ਹਾਂ। ਗ੍ਰੰਥ ਵਿਚ ਅਨਬੰਧ ਲਿਖਿਆ ਹੁੰਦਾ ਹੈ ਕਿ ਅਧਿਕਾਰੀ ਕੌਣ ਹੈ, ਉਹਦੇ ਵਿਚ ਲਿਖਿਆ ਹੈ ਕਿ ਜਿਹੜਾ ਇਸ ਉਪਰ ਵਿਸ਼ਵਾਸ਼ ਕਰੇ, ਉਹ ਅਧਿਕਾਰੀ ਹੁੰਦਾ ਹੈ। ਇਹ ਤਾਂ ਅਧਿਕਾਰੀ ਹੀ ਨਹੀਂ, ਮੈਂ ਤਾਂ ਐਵੇਂ ਸਮਾਂ ਬਰਬਾਦ ਕਰ ਰਿਹਾ ਹਾਂ ਇਨ੍ਹਾਂ ਤੇ।

ਅਗਲੇ ਦਿਨ ਪੰਡਤ ਜੀ ਕਥਾ ਕਰਨ ਨਾ ਆਏ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਪੰਡਤ ਜੀ ਨਹੀਂ ਆਏ? ਤਾਂ ਗੁਰਸਿੱਖਾਂ ਨੇ ਦਸਿਆ ਕਿ ਪੰਡਤ ਜੀ ਨਰਾਜ਼ ਹਨ। ਗੁਰੂ ਮਹਾਰਾਜ ਜੀ ਨੇ ਭਾਈ ਬਿਧੀ ਚੰਦ ਨੂੰ ਕਿਹਾ ਕਿ ਪੰਡਤ ਜੀ ਨੂੰ ਜਾ ਕੇ ਬੁਲਾ ਕੇ ਲਿਆਓ। ਬਿਧੀ ਚੰਦ ਜੀ ਨੇ ਜਾ ਕੇ ਮੌਢੇ ਤੋਂ ਫੜ ਕੇ ਕਿਹਾ ਕਿ ਪੰਡਤ ਜੀ! ਗੁਰੂ ਮਹਾਰਾਜ ਜੀ ਆਪ ਨੂੰ ਬੁਲਾ ਰਹੇ ਹਨ। ਪੰਡਤ ਜੀ ਨੇ ਸੋਚਿਆ ਕਿ ਤਕੜਾ ਹੱਥ ਹੈ, ਇਹਨੇ ਛਡਣਾ ਤਾਂ ਹੈ ਨਹੀਂ। ਸੋ ਪੰਡਤ ਜੀ ਭਾਈ ਬਿਧੀ ਚੰਦ ਨਾਲ ਹੀ ਆ ਗਏ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਪੰਡਤ ਜੀ! ਤੁਸੀਂ ਅੱਜ ਕਥਾ ਨਹੀਂ ਕੀਤੀ? ਪੰਡਤ ਜੀ ਕਹਿਣ ਲੱਗੇ ਕਿ ਮਹਾਰਾਜ ਜੀ! ਮੈਂ ਕੀ ਕਥਾ ਕਰਾਂ, ਇਥੇ ਅਧਿਕਾਰੀ ਤਾਂ ਕੋਈ ਹੈ ਨਹੀਂ। ਗੁਰੂ ਮਹਾਰਾਜ ਨੇ ਪੁਛਿਆ, "ਕਿਉਂ ਪੰਡਤ ਜੀ?" ਪੰਡਤ ਜੀ ਕਹਿਣ ਲੱਗੇ ਕਿ ਕਲ੍ਹ ਤੁਹਾਡੇ ਗੁਰਸਿਖ ਕਥਾ ਸੁਣਨ ਪਿਛੋਂ ਗੱਲਾਂ ਕਰ ਰਹੇ ਸੀ। ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਮੈਂ ਚਾਰ ਪਹਿਰ ਵਿਚ ਪਰਲੋਕ ਦਾ ਰਾਹ ਲੰਘ ਜਾਵਾਂਗਾ, ਦੂਜਾ ਕਹਿੰਦਾ ਕਿ ਮੈਂ ਪਹਿਰ ਵਿਚ ਤਹਿ ਕਰ ਲਵਾਂਗਾ, ਤੀਜਾ ਕਹਿਣ ਲੱਗਾ ਕਿ ਇਕ ਘੜੀ ਵਿਚ ਤੇ ਚੌਥਾ ਚੁਟਕੀ ਮਾਰ ਕੇ ਕਹਿੰਦਾ ਸੀ ਕਿ ਮੈਂ ਐਨੀ ਦੇਰ ਵਿਚ ਪਾਰ ਕਰ ਲਵਾਂਗਾ। ਮਹਾਰਾਜ ਜੀ ਨੇ ਕਿਹਾ ਕਿ ਪੰਡਤ ਜੀ! ਇਨ੍ਹਾਂ ਨੇ ਗਲਤ ਨਹੀਂ ਕਿਹਾ। ਜਿਹੜਾ ਗਰੁੜ ਪੁਰਾਣ ਹੈ ਉਹ ਇਕੱਲੇ ਪਾਪੀਆਂ ਦੀ ਹੀ ਗੱਲ ਕਰਦਾ ਹੈ, ਜਿਹੜੇ ਲੋਕ ਪਾਪ ਕਰਦੇ ਹਨ। ਗੁਰੂ ਮਹਾਰਾਜ ਨੇ ਕਿਹਾ ਕਿ ਛੇ ਕਿਸਮ ਦੀਆਂ ਗਤੀਆਂ ਹੁੰਦੀਆਂ ਹਨ। ਪਹਿਲੀ ਗਤੀ ਹੁੰਦੀ ਹੈ ਪਾਪੀਆਂ ਦੀ, ਉਹ ਪਾਪੀ ਜਿਸ ਵਕਤ ਇਥੋਂ ਜਾਂਦੇ ਹਨ, ਉਸ ਵੇਲੇ ਉਨ੍ਹਾਂ ਨੂੰ ਸਜ਼ਾਵਾਂ ਮਿਲਦੀਆਂ ਹਨ, ਬਹੁਤ ਸਖਤ ਸਜ਼ਾਵਾਂ ਮਿਲਦੀਆਂ ਹਨ -

***ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥***
***ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥***

***ਪੰਨਾ - 546***

ਜਿਸ ਤਰ੍ਹਾਂ ਤਿਲ ਘਾਣੀ ਵਿਚ ਪੀੜਦੇ ਹਨ, ਇਸ ਤਰ੍ਹਾਂ ਪੀੜਿਆ ਜਾਂਦਾ ਹੈ। ਸੋ ਇਹ ਜਿਹੜਾ ਗਰੁੜ ਪੁਰਾਣ ਹੈ ਇਹ ਕੇਵਲ ਪਾਪੀਆਂ ਦੀ ਗੱਲ ਕਰਦਾ ਹੈ। ਦੂਜੀ ਗਤੀ ਹੁੰਦੀ ਹੈ, ਪੁੰਨੀਆਂ ਦੀ। ਉਹ ਜਿਹੜੇ ਇਥੇ ਪੁੰਨ ਦਾਨ ਕਰਦੇ ਹਨ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***

***ਪੰਨਾ - 747***

ਉਨ੍ਹਾਂ ਨੂੰ ਜਮ ਰਾਹ ਵਿਚ ਲੁੱਟ ਲੈਂਦੇ ਹਨ, ਜਦੋਂ ਅੱਗੇ ਅੱਗ ਦਾ ਵਾਤਾਵਰਣ ਆਉਂਦਾ ਹੈ ਓਦੋਂ ਜੀਵ ਤੜਫਦਾ ਹੈ,

ਜਿਥੇ ਬਹੁਤ ਜ਼ਿਆਦਾ ਗਰਮ ਧਰਤੀ ਆਉਂਦੀ ਹੈ ਉਥੇ ਜੀਵ ਤੜਫਦਾ ਹੈ, ਉਥੇ ਜਮਦੂਤ ਕਹਿੰਦੇ ਹਨ ਜੋ ਕੋਈ ਪੁੰਨ ਕੀਤਾ ਹੈ ਤਾਂ ਦੇ ਦੇ ਲੰਘਾ ਦਿੰਦੇ ਹਾਂ। ਸਾਰੇ ਪੁੰਨ ਤਾਂ ਰਾਹ ਵਿਚ ਲੁੱਟ ਲਏ ਜਾਂਦੇ ਹਨ, ਜੇ ਥੋੜ੍ਹੇ ਬਹੁਤ ਬਚਦੇ ਹਨ ਤਾਂ ਸਵਰਗ ਲੋਕ ਵਿਚ ਥੋੜ੍ਹੀ ਦੇਰ ਲਈ ਵਾਸਾ ਹੋ ਜਾਂਦਾ ਹੈ। ਜੇ ਉਹਦੇ ਲੇਖੇ ਜਲਦੀ ਲੈਣੇ ਦੇਣੇ ਹਨ ਤਾਂ ਕਿਸੇ ਮਨੁੱਖ ਜੂਨੀ ਵਿਚ ਪੈ ਜਾਵੇਗਾ, ਨਹੀਂ ਤਾਂ ਜਾਨਵਰਾਂ ਦੀ ਜੂਨੀ ਵਿਚ ਸੁੱਟ ਦਿਤਾ ਜਾਂਦਾ ਹੈ। ਸੋ ਇਹ ਪੁੰਨੀਆਂ ਦੀ ਗਤੀ ਹੋਇਆ ਕਰਦੀ ਹੈ।

ਤੀਸਰੀ ਹੋਇਆ ਕਰਦੀ ਹੈ ਪ੍ਰਾਣਾਯਾਮੀਆਂ ਦੀ, ਜਿਹੜੇ ਮਨ ਨੂੰ ਰੋਕਦੇ ਹਨ, ਸੰਜਮ ਕਰਦੇ ਹਨ, ਸਾਧਨ ਕਰਦੇ ਹਨ। ਉਹ ਮਰਨ ਤੋਂ ਬਾਅਦ ਬ੍ਰਹਮ ਲੋਕ ਵਿਚ ਜਾਇਆ ਕਰਦੇ ਹਨ ਜਿਥੇ 4 ਅਰਬ 32 ਕਰੋੜ ਸਾਲ, ਹਜ਼ਾਰ ਕਲਪ ਦੇ ਸਮੇਂ ਤਕ ਉਥੇ ਰਿਹਾ ਕਰਦੇ ਹਨ।

ਚੌਥੀ ਗਤੀ ਹੋਇਆ ਹੈ ਉਨ੍ਹਾਂ ਪੁਰਸ਼ਾਂ ਦੀ ਜੋ ਗੁਰੂ ਧਾਰਨ ਕਰਦੇ ਹਨ, ਗੁਰੂ ਨਾਲ ਪਿਆਰ ਕਰਦੇ ਹਨ, ਉਨ੍ਹਾਂ ਨੂੰ ਭਗਤ ਆਖਿਆ ਜਾਂਦਾ ਹੈ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ।।***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।।***

***ਪੰਨਾ – 517***

ਗੁਰੂ ਮਹਾਰਾਜ ਕਹਿਣ ਲੱਗੇ ਕਿ ਜਿਸ ਵਕਤ ਉਹ ਸੰਸਾਰ ਤੋਂ ਜਾਂਦੇ ਹਨ, ਉਨ੍ਹਾਂ ਦੀ ਜੈ ਜੈਕਾਰ ਹੁੰਦੀ ਹੈ, ਧੰਨ ਧੰਨ ਹੁੰਦੀ ਹੈ। ਉਹ ਸਿੱਧੇ ਨਿਰੰਕਾਰ ਦੇ ਦੇਸ਼ ਜਾਂਦੇ ਹਨ –

***ਸਚ ਖੰਡਿ ਵਸੈ ਨਿਰੰਕਾਰੁ॥***
***ਕਰਿ ਕਰਿ ਵੇਖੈ ਨਦਰਿ ਨਿਹਾਲ॥*** ***ਪੰਨਾ – 8***

ਉਥੇ ਜਾ ਕੇ ਉਨ੍ਹਾਂ ਨੂੰ ਥਾਂ ਮਿਲਦਾ ਹੈ –

***ਧਾਰਨਾ – ਦਰਗਹ ਮਿਲਦੈ ਥਾਉ ਗੁਰਾਂ ਨਾਲ ਰਤਿਆਂ –***
***ਗੁਰਾਂ ਨਾਲ ਰੱਤਿਆਂ – 2, 4.***

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***

***ਪੰਨਾ – 517***

ਦਰਗਾਹ ਵਿਚ ਥਾਂ ਮਿਲਦਾ ਹੈ ਤਾਂ ਉਸ ਦੀ ਮਾਤਾ ਨੂੰ ਧੰਨ ਆਖਿਆ ਜਾਂਦਾ ਹੈ, 101 ਕੁਲ ਦਾ ਉਹ ਉਧਾਰ ਕਰਦਾ ਹੈ।

ਪੰਜਵੀਂ ਗਤੀ ਹੋਇਆ ਕਰਦੀ ਹੈ ਕਾਰਕਾਂ ਦੀ, ਜਦੋਂ ਧਰਤੀ ਤੇ ਗਿਲਾਨੀ ਫੈਲ ਜਾਵੇ, ਪ੍ਰਮੇਸ਼ਰ ਵਲੋਂ ਉਹ ਅਵਤਾਰ ਲੈ ਕੇ ਆਇਆ ਕਰਦੇ ਹਨ ਜਿਵੇਂ ਕ੍ਰਿਸ਼ਨ ਮਹਾਰਾਜ, ਸ੍ਰੀ ਰਾਮ ਚੰਦਰ ਜੀ ਮਹਾਰਾਜ ਆਦਿ। ਜਦੋਂ ਕੋਈ ਕੰਮ ਹੋ ਜਾਵੇ, ਉਹ ਵਾਪਸ ਚਲੇ ਜਾਇਆ ਕਰਦੇ ਹਨ। ਛੇਵੀਂ ਗਤੀ ਹੋਇਆ ਕਰਦੀ ਹੈ ਬ੍ਰਹਮਗਿਆਨੀਆਂ ਦੀ –

***ਮਨਿ ਸਾਚਾ ਮੁਖਿ ਸਾਚਾ ਸੋਇ।।***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***

***ਪੰਨਾ – 272***

ਜਿਹੜੇ ਇਸ ਸੰਸਾਰ ਵਿਚ ਪ੍ਰਮੇਸ਼ਰ ਤੋਂ ਬਗੈਰ ਦੂਜਾ ਨਹੀਂ ਦੇਖਦੇ, ਉਹ ਐਥੇ ਹੀ ਪ੍ਰਮੇਸ਼ਰ ਵਿਚ ਲੀਨ ਹੋਇਆ ਕਰਦੇ ਹਨ–

***ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ – 273***

ਉਹ ਬ੍ਰਹਮ ਵਿਚ ਲੀਨ ਹੁੰਦੇ ਹਨ, ਉਹ ਆਉਂਦੇ ਜਾਂਦੇ ਨਹੀਂ ਹੁੰਦੇ। ਉਹ ਤਾਂ ਜਿਸ ਤਰ੍ਹਾਂ ਪਾਣੀ ਵਿਚ ਕੋਈ ਘੜਾ ਰੱਖਿਆ ਹੋਵੇ, ਇੱਟ ਮਾਰ ਕੇ ਘੜਾ ਭੰਨ ਦੇਈਏ ਤਾਂ ਉਸ ਪਾਣੀ ਨੇ ਕਿਥੇ ਜਾਣਾ ਹੈ, ਉਹ ਤਾਂ ਪਹਿਲਾਂ ਹੀ ਪਾਣੀ ਵਿਚ ਰਲਿਆ ਹੋਇਆ ਹੈ, ਬਿਆਧੀ ਤਾਂ ਕੇਵਲ ਘੜੇ ਦੀ ਹੀ ਸੀ ਜਿਸ ਕਰਕੇ ਘੜੇ ਦਾ ਪਾਣੀ ਵਖਰਾ ਲਗਦਾ ਸੀ। ਇਸ ਤਰ੍ਹਾਂ ਸਰੀਰ ਦੀ ਬਿਆਧੀ ਹੁੰਦੀ ਹੈ, ਹੁੰਦੇ ਤਾਂ ਉਹ ਪ੍ਰਮੇਸ਼ਰ ਵਿਚ ਲੀਨ ਹਨ, ਉਹ ਆਉਂਦੇ ਜਾਂਦੇ ਨਹੀਂ ਹੁੰਦੇ –

***ਨਾ ਕਛੁ ਆਇਬੋ ਨ ਕਛੁ ਜਾਇਬੋ ਰਾਮ ਕੀ ਦੁਹਾਈ॥***

***ਪੰਨਾ – 695***

ਜਿਸ ਗੁਰਸਿੱਖ ਨੇ ਇਹ ਜਿਹੜੀ ਚੁਟਕੀ ਮਾਰੀ ਹੈ, ਇਹ ਬ੍ਰਹਮਗਿਆਨੀ ਮਹਾਂਪੁਰਸ਼ ਹਨ। ਇਹ ਆਪਣੀ ਆਪਣੀ ਅਵਸਥਾ ਹੈ। ਸੋ ਸਾਧਸੰਗਤ ਜੀ! ਛੇ ਕਿਸਮ ਦੀ ਗਤੀ ਹੋਇਆ ਕਰਦੀ ਹੈ। ਪਾਪੀਆਂ ਦੀ ਗਤੀ ਸਭ ਤੋਂ ਮਾੜੀ ਹੋਇਆ ਕਰਦੀ ਹੈ।

ਤੁਹਾਨੂੰ ਚੰਡੀਗੜ੍ਹ ਦੀ ਗੱਲ ਹੀ ਦਸਦਾ ਹਾਂ, ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) 34 ਸੈਕਟਰ ਦੇ ਗੁਰਦੁਆਰੇ ਵਿਚ ਗੁਰ ਦਰਸ਼ਨ ਕਰਨ ਲਈ ਜਾ ਰਹੇ ਸੀ, ਰਸਤੇ ਵਿਚ ਇਨ੍ਹਾਂ ਨੂੰ ਇਕ ਬੀਬੀ ਮਿਲ ਗਈ ਜੋ ਕਿ ਰਾਸ਼ਨ ਦੀਆਂ ਪੋਟਲੀਆਂ ਬੰਨੀਂ ਲਿਜਾ ਰਹੀ ਸੀ। ਇਹ ਕਹਿਣ ਲੱਗੇ, "ਭੈਣ! ਤੂੰ ਪੋਟਲੀਆਂ ਬੰਨ੍ਹੀ ਲਿਜਾ ਰਹੀ ਹੈਂ। ਕਹਿੰਦੀ, ਬਹਿ ਜਾਓ! ਮੈਂ ਤੁਹਾਨੂੰ ਦਸਦੀ ਹਾਂ। ਉਹ ਬੀਬੀ ਕਹਿਣ ਲੱਗੀ ਕਿ ਮੈਂ ਮਰ ਗਈ ਸੀ, ਥੋੜ੍ਹੇ ਸਾਲ ਪਹਿਲਾਂ। ਮੈਨੂੰ ਕੋਈ ਭਲੇ ਪੁਰਸ਼ ਲੈ ਕੇ ਤੁਰ ਗਏ। ਵੈਸੇ ਪਹਿਲਾਂ ਵੀ ਮੈਂ ਗੁਰਦਵਾਰੇ ਆਉਂਦੀ ਸੀ, ਮਾੜਾ ਕੰਮ ਕਦੀ ਕਰਿਆ ਨਹੀਂ ਸੀ, ਬਾਣੀ ਪੜ੍ਹਦੀ ਹੁੰਦੀ ਸੀ, ਮੈਨੂੰ ਮਾਰਿਆ ਕੁਟਿਆ ਤਾਂ ਹੈ ਨਹੀਂ, ਲੈ ਕੇ ਟੁਰ ਪਏ। ਰਸਤੇ ਵਿਚ ਮੈਨੂੰ ਬਹੁਤ ਪਿਆਸ ਲੱਗੀ –

***ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*** ***ਪੰਨਾ – 264***

ਤਾਂ ਮੈਂ ਉਨ੍ਹਾਂ ਭਲੇ ਪੁਰਸ਼ਾਂ ਨੂੰ ਕਿਹਾ ਕਿ ਮੈਨੂੰ ਪਾਣੀ ਪਿਲਾ ਦਿਓ, ਮੈਂ ਬੇਬਸ ਹੁੰਦੀ ਜਾ ਰਹੀ ਹਾਂ। ਐਨਾ ਕਹਿਣ ਦੀ ਦੇਰ ਸੀ ਉਸੇ ਵੇਲੇ ਪਾਣੀ ਆ ਗਿਆ, ਬੇਅੰਤ ਕਿਸਮ ਦਾ ਪਾਣੀ ਆ ਗਿਆ, ਮੈਂ ਦਸ ਨਹੀਂ ਸਕਦੀ। ਪਰ ਜਿਹੜੇ ਬਰਤਨ ਦੇ ਪਾਣੀ ਨੂੰ ਹੱਥ ਲਾਵਾਂ ਉਹ ਸੁੱਕ ਜਾਵੇ। ਮੈਂ ਕਿਹਾ, ਭਾਈ! ਪਾਣੀ ਤਾਂ ਹੱਥ ਲਾਉਂਦੇ ਸਾਰ ਸੁੱਕ ਜਾਂਦਾ ਹੈ, ਕਹਿਣ ਲੱਗੇ ਬੀਬੀ! ਇਥੇ ਉਹ ਚੀਜ਼ ਨਹੀਂ ਮਿਲਦੀ ਜਿਹੜੀ ਦੁਨੀਆਂ ਵਿਚ ਨਾ ਬੀਜੀ ਹੋਵੇ। ਜੋ ਦੁਨੀਆਂ ਵਿਚ ਕਰਕੇ ਆਇਆ ਹੈ, ਇਥੇ ਓਹੀ ਚੀਜ਼ ਮਿਲੇਗੀ ਇਥੇ ਵਧਦਾ ਹੈ ਤੁਹਾਡਾ ਬੀਜਿਆ ਹੋਇਆ। ਤੂੰ ਪਾਣੀ ਦਾਨ ਹੀ ਨਹੀਂ ਕੀਤਾ, ਹੁਣ ਮਿਲਣਾ ਕੀ ਹੈ। ਕਹਿਣ ਲੱਗੀ, "ਅੱਗੇ ਜਾ ਕੇ ਮੈਨੂੰ ਭੁੱਖ ਲੱਗੀ, ਮੈਂ ਕਿਹਾ ਕਿ ਮੈਨੂੰ ਬਹੁਤ ਭੁੱਖ ਲੱਗੀ ਹੈ, ਬਹੁਤ ਪਿਆਸ ਲੱਗੀ ਹੈ। ਥਾਲ ਆ ਗਏ, ਜਿਹੜੇ ਥਾਲ ਨੂੰ ਹੱਥ ਲਾਵਾਂ, ਮੇਰੇ ਹੱਥ ਤੋਂ ਉਚਾ ਹੋ ਜਾਵੇ। ਮੈਂ ਕਿਹਾ ਕਿ ਇਹ ਤਾਂ ਮੇਰੇ ਹੱਥ ਵਿਚ ਨਹੀਂ ਆਉਂਦੇ।" ਉਹ ਪੁਰਸ਼ ਕਹਿਣ ਲੱਗੇ ਕਿ ਹੱਥ ਵੀ ਕੀ ਆਉਣਾ ਹੈ, ਹੱਥ ਵਿਚ ਤਾਂ ਉਹ ਆਉਂਦਾ

ਹੈ ਜੋ ਦੁਨੀਆਂ ਵਿਚ ਬੀਜਿਆ ਹੁੰਦਾ ਹੈ। ਤੂੰ ਕਦੇ ਕੁਝ ਬੀਜਿਆ ਹੀ ਨਹੀਂ। ਲੰਗਰ ਵਾਸਤੇ ਕਦੇ ਕੁਝ ਦਿਤਾ ਨਹੀਂ ਹੋਣਾ। ਜਦੋਂ ਮੈਂ ਧਰਮਰਾਜ ਦੇ ਸਾਮ੍ਹਣੇ ਗਈ ਤਾਂ ਕਹਿਣ ਲੱਗੇ ਇਹ ਰੂਹ ਤਾਂ ਤੁਸੀਂ ਗਲਤ ਲੈ ਆਏ। ਜਾਓ ਇਹਨੂੰ ਵਾਪਸ ਕਰਕੇ ਆਓ। ਕਹਿੰਦੀ ਮੈਨੂੰ ਤਾਂ ਵਾਪਸ ਕਰ ਦਿਤਾ ਤੇ ਸਾਡੇ ਘਰ ਦੇ ਪਿਛਲੇ ਪਾਸੇ ਜੋ ਸਾਡੀ ਪੜੌਸਨ ਸੀ, ਮੇਰੇ ਹੀ ਨਾਮ ਦੀ, ਉਹ ਚੜ੍ਹਾਈ ਕਰ ਗਈ। ਐਨੇ ਨੂੰ ਰੋਣ ਧੋਣ ਦੀ ਅਵਾਜ਼ ਵੀ ਆਉਣੀ ਸ਼ੁਰੂ ਹੋ ਗਈ। ਸੋ ਇਹਦੇ ਹੁਣ ਦੋ ਤੱਥ ਨੇ, ਉਹਦਾ ਜਿਉਂਦਾ ਹੋ ਜਾਣਾ ਤੇ ਦੂਜੀ ਦਾ ਮਰ ਜਾਣਾ। ਇਹ ਕੋਈ ਅਚਨਚੇਤ ਵਾਪਰੀ (accidental) ਗੱਲ ਨਹੀਂ ਹੁੰਦੀ। ਇਹ ਕਈ ਵਾਰੀ ਪ੍ਰਮੇਸ਼ਰ ਦੇ ਦਰ ਤੇ, ਸੰਸਾਰ ਨੂੰ ਦਸਣ ਵਾਸਤੇ ਕਈ ਕੌਤਕ ਹੋ ਜਾਇਆ ਕਰਦੇ ਹਨ। ਸੋ ਉਹ ਬੀਬੀ ਕਹਿਣ ਲੱਗੀ ਕਿ ਉਸ ਦਿਨ ਤੋਂ ਮੈਂ ਨੇਮ ਕਰ ਲਿਆ ਕਿ ਮੈਂ ਸਭ ਚੀਜ਼ਾਂ ਦਾਨ ਕਰਨੀਆਂ ਹਨ। ਬਸਤ੍ਰ ਵੀ ਦਾਨ ਕਰਨੇ ਹਨ, ਜਲ ਵੀ ਦਾਨ ਕਰਨਾ ਹੈ, ਦੁਧ, ਮਿੱਠਾ ਵੀ ਦਾਨ ਕਰਨਾ ਹੈ। ਮੈਂ ਹਰ ਚੀਜ਼ ਤਾਂਹੀਓ ਹੀ ਗੁਰਦਵਾਰੇ ਲੈ ਕੇ ਆਉਂਦੀ ਹਾਂ। ਸੋ ਦਾਨ ਹੋਇਆ ਕਰਦਾ ਹੈ –

***ਖੇਤੁ ਪਛਾਣੈ ਬੀਜੈ ਦਾਨੁ॥ ਪੰਨਾ – 1411***

ਕਈ ਦਾਨ ਨਰਕ ਵਿਚ ਲੈ ਜਾਇਆ ਕਰਦੇ ਹਨ, ਸ਼ਰਾਬ ਪੀਣ ਵਾਲੇ ਨੂੰ ਦਾਨ ਦੇ ਦਿਓ, ਮਾਸ ਖਾਣ ਵਾਲੇ ਨੂੰ ਦੇ ਦਿਓ, ਉਹਦਾ ਪਾਪ ਆਪਣੇ ਉਤੇ ਆ ਜਾਂਦਾ ਹੈ,, ਦਾਨ ਹਮੇਸ਼ਾ ਬ੍ਰਹਮਗਿਆਨੀ ਨੂੰ ਦਿਤਾ ਹੋਇਆ ਫਲਦਾ ਹੈ ਹਜ਼ਾਰਾਂ ਗੁਣਾਂ ਉਥੇ ਦਰਗਾਹ ਵਿਚ ਜਾ ਕੇ, ਜਿਥੇ ਲੰਗਰ ਚਲਦਾ ਹੋਵੇ, ਹਰ ਵਕਤ ਲੰਗਰ ਚਲਦਾ ਹੋਵੇ ਜਾਂ ਜਿਥੇ ਫਟਾਫਟ ਜਨਤਾ ਦੇ ਭਲੇ ਵਾਸਤੇ ਕੋਈ ਕੰਮ ਹੁੰਦੇ ਹੋਣ। ਜਿਥੇ ਦਾਨ ਆਪਣੇ ਗੁਜ਼ਾਰੇ ਲਈ, ਕਥਾ ਕਰਕੇ, ਸ਼ਬਦ ਗਾ ਕੇ ਲਿਆ ਜਾਂਦਾ ਹੈ ਉਹ ਘੱਟ ਹੀ ਫਲਦਾ ਹੈ, ਬੰਦਗੀ ਕਰਨ ਵਾਲੇ ਗੁਰਸਿੱਖਾਂ ਨੂੰ ਦਿਤਾ ਦਾਨ ਫਲਦਾ ਹੈ। ਜਿਵੇਂ ਦਸਮੇਸ਼ ਪਿਤਾ ਜੀ ਫੁਰਮਾਉਂਦੇ ਹਨ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***
***ਗਿਆਨ ਪ੍ਰਬੋਧ ਪਾ: ੧੦***

ਕਈ ਸੰਸਥਾਵਾਂ ਦਾਨ ਲੈਂਦੀਆਂ ਹਨ ਪਰ ਪ੍ਰਬੰਧਕ ਆਪਣੇ ਨਿਜੀ ਲਾਭਾਂ ਵਾਸਤੇ ਬੇਈਮਾਨੀਆਂ ਕਰਕੇ ਧਨ ਖਰਚਦੇ ਹਨ। ਉਹ ਦਾਨ ਤਮੋ ਗੁਣ ਦਾਨ ਹੋਣ ਕਰਕੇ ਫਲ ਨਹੀਂ ਦਿੰਦਾ। ਖੇਤ ਪਛਾਣ ਕੇ ਬੀਜਿਆ ਦਾਨ ਹੀ ਉਗਦਾ ਹੈ, ਕਲਰ ਦਾ ਨਹੀਂ ਉਗਦਾ।

ਸੋ ਬਹੁਤ ਤਰ੍ਹਾਂ ਦੀਆਂ ਮਿਸਾਲਾਂ ਹਨ। ਇਕ ਸੰਤ ਸ਼ਾਮ ਸਿੰਘ ਜੀ ਹੋਏ ਹਨ, ਉਹ ਵੀ ਇਸੇ ਤਰ੍ਹਾਂ ਚੜ੍ਹਾਈ ਕਰ ਗਏ ਸੀ, ਤਾਂ ਉਪਰ ਕਹਿਣ ਲੱਗੇ ਇਹ ਸ਼ਾਮ ਸਿੰਘ ਨਹੀਂ ਸੀ ਲਿਆਉਣਾ, ਉਹ ਤਾਂ ਸ਼ਾਮ ਸਿੰਘ ਰਾਮਗੜ੍ਹੀਆ ਲਿਆਉਣਾ ਸੀ। ਇਹ ਫੌਜੀ ਸਨ, ਰਿਜ਼ਰਵ ਆਏ ਹੋਏ, ਇਹ ਜਦ ਵਾਪਸ ਆਉਣ ਲੱਗੇ ਤੇ ਕਹਿਣ ਲੱਗੇ ਕਿ ਮੈਨੂੰ ਨਰਕ ਤਾਂ ਦਿਖਾ ਦਿਓ, ਉਹ ਕਹਿਣ ਕਿ ਐਨਾ ਟਾਈਮ ਤਾਂ ਹੈ ਨਹੀਂ। ਜਦੋਂ ਬਾਰ-ਬਾਰ ਕਿਹਾ ਤਾਂ ਉਨ੍ਹਾਂ ਨੇ ਨਰਕਾਂ ਦੇ ਉਪਰੋਂ ਦੀ ਇਨ੍ਹਾਂ ਨੂੰ ਲੰਘਾ ਦਿਤਾ ਤਾਂ ਕੀ ਦੇਖਦੇ ਹਨ ਕਿ ਅੱਗ ਮਚ ਰਹੀ ਹੈ ਨਰਕ ਦੀ, ਪਾਪੀ ਪੁਕਾਰਾਂ ਕਰ ਰਹੇ ਹਨ ਤੇ ਹਾਏ ਹਾਏ ਦੀ ਆਵਾਜ਼ ਆ ਰਹੀ ਹੈ। ਇਹ ਕਹਿਣ ਲੱਗੇ ਕਿ ਮੈਨੂੰ ਸਵਰਗ ਵੀ ਦਿਖਾ ਦਿਓ। ਉਨ੍ਹਾਂ ਦੂਤਾਂ ਨੇ ਕਿਹਾ ਕਿ ਮ੍ਰਿਤੂ ਮੰਡਲ ਵਿਚ ਤੁਹਾਡਾ ਸਰੀਰ ਜਲਾ ਦੇਣਗੇ, ਉਨ੍ਹਾਂ ਨੇ ਇਨ੍ਹਾਂ ਨੂੰ ਸਵਰਗ 'ਚੋਂ ਵੀ ਲੰਘਾ ਦਿਤਾ। ਐਨੇ ਨੂੰ ਇਨ੍ਹਾਂ ਦਾ ਸਰੀਰ ਚਿਤਾ ਤੇ ਰੱਖ ਦਿਤਾ ਤੇ ਅੱਗ ਲਾ ਦਿਤੀ। ਓਸੇ ਵੇਲੇ ਇਨ੍ਹਾਂ ਵਿਚ ਪ੍ਰਾਣ ਪਾ ਦਿਤੇ ਗਏ, ਇਹ ਛਾਲ ਮਾਰ ਕੇ ਚਿਖਾ ਤੋਂ ਬਾਹਰ ਹੋ ਗਏ। ਲੱਤ ਨੂੰ ਸੇਕ ਲਗ ਗਿਆ, ਸਾਰੀ ਜ਼ਿੰਦਗੀ ਦਿਖਾਉਂਦੇ ਹੁੰਦੇ ਸੀ ਕਿ ਇਹ ਦੇਖੋ, ਮੇਰੀ ਲੱਤ ਜਲ ਗਈ ਸੀ। ਉਸ ਵੇਲੇ ਖੁਸ਼ੀਆਂ ਹੋ ਗਈਆਂ ਕਿ ਭਾਈ ਸ਼ਾਮ ਸਿੰਘ ਜਿਉਂਦਾ ਹੋ ਗਿਆ। ਤਾਂ ਕਹਿਣ ਲੱਗੇ ਮੈਂ ਤਾਂ ਜੀਉਂਦਾ ਹੋ ਗਿਆ ਪਰ ਸ਼ਾਮ ਸਿੰਘ ਰਾਮਗੜ੍ਹੀਏ ਨੂੰ ਲੈਣ ਚਲੇ ਗਏ। ਸਾਰੇ ਕਹਿਣ ਲੱਗੇ ਉਹ ਤਾਂ ਹੁਣੇ ਇਥੇ ਹੀ ਸੀ, ਬੱਚੇ ਕਹਿਣ ਲੱਗੇ ਉਹ ਕਿੱਕਰ ਤੇ ਚੜ੍ਹ ਗਿਆ, ਕੁਹਾੜਾ ਲੈ ਕੇ ਕਿੱਕਰ ਵੱਢਣ ਵਾਸਤੇ, ਕੁਹਾੜਾ ਟਾਹਣੇ ਵਿਚ ਤਾਂ ਲੱਗਿਆ ਨਾ, ਥੱਲੇ ਘੁੰਮ ਗਿਆ। ਗਰਦਨ ਪਰਨੇ ਆ ਡਿਗਿਆ, ਜਮਦੂਤਾਂ ਨੇ ਮਾਰ ਦਿਤਾ। ਸੰਤ ਸ਼ਾਮ ਸਿੰਘ ਜੀ ਕਹਿਣ ਲੱਗੇ ਕਿ ਦੇਖੋ ਭਾਈ! ਮਾਂ ਬਾਪ, ਸਾਰੇ ਰਿਸ਼ਤੇਦਾਰ ਵੀ, ਪਿੰਡ ਦੇ ਹੋਰ ਸਾਰੇ ਲੋਕ ਵੀ ਬੁਲਾ ਲਵੋ, ਜਿੰਨੇ ਰੋਂਦੇ ਧੋਂਦੇ ਸੀ ਸਭ ਬੁਲਾ ਲਏ, ਕਹਿਣ ਲੱਗੇ ਦੇਖੋ ਭਾਈ! ਮੈਂ ਤਾਂ ਮਰ ਗਿਆ ਸੀ, ਇਹ ਸਮਝੋ ਕਿ ਮੈਂ ਜਿਉਂਦਾ ਨਹੀਂ ਹੋਇਆ। ਮੈਂ ਦੇਖ ਆਇਆ ਹਾਂ ਕਿ ਅੱਗੇ ਕੀ ਹੁੰਦਾ ਹੈ, ਉਥੇ ਜੋ ਕੁਝ ਹੁੰਦਾ ਹੈ ਮੈਂ ਹੁਣ ਉਸ ਦਾ ਇਲਾਜ ਕਰਨਾ ਹੈ, ਉਹ ਉਥੋਂ ਹੀ ਸਾਰਾ ਕੁਛ ਛੱਡ ਕੇ ਤੁਰ ਪਏ। ਮਹਾਂਪੁਰਸ਼ਾਂ ਦੀ ਸੰਗਤ ਕੀਤੀ ਤੇ ਬੜੇ ਉਚ ਕੋਟੀ ਦੇ ਮਹਾਤਮਾ ਹੋਏ, ਸਾਰਿਆਂ ਨੂੰ ਇਸ ਆਪ ਬੀਤੀ ਬਾਰੇ ਦਸਿਆ ਕਰਦੇ ਸਨ।

ਸੋ ਇਹ ਗੱਲਾਂ ਕੋਈ ਡਰਾਉਣ ਵਾਸਤੇ ਨਹੀਂ ਹਨ ਇਹ ਪਾਪੀਆਂ ਦੀ ਗਤੀ ਦੇ ਮੁਤਾਬਿਕ ਨਰਕ ਸਵਰਗ ਹਨ।

***ਖੁਸਿ ਖੁਸਿ ਲੈਦਾ ਵਸਤੁ ਪਰਾਈ॥***
***ਵੇਖੈ ਸੁਣੇ ਤੇਰੈ ਨਾਲਿ ਖੁਦਾਈ॥***
***ਦੁਨੀਆ ਲਬਿ ਪਇਆ ਖਾਤ ਅੰਦਰਿ***
***ਅਗਲੀ ਗਲ ਨ ਜਾਣੀਆ॥ ਪੰਨਾ – 1020***

ਕਹਿੰਦੇ ਪਤਾ ਨਹੀਂ ਅੱਗੇ ਤੇਰੇ ਨਾਲ ਕੀ ਭਾਣਾ ਬੀਤਣਾ ਹੈ–

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥***
***ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥***
***ਪੰਨਾ – 1020***

ਸੋ ਐਸੇ ਹਾਲ ਹੋਇਆ ਕਰਦੇ ਹਨ ਤੇ ਗਤੀਆਂ ਹੁੰਦੀਆਂ ਹਨ–

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526***

ਅੰਤ ਸਮਾਂ ਆ ਜਾਵੇ, ਬੈਂਕ ਬੈਲੇਂਸ ਵਿਚ ਧਿਆਨ ਰਹਿ ਜਾਵੇ, ਸੱਪ ਬਣ ਜਾਇਆ ਕਰਦਾ ਹੈ। ਅੰਤ ਸਮੇਂ ਧਿਆਨ ਮੰਦਰ (ਕੋਠੀ), ਜ਼ਮੀਨ-ਜਾਇਦਾਦ, ਇੰਡਸਟਰੀ, ਕਾਰੋਬਾਰ ਵਿਚ ਰਹਿ ਜਾਵੇ, ਹੁੰਦਾ ਕੀ ਹੈ –

***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***

***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਪੰਨਾ - 526***

ਆਪ ਦੁਖੀ ਹੁੰਦਾ ਹੈ, ਘਰ ਵਾਲਿਆਂ ਨੂੰ ਦੁਖੀ ਕਰਦਾ ਹੈ, ਡੰਗਰ ਮਾਰਨੇ ਸ਼ੁਰੂ ਕਰ ਦਿੰਦਾ ਹੈ, ਦਸਦਾ ਹੈ ਨਹੀਂ ਬੋਲ ਨਹੀਂ ਸਕਦਾ, ਕਿਤੇ-ਕਿਤੇ ਬੋਲਦਾ ਹੈ, ਫੇਰ ਪੁਛਦੇ ਨੇ ਤੂੰ ਐਨਾ ਨੁਕਸਾਨ ਕਰਦਾ ਹੈਂ ਬਜ਼ੁਰਗਾ। ਫੇਰ ਬੋਲਦਾ ਹੈ ਮੇਰੀ ਗਤੀ ਕਰਾ ਦਿਓ ਮੈਂ ਬਹੁਤ ਦੁਖੀ ਹਾਂ। ਉਹ ਕਹਿੰਦੇ ਨੇ ਕਿ ਗਤੀ ਤਾਂ ਕਰਾਈ ਸੀ ਉਥੇ। ਫੇਰ ਗਤੀ ਦੇ ਸਾਧਨ ਕੀਤੇ ਜਾਂਦੇ ਹਨ।

ਮੈਨੂੰ ਧਨਾਸ ਇਕ ਪ੍ਰੇਤ ਮਿਲਿਆ, ਜੋ ਪ੍ਰੀਤਮ ਸਿੰਘ (ਰੇਡੀਓ ਸਟੇਸ਼ਨ) ਦੇ ਘਰੋਂ ਬੀਬੀ ਵਿਚ ਆਉਂਦਾ ਸੀ, ਉਹਨੂੰ ਤੰਗ ਕਰਦਾ ਸੀ। ਮੈਂ ਕਿਹਾ ਤੁਸੀਂ ਅੰਮ੍ਰਿਤ ਛਕ ਲਓ, ਉਨ੍ਹਾਂ ਨੇ ਅੰਮ੍ਰਿਤ ਛਕ ਲਿਆ ਤਾਂ ਉਹ ਆਉਣ ਤੋਂ ਹਟ ਗਿਆ। ਉਸ ਤੋਂ ਬਾਅਦ ਉਨ੍ਹਾਂ ਦਾ ਲੜਕਾ ਸੈਨਿਕ ਸਕੂਲ ਵਿਚ ਪੜ੍ਹਦਾ ਸੀ, ਉਹਦੇ ਵਿਚ ਆ ਗਿਆ। ਕਹਿਣ ਲੱਗੇ ਅੱਜ ਸਾਡਾ ਕਾਕਾ ਫੜਿਆ ਹੋਇਆ ਹੈ। ਮੈਂ ਕਿਹਾ, ਗੱਲ ਤਾਂ ਕਰਾਓ। ਬੱਚਾ ਰੋਈ ਜਾਵੇ, ਰੋਈ ਜਾਵੇ। ਗੱਲ ਚਲਾਈ, ਕਹਿੰਦਾ ਬਾਬਾ ਜੀ ਨਾਲ ਗੱਲ ਕਰਨੀ ਹੈ। ਮੈਂ ਕਿਹਾ, ਕੀ ਗੱਲ ਕਰਨੀ ਹੈ? ਮੈਂ ਕਿਹਾ ਪਹਿਲਾਂ ਤੂੰ ਆਪਣੀ ਨੂੰਹ ਵਿਚ ਆਉਣ ਲਗ ਪਿਆ, ਤੈਨੂੰ ਬੀਬੀ ਵਿਚ ਆਉਣਾ ਨਹੀਂ ਸੀ ਚਾਹੀਦਾ, ਹੁਣ ਤੂੰ ਕਾਕੇ ਵਿਚ ਆਉਣ ਲਗ ਪਿਆ। ਕਹਿਣ ਲੱਗਿਆ, "ਮੈਂ ਕੀ ਕਰਾਂ ਜੀ! ਤਿੰਨ ਮਹੀਨੇ ਦਾ ਡਿਓੜੀ ਤੇ ਬੈਠਾ ਹਾਂ, ਇਨ੍ਹਾਂ ਨੇ ਛਕ ਲਿਆ ਅੰਮ੍ਰਿਤ, ਹੁਣ ਮੈਨੂੰ ਅੰਦਰ ਆਉਣ ਦੀ ਆਗਿਆ ਨਹੀਂ, ਬਾਣੀ ਪੜ੍ਹਦੇ ਨੇ, ਨਾਮ ਜਪਦੇ ਨੇ, ਰਹਿਤਾਂ ਵਿਚ ਪੱਕੇ ਨੇ, ਏਸ ਲੜਕੇ ਨੇ ਅਜੇ ਅੰਮ੍ਰਿਤ ਛਕਿਆ ਨਹੀਂ, ਮੈਂ ਤੁਹਾਡੇ ਨਾਲ ਗੱਲ ਕਰਨੀ ਹੈ, ਫੇਰ ਮੈਂ ਚਲੇ ਜਾਣਾ ਹੈ, ਮੇਰੀ ਗਤੀ ਕਰਾ ਦਿਓ, ਮੈਂ ਬਹੁਤ ਦੁਖੀ ਹਾਂ।" ਮੈਂ ਕਿਹਾ, "ਅਖੰਡ ਪਾਠ ਕਰਾ ਦਿਆਂਗੇ।" ਅਖੰਡ ਪਾਠ ਕਰਾਇਆ ਗਿਆ ਜਿਸ ਵਿਚ ਐਨੀ ਵਿਧੀ ਸੀ ਕਿ ਪਾਠ ਕਰਨ ਵਾਲਾ ਨਾ ਸ਼ਰਾਬ ਪੀਂਦਾ ਹੋਵੇ, ਨਾ ਪੈਸੇ ਦਾ ਲਾਲਚੀ ਹੋਵੇ, ਨਾ ਪੈਸੇ ਵਿਚ ਉਸ ਦਾ ਧਿਆਨ ਹੋਵੇ, ਨਾ ਹੀ ਇਹ ਕਹੇ ਕਿ ਮੈਂ ਐਨੇ ਪੈਸੇ ਲੈਣੇ ਹਨ, ਹਰ ਵਾਰੀ ਹਰ ਰੋਜ਼ ਕੇਸੀ ਇਸ਼ਨਾਨ ਕਰਕੇ ਰੌਲ ਸ਼ੁਰੂ ਕਰੇ। ਉਸ ਤੋਂ ਬਾਅਦ ਕਿਸੇ ਨਾਲ ਗੱਲ ਨਾ ਕਰੇ, ਚੁੱਪ ਕਰਕੇ ਰਹੇ, ਫੇਰ ਜਾ ਕੇ ਉਹ ਪਾਠ ਲਗਦਾ ਹੈ। ਪੰਜ ਗ੍ਰੰਥੀ ਵੀ ਨਾਲ ਹੋਵੇ, ਜੋਤ ਹੋਵੇ, ਧੂਪ ਹੋਵੇ, ਪੂਰੀ ਵਿਧੀ ਨਾਲ ਕੁੰਭ ਵਗੈਰਾ ਰੱਖ ਕੇ ਜਿਵੇਂ ਪੁਰਾਣੇ ਵਕਤਾਂ ਵਿਚ ਮਹਾਂਪੁਰਸ਼ ਕਰਦੇ ਸੀ, ਉਸ ਤਰ੍ਹਾਂ ਕੀਤਾ ਜਾਵੇ, ਫੇਰ ਪਾਠ ਕਰਾ ਕੇ ਅਰਦਾਸ ਕੀਤੀ ਜਾਵੇ। ਜਦੋਂ ਪਾਠ ਕਰਾਇਆ, ਮੈਂ ਲੜਕੇ ਨੂੰ ਕਿਹਾ, ਤੂੰ ਪਾਠ ਸੁਣੀ ਜਾਈਂ, ਜੇਕਰ ਤੇਰੀ ਗਤੀ ਨਾ ਹੋਈ ਤਾਂ ਬੋਲ ਪਈ; ਨਹੀਂ ਤਾਂ ਸਾਨੂੰ ਪਤਾ ਲਗ ਜਾਏਗਾ ਕਿ ਤੇਰੀ ਗਤੀ ਹੋ ਗਈ। ਪੌਣੇ ਦੋ ਸਾਲ ਹੋ ਗਏ, ਮੁੜ ਕੇ ਬੋਲਿਆ ਹੀ ਨਹੀਂ। ਐਸੀ ਗਤੀ ਤਾਂ ਹੁੰਦੀ ਹੈ ਜੇਕਰ ਆਦਮੀ ਦਾ ਮਨ ਇਥੇ ਰਹਿ ਜਾਵੇ। ਸੋ ਏਸ ਤਰ੍ਹਾਂ ਕਈ ਪ੍ਰਕਾਰ ਦੀਆਂ ਗਤੀਆਂ ਹੁੰਦੀਆਂ ਹਨ। ਦੂਸਰਾ ਜਿਹੜਾ ਸੰਤਾਂ ਦਾ ਦੋਖੀ ਹੋਵੇ, ਬੰਦਗੀ ਕਰਨ ਵਾਲਿਆਂ ਦਾ, ਉਸ ਨੂੰ ਸੱਪ ਦੀ ਜੂਨੀ ਮਿਲਦੀ ਹੈ-

***ਧਾਰਨਾ - ਪਾਵੇ ਸੱਪ ਦੀ ਜੂਨ, ਦੋਖੀ ਸੰਤਾਂ ਦਾ - 2, 4***

***ਸੰਤ ਕੈ ਦੂਖਨਿ ਸਰਪ ਜੋਨਿ ਪਾਇ॥***
***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥***
***ਪੰਨਾ - 279***

ਜਿਹੜੀ ਤ੍ਰੈਗਿਰਦ ਜੋਨ ਹੈ - ਕੁੱਤੇ, ਬਿੱਲੇ, ਸੂਰ ਆਦਿ ਉਨ੍ਹਾਂ ਵਿਚ ਜਿਹੜੇ ਕੀੜੇ ਪੈਂਦੇ ਨੇ, ਉਹ ਜੂਨੀ ਮਿਲਿਆ ਕਰਦੀ ਹੈ। ਪਸ਼ੂ ਦੀ ਜੂਨ ਮਿਲਦੀ ਹੈ, ਮਨਮੁਖ ਨੂੰ। 'ਸੂਕਰ ਸੁਆਨ ਗਰਧਭ ਮਝਾਰਾ' ਬਿੱਲਾ ਗਧਾ ਕੁੱਤਾ ਤੇ ਸੂਰ।

***ਸੂਕਰ ਸੁਆਨ ਗਰਧਭ ਮੰਜਾਰਾ॥***
***ਪਸੂ ਮਲੇਛ ਨੀਚ ਚੰਡਾਲਾ॥***
***ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ॥***
***ਬੰਧਨਿ ਬਾਧਿਆ ਆਈਐ ਜਾਈਐ॥ ਪੰਨਾ - 832***

ਜਿਹੜੇ ਗੁਰੂ ਧਾਰ ਕੇ ਬੇਮੁਖ ਹੋ ਜਾਂਦੇ ਹਨ, ਉਨ੍ਹਾਂ ਨੂੰ ਫਿਰ ਇਹ ਜੂਨਾਂ ਪ੍ਰਾਪਤ ਹੁੰਦੀਆਂ ਹਨ -

***ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥***
***ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥***
***ਪੰਨਾ - 752***

ਮਹਾਰਾਜ ਕਹਿੰਦੇ ਹਨ ਖੁਦਾ ਤਾਂ ਹਰ ਥਾਂ ਤੇ ਰਹਿੰਦਾ ਹੈ। ਇਹ ਗਲਤੀ ਕੱਢਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਕਾਹਬੇ ਵਲ ਪੈਰ ਕਰਕੇ ਪੈ ਗਏ ਜਿਸ ਵਕਤ ਸਫਾਈ ਕਰਨ ਵਾਲਾ ਜੀਵਨ ਨਾਮ ਵਾਲਾ ਸੇਵਕ ਆਇਆ, ਉਸ ਨੇ ਦੇਖਿਆ ਕਿ ਬਾਕੀ ਤਾਂ ਸਾਰੇ ਇਧਰ ਸਿਰ ਕਰੀਂ ਪਏ ਹਨ ਇਹ ਕੌਣ ਆ ਗਿਆ ਕਾਹਬੇ ਵਲ ਪੈਰ ਕਰਕੇ ਪੈਣ ਵਾਲਾ? ਉਸ ਨੇ ਗੁਰੂ ਮਹਾਰਾਜ ਦੇ ਲੱਤ ਮਾਰੀ ਤੇ ਕਹਿਣ ਲੱਗਿਆ, "ਕਿਹੜਾ ਹੈਂ ਤੂੰ ਕਾਫਰ ਜਿਹੜਾ ਐਧਰ ਪੈਰ ਕਰੀਂ ਪਿਆ ਹੈਂ?" ਮਹਾਰਾਜ ਕਹਿਣ ਲੱਗੇ, "ਕਿਉਂ ਮਾਰਦੈਂ ਭਾਈ?" ਉਸ ਨੇ ਕਿਹਾ, "ਖੁਦਾ ਦੇ ਘਰ ਵਲ ਪੈਰ ਕਿਉਂ ਕਰੇ ਨੇ?" ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਅਨ੍ਹੇਰੇ ਹੋਏ ਇਥੇ ਆਏ ਸੀ, ਥੱਕੇ ਹੋਏ ਸੀ, ਸਾਨੂੰ ਪਤਾ ਨਹੀਂ ਸੀ ਕਿ ਖੁਦਾ ਦਾ ਘਰ ਕਿਧਰ ਹੈ। ਜਿਧਰ ਖੁਦਾ ਦਾ ਘਰ ਨਹੀਂ ਹੈ ਸਾਡੇ ਪੈਰ ਤੂੰ ਓਧਰ ਨੂੰ ਕਰ ਦੇ। ਅਸੀਂ ਆਪੇ ਉਠ ਕੇ ਕਰ ਲੈਂਦੇ, ਪਰ ਹੁਣ ਤੂੰ ਸਾਡੇ ਲੱਤ ਮਾਰੀ ਹੈ, ਉਠਿਆ ਨਹੀਂ ਜਾਂਦਾ। ਮਹਾਰਾਜ ਨੇ ਦੋਨੋਂ ਪੈਰ ਉਪਰ ਨੂੰ ਕਰ ਲਏ। ਉਸ ਨੇ ਖਿਝੇ ਹੋਏ ਨੇ 'ਟੰਗੋ ਪਕੜ ਘਸੀਟਿਆ' ਮਹਾਰਾਜ ਨੂੰ ਗਿਆਨਹੀਨ ਕਿਉਂਕਿ ਗੁੱਸੇ ਵਿਚ ਆਇਆ ਹੋਇਆ ਸੀ। ਜਦੋਂ ਧਾਰਮਕ ਬੰਦੇ ਗੁੱਸੇ ਵਿਚ ਆ ਜਾਣ ਤਾਂ ਉਹ ਰਾਕਸ਼ਾਂ ਨਾਲੋਂ ਵੀ ਭੈੜੇ ਹੋ ਜਾਇਆ ਕਰਦੇ ਹਨ। ਬਹੁਤ ਬੁਰੀ ਕਰਦੇ ਹਨ, ਮਾਰ ਦਿੰਦੇ ਹਨ, ਗਲ ਵੱਢ ਦਿੰਦੇ ਹਨ, ਉਨ੍ਹਾਂ ਅੰਦਰ ਸਹਿਨਸ਼ੀਲਤਾ ਨਹੀਂ ਹੋਇਆ ਕਰਦੀ। ਧਰਮ ਤਾਂ ਸਹਿਨਸ਼ੀਲਤਾ ਸਿਖਾਉਂਦਾ ਹੈ। ਕਰਮ ਕਾਂਡ ਵਿਚ ਰਹਿਣ ਵਾਲੇ, ਕ੍ਰੋਧੀ ਹੋ ਜਾਇਆ ਕਰਦੇ ਹਨ, ਦੂਜਿਆਂ ਨੂੰ ਮਾਰਨ ਲਗ ਜਾਂਦੇ ਹਨ। ਜਿਹਨੂੰ ਸੱਚਾ ਧਰਮ ਪ੍ਰਾਪਤ ਹੋ ਜਾਵੇ ਉਹ ਤਾਂ ਗਿਰਿਆਂ ਹੋਇਆਂ ਨੂੰ ਵੀ ਪਿਆਰ ਕਰਦਾ ਹੈ, ਮਾੜਿਆਂ ਨੂੰ ਵੀ ਪਿਆਰ ਕਰਦਾ ਹੈ, ਨਫਰਤ ਤਾਂ ਕਰਦਾ ਹੀ ਨਹੀਂ।

ਬਹੁਤ ਸਾਰੇ ਪ੍ਰੇਮੀ ਪਹਿਲਾਂ ਪਹਿਲਾਂ ਜਦੋਂ ਸਾਡੇ ਦੀਵਾਨ ਲਗਦੇ ਸੀ, ਜੇ ਕੋਈ ਸ਼ਰਾਬ ਪੀ ਕੇ ਆ ਜਾਵੇ ਉਹ ਨੂੰ ਮਾਰਨ ਲਗ ਜਾਣ। ਬਡਹੇੜੀ ਦੀਵਾਨ ਲੱਗਿਆ, ਉਥੇ ਵੀ ਇਸੇ ਤਰ੍ਹਾਂ ਹੋਇਆ। ਤੁਹਾਡੇ ਬੀਜੀ ਉਠ ਕੇ ਗਏ ਤੇ ਕਿਹਾ ਕਿ ਕਿਉਂ ਮਾਰਦੇ ਹੋ ਤੁਸੀਂ ਇਹਨੂੰ? ਉਹ ਕਹਿਣ ਲੱਗੇ ਕਿ ਇਹਨੇ ਸ਼ਰਾਬ ਪੀਤੀ ਹੋਈ ਹੈ। ਬੀਜੀ ਨੇ ਕਿਹਾ ਕਿ ਸ਼ਰਾਬ ਤਾਂ ਸਾਰਾ ਇਲਾਕਾ ਹੀ ਪੀਂਦਾ ਹੈ, ਇਹ ਸ਼ਰਾਬ ਤਾਂ ਹੀ ਛੱਡੇਗਾ, ਜੇ ਕੁਛ ਸੁਣੇਗਾ। ਇਹ ਗੱਲ ਨਹੀਂ ਕਰਨੀ, ਤੁਹਾਨੂੰ ਕਿਸਨੇ

ਇੰਚਾਰਜ ਬਣਾ ਦਿਤਾ ਹੈ। ਮੁੜ ਕੇ ਮੈਂ ਕਹਿ ਦਿਤਾ ਕਿ ਕੋਈ ਸ਼ਰਾਬ ਪੀਵੇ, ਕੁਝ ਕਰੇ ਕਿਸੇ ਨੇ ਕੁਝ ਨਹੀਂ ਕਹਿਣਾ, ਪਿਆਰ ਪ੍ਰੇਮ ਨਾਲ ਲਿਆ ਕੇ ਅੱਗੇ ਬਿਠਾਓ, ਸਾਡੇ ਕੋਲ ਲਿਆ ਕੇ ਬਿਠਾ ਦਿਆ ਕਰੋ। ਇਸ ਤਰ੍ਹਾਂ ਉਹ ਸੁਣਨ ਲਗ ਪਏ, ਸੁਣਨ ਦੇ ਨਾਲ ਕਿੱਡੇ-ਕਿੱਡੇ ਸ਼ਰਾਬੀ ਸ਼ਰਾਬ ਛੱਡ ਗਏ ਕਿਉਂਕਿ ਉਨ੍ਹਾਂ ਦੇ ਗੱਲ ਸਮਝ ਵਿਚ ਆਉਣ ਲਗ ਪਈ। ਜਿਹੜਾ ਨਫਰਤ ਕਰਦਾ ਹੈ, ਨਫਰਤ ਕਰਨ ਨਾਲ ਗੱਲ ਵਿਗੜ ਜਾਇਆ ਕਰਦੀ ਹੈ। ਬਿਮਾਰ ਆਦਮੀ ਡਾਕਟਰ ਕੋਲ ਜਾਂਦਾ ਹੈ। ਜੇ ਡਾਕਟਰ ਹੀ ਕਹਿਣ ਲਗ ਜਾਵੇ ਕਿ ਬਿਮਾਰ ਮੇਰੇ ਕੋਲ ਕਿਉਂ ਆਉਂਦਾ ਹੈ, ਜੇ ਉਹ ਇਸ ਤਰ੍ਹਾਂ ਕਹਿੰਦਾ ਹੈ ਤਾਂ ਉਹ ਡਾਕਟਰ ਕਾਹਦਾ? ਗੁਰੂ ਤਾਂ -

***ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥***
***ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ॥***
***ਪੰਨਾ - 802***

ਪਸ਼ੂਆਂ ਨੂੰ, ਪ੍ਰੇਤਾਂ ਨੂੰ, ਮਹਾਂਮੂਰਖਾਂ ਨੂੰ, ਪੱਥਰ ਜੈਸੇ ਆਦਮੀਆਂ ਨੂੰ ਤਾਰਨ ਵਾਸਤੇ ਗੁਰੂ ਆਉਂਦਾ ਹੈ। ਗੁਰੂ ਦੀ ਕੀ ਲੋੜ ਹੈ ਜੇ ਸਾਰੇ ਹੀ ਚੰਗੇ ਹੋਣ?

ਸੋ ਧਾਰਮਕ ਆਦਮੀ ਜਦੋਂ ਈਰਖਾ ਵਿਚ ਆ ਜਾਵੇ, ਵੱਡੇ-ਵੱਡੇ ਸੰਤ ਮੈਂ ਦੇਖੇ ਹਨ - ਈਰਖਾ ਕਰਦੇ, ਜਿਨ੍ਹਾਂ ਦੀ ਬੜੀ ਮਾਨਤਾ ਹੁੰਦੀ ਹੈ, ਜਿਨ੍ਹਾਂ ਦੇ ਪਿਛੇ ਬੜੀ ਦੁਨੀਆਂ ਲੱਗੀ ਹੁੰਦੀ ਹੈ। ਉਹ ਗੱਲਾਂ ਕਰਨਗੇ ਦੂਜੇ ਸੰਤਾਂ ਦੀਆਂ, ਕਹਿਣਗੇ ਜੀ, ਉਹ ਤਾਂ ਐਵੇਂ ਹੀ ਹੈ, ਅਸੀਂ ਜਾਣਦੇ ਹਾਂ ਉਨ੍ਹਾਂ ਨੂੰ, ਅੰਦਰ ਈਰਖਾ ਹੁੰਦੀ ਹੈ। ਇਹ ਮਾੜੀ ਚੀਜ਼ ਹੈ। ਦੁਨੀਆਦਾਰਾਂ ਵਿਚ ਤਾਂ ਹੁੰਦੀ ਹੈ, ਧਾਰਮਕ ਬੰਦਿਆਂ ਵਿਚ ਵੀ ਆ ਜਾਂਦੀ ਹੈ। ਧਾਰਮਕ ਈਰਖਾ ਸਭ ਤੋਂ ਮਾੜੀ ਹੁੰਦੀ ਹੈ, ਜੋ ਸਭ ਕੁਝ ਜਾਣਦੇ ਹੋਏ ਈਰਖਾ ਕਰਨ ਲਗ ਜਾਂਦੇ ਹਨ। ਸੋ ਏਸ ਤਰ੍ਹਾਂ ਦੇ ਨਾਲ ਜਦੋਂ ਧਰਮ ਦੇ ਨਾਮ ਤੇ ਮਾਰਨ ਲਗ ਜਾਓ ਤਾਂ ਚੰਗੀ ਗੱਲ ਨਹੀਂ। ਇਸਲਾਮ ਵਾਲਿਆਂ ਨੇ ਕਿੰਨੇ ਬੰਦੇ ਮਾਰੇ, ਲੱਖਾਂ ਕਰੋੜਾਂ ਦੀ ਤਦਾਦ ਵਿਚ ਹਿੰਦੁਸਤਾਨ ਦੇ ਬੰਦੇ ਮਾਰੇ ਤੇ ਸਿਰਫ ਏਸ ਕਰਕੇ ਕਿ ਇਹ ਸਾਰੇ ਸਾਡੇ ਧਰਮ ਵਿਚ ਆ ਜਾਣ। ਇਹ ਪੁੰਨ ਨਹੀਂ ਹੋਇਆ ਕਰਦਾ, ਤਾਂ ਗੁਰੂ ਨਾਨਕ ਨੇ ਕਹਿ ਦਿਤਾ -

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਇਥੇ ਇਹ ਤਾਂ ਕਿਹਾ ਨਹੀਂ ਕਿ ਸ਼ਰਾਬੀਆਂ ਦਾ ਭਲਾ ਨਾ ਹੋਵੇ, ਮਨਮੁਖਾਂ ਦਾ ਭਲਾ ਨਾ ਹੋਵੇ, ਸਾਰਿਆਂ ਦਾ ਭਲਾ ਮੰਗਦੇ ਹਾਂ, ਜਿਹੜਾ ਦੁਸ਼ਮਨੀ ਵੀ ਕਰਦਾ ਹੈ, ਉਹਦਾ ਵੀ ਭਲਾ ਮੰਗਦੇ ਹਾਂ। ਜੇ ਸਚਮੁਚ ਅਰਦਾਸ ਵੇਲੇ ਇਹ ਗੱਲ ਕਹਿ ਦਿਆ ਕਰੇ ਤਾਂ ਵੈਰ ਹੀ ਨਹੀਂ ਰਹਿੰਦਾ, ਕਿਸੇ ਨਾਲ। ਸਾਰੀ ਦੁਨੀਆਂ ਦਾ ਮਿਤਰ ਬਣ ਜਾਂਦਾ ਹੈ, ਸਾਰੀ ਦੁਨੀਆਂ ਇਹਦਾ ਸਤਿਕਾਰ ਕਰੇ ਕਿਉਂਕਿ ਅੰਦਰੋਂ ਲਹਿਰ ਐਸੀ ਉਠਦੀ ਹੈ ਕਿ ਸਭ ਦਾ ਭਲਾ ਮੰਗਦਾ ਹੈ, ਸਭ ਦਾ ਭਲਾ ਗੁਰੂ ਮਨਾਉਂਦਾ ਹੈ, ਸਭ ਦਾ ਭਲਾ ਉਹਦੇ ਸਿੱਖ ਨੂੰ ਮਨਾਉਣਾ ਚਾਹੀਦਾ ਹੈ। ਸੋ ਉਹਦੇ ਵਿਚ ਗੁੱਸਾ ਆਉਣ ਕਰਕੇ ਮਹਾਰਾਜ ਨੂੰ 'ਟੰਗੋ ਪਕੜ ਘਸੀਟਿਆ' ਦੂਜੇ ਪਾਸੇ ਪੈਰ ਫੜ ਕੇ ਜ਼ੋਰ ਨਾਲ ਧਰਤੀ ਤੇ ਮਾਰੇ। ਗੁਰੂ ਮਹਾਰਾਜ ਨੇ ਕਿਹਾ, ਗੁਸਾ ਨਾ ਕਰ। ਪਹਿਲਾਂ ਦੇਖ ਲੈ ਕਿ ਖੁਦਾ ਦਾ ਘਰ ਤਾਂ ਨਹੀਂ ਇਧਰ, ਫਿਰ ਕੋਈ ਹੋਰ ਆਏਗਾ ਉਹ ਲੱਤ ਮਾਰੇਗਾ। ਉਸ ਨੇ ਦੇਖਿਆ ਤਾਂ ਕੀ ਦੇਖਦਾ ਹੈ ਕਿ ਕਾਹਬਾ ਤਾਂ ਇਧਰ ਹੀ ਹੈ। ਜਿਧਰ ਨੂੰ ਗੁਰੂ ਮਹਾਰਾਜ ਦੇ ਪੈਰ ਕਰਦਾ ਹੈ ਉਧਰ ਹੀ ਕਾਹਬਾ ਨਜ਼ਰ ਆਉਂਦਾ ਹੈ। ਗੁਰੂ ਮਹਾਰਾਜ ਨੇ ਭਰਮ ਕੱਢ ਦਿਤਾ। ਇਸ ਨੇ ਨਮਸ਼ਕਾਰ ਕਰ ਦਿਤੀ, ਸਿਜਦਾ ਕਰ ਦਿਤਾ, ਕਹਿਣ ਲੱਗਾ, "ਤੂੰ ਤਾਂ ਕੋਈ ਵਲੀ ਅੱਲਾਹ ਹੈਂ, ਮੈਨੂੰ ਨਹੀਂ ਸੀ ਏਸ ਗੱਲ ਦੀ ਸੋਝੀ, ਤੂੰ ਮੈਨੂੰ ਸੋਝੀ ਦੇ ਦਿਤੀ ਹੈ ਕਿ ਖੁਦਾ ਹਰ ਥਾਂ ਤੇ ਹੈ।"

ਉਸ ਤੋਂ ਬਾਅਦ ਸਾਰੇ ਆ ਗਏ - ਵੱਡੇ-ਵੱਡੇ ਪੀਰ, ਉਨ੍ਹਾਂ ਵਿਚੋਂ ਇਕ ਬੜਾ ਸਿਆਣਾ ਸੀ ਰੁਕਨਦੀਨ। ਉਥੇ ਈਮਾਮ ਲੱਗਿਆ ਹੋਇਆ ਸੀ। ਕਹਿਣ ਲੱਗਾ, "ਹੇ ਨਾਨਕ! ਸਾਨੂੰ ਇਹ ਦੱਸ, ਅਸੀਂ ਇਹ ਤਾਂ ਸਹੀ ਕਰ ਲਿਆ ਕਿ ਤੂੰ ਵਲੀ ਅੱਲਾਹ ਹੈਂ, ਜਿਹੜੀ ਗੱਲ ਤੂੰ ਦੱਸੇਂਗਾ, ਸਹੀ ਹੀ ਦੱਸੇਂਗਾ, ਅਸੀਂ ਐਂ ਸੁਣਿਆ ਹੈ, ਕਿਤਾਬਾਂ ਦੇ ਅੰਦਰ ਕਿ ਅੱਗੇ ਦਰਗਾਹ ਵਿਚ ਜਾ ਕੇ ਬਹੁਤ ਬੁਰਾ ਹਾਲ ਹੁੰਦਾ ਹੈ, ਤੁਸੀਂ ਤਾਂ ਦੇਖੀ ਹੋਣੀ ਹੈ, ਕ੍ਰਿਪਾ ਕਰਕੇ ਇਹ ਦੱਸੋ ਕਿ ਕੀ ਹਾਲ ਹੁੰਦਾ ਹੈ। ਬਹੁਤ ਲੰਮੀ ਚੌੜੀ ਗੋਸ਼ਟ ਹੋਈ ਜਿਹਦੇ ਵਿਚੋਂ ਮੈਂ ਇਕ ਛੋਟੀ ਜਿਹੀ ਗੱਲ ਦਸਦਾ ਹਾਂ -

***ਰੁਕਨਲ ਆਖੇ ਨਾਨਕਾ ਸੱਚਾ ਦੇਹ ਜਵਾਬ।***
***ਦਰਗਹ ਤਿਨਾਂ ਕਉਨ ਹਾਲ ਜੋ ਪੀਵੈ ਭੰਗ ਸ਼ਰਾਬ।***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 98***

ਜਿਹੜੇ ਭੰਗ ਪੀਂਦੇ ਹਨ, ਸ਼ਰਾਬ ਪੀਂਦੇ ਹਨ ਉਨ੍ਹਾਂ ਦਾ ਦਰਗਾਹ ਵਿਚ ਕੀ ਹਾਲ ਹੁੰਦਾ ਹੈ, ਮਹਾਰਾਜ ਕਹਿੰਦੇ -

***ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।***
***ਦਰਗਹਿ ਅੰਦਰ ਮਾਰੀਅਨਿ ਜੋ ਪੀਂਦੇ ਭੰਗ ਸ਼ਰਾਬ।***
***ਚਰਸ ਅਫ਼ੀਮੀ ਪੋਸਤੀ ਚਿਲਮਾਂ ਛਿਕਨਿ ਪਿਸਾਬੁ।***
***ਖਾਨ ਮਜੂਨਾ ਕਤਲੀਆ ਸੀਖੀ ਲਾਇ ਕਬਾਬੁ।***
***ਪੀਂਦੇ ਭੰਗ ਤ੍ਰਕਾਇ ਕੇ ਜਹਰੀ ਨਾਲ ਰਲਾਇ।***
***ਦੁਨੀਆਂ ਮਾਣਨਿ ਮਸਤੀਆ ਦਰਗਹ ਲਹਨ ਸਜਾਇ।***
***ਜਿਉ ਤਿਲ ਘਾਣੀ ਪੀੜੀਅਨਿ ਦੁਹਾਂ ਜਹਾਨਾ ਮਾਹਿ।***
***ਰਵਨਿ ਪਰਾਈਆਂ ਔਰਤਾਂ ਤਪਤ ਥੰਮ ਗਲ ਲਾਇ।***
***ਸਿੱਕਾ ਗਾਲ ਸਹੰਸ੍ਰ ਮਣ ਮੁਹੀਂ ਤਿਨਾ ਦੀ ਪਾਇ।***
***ਅਮਲ ਬਿਕਾਰੀ ਸੰਗ ਮਿਲੇ ਤਿਨਾ ਮਿਲੇ ਸਜਾਇ।***
***ਦੁਹੀਂ ਜਹਾਨੀਂ ਜਰਦ ਰੋਇ ਰਹਿੰਦੇ ਸਦਾ ਖੁਆਰ।***
***ਸੋਫੀ ਖਾਸੇ ਮਜਲਸੀ ਜਿਨਾ ਸਚੁ ਖੁਮਾਰਿ।***
***ਚੋਰ ਹਰਾਮੀ ਕਮੀਰਬਾਜ ਇਨਾ ਪੀੜਨ ਘਾਣੀ ਪਾਇ।***
***ਮੁਖਹੁ ਪੁਕਾਰਨ ਹਾਇ ਹਾਇ ਅਗੇ ਸੁਣੀਐ ਨਾਹੀ ਕਾਇ।***
***ਬਾਝੂ ਰੋਟੀ ਪਾਣੀਐ ਹੋਰ ਨ ਖਾਣੇ ਖਾਨਿ।***
***ਕਰਨ ਅਲਾਹ ਦੀ ਬੰਦਗੀ ਸਾਬਤੁ ਰਖੀ ਈਮਾਨਿ।***
***ਪੀਵਨ ਬਿਕਾਰੀ ਅਮਲ ਨੂੰ ਦਰਗਹ ਲਹਨ ਨ ਢੋਇ।***
***ਮੁਖ ਤਿਨਾਂ ਦੇ ਕਿਰਬਤੀ ਬਾਤ ਨ ਪੁਛੇ ਕੋਇ।***
***ਨਾਨਕ ਆਖੇ ਰੁਕਨਦੀਨ ਸਚਾ ਏਹੁ ਜਵਾਬੁ।***
***ਜੋ ਦਰਗਹਿ ਅੰਦਰਿ ਵਰਤਦਾ ਲਿਖਿਆ ਵਿਚਿ ਕਿਤਾਬੁ।***
***ਬਾਝੁ ਅਲਹ ਦੀ ਬੰਦਗੀ ਗਲਾਂ ਹੋਰ ਸੈਤਾਨ।***
***ਸੋਫੀ ਖਾਸੇ ਮਜਲਸੀ ਦਰਗਹ ਪੈਧੇ ਜਾਨ।***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ - 99***

ਮਹਾਰਾਜ ਕਹਿਣ ਲੱਗੇ ਤੱਤੇ ਥੰਮਾਂ ਨਾਲ ਲਗਾਏ ਜਾਂਦੇ ਹਨ ਜੋ ਵਿਵਚਾਰ ਕਰਦੇ ਹਨ। ਸੂਖਸ਼ਮ ਸਰੀਰ ਜਿਹੜਾ 17 ਤੱਤਾਂ ਦਾ ਹੁੰਦਾ ਹੈ, ਉਹ ਦੁਖ ਸੁਖ ਮੰਨਿਆ ਕਰਦਾ ਹੈ ਜਿਵੇਂ ਸੁਪਨੇ ਵਿਚ ਕੋਈ ਦੁਖ ਹੋ ਜਾਵੇ ਉਥੇ ਸਰੀਰ ਤਾਂ ਸੁੱਤਾ ਪਿਆ

ਹੁੰਦਾ ਹੈ, ਉਠ ਕੇ ਡਰ ਜਾਂਦਾ ਹੈ, ਫੇਰ ਦੁਖੀ ਹੁੰਦਾ ਹੈ ਕਿਉਂਕਿ ਭਿਆਨਕ ਸੁਪਨਾ ਦੇਖਿਆ ਹੈ, ਸੁੱਤਾ ਪਿਆ ਹੀ ਰੋਂਦਾ ਹੈ, ਹੋਇਆ ਕੁਝ ਵੀ ਨਹੀਂ ਹੁੰਦਾ, ਉਹ ਸੂਖਸ਼ਮ ਸਰੀਰ ਦੁਖ ਸਹਿੰਦਾ ਹੈ, ਕਹਿੰਦੇ ਉਹ ਜਿਹੜਾ ਸਰੀਰ ਹੈ, ਰੋਜ਼ ਹਜ਼ਾਰ ਮਣ ਸਿੱਕਾ ਘੋਲ ਕੇ ਗਰਮ ਕਰਕੇ ਉਹਦੇ ਗਲ ਵਿਚ ਪਾਇਆ ਜਾਂਦਾ ਹੈ।

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਧਾਣੀਆ ਤਿਉ ਮਥੇ ਧ੍ਰਮਰਾਇ॥***
***ਪੰਨਾ – 1425***

***ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ।।***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***
***ਪੰਨਾ – 953***

***ਸੁਣਹੁ ਨਿਸਾਨੀ ਪੁਰਸਲਾਤਿ ਵਾਲਹੁ ਨਿਕੀ ਕਹਾਇ॥***
***ਖੰਡੇ ਕੋਲੋ ਤ੍ਰਿਖੜੀ ਅਗ ਲੋਹੇ ਜਿਉ ਤਪਤਾਇ॥***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ – 71***

ਕਹਿੰਦੇ ਉਥੇ ਪੁਲ ਹੈ ਬੈਤਰਨੀ ਨਦੀ ਦੇ ਉਤੇ, ਅੱਗ ਵਰਗਾ ਤਪਿਆ ਹੋਇਆ, ਵਾਲ ਤੋਂ ਵੀ ਨਿੱਕਾ।

***ਤਲੇ ਵਹੇ ਨਦੀ ਪੂੰ ਰਤ ਦੀ ਉਥਲੇ ਤੇ ਗਰੜਾਇ॥***
***ਸਰਪ ਅਠੂਹਿ ਵਿਚ ਫਿਰਹਿ ਜੋ ਕਟਿ ਕਟਿ ਪਾਪੀਆ ਖਾਹਿ।***
***ਪੀਰ ਖੜੇ ਲਈ ਬੇੜੀਆਂ ਸਦਿ ਲੈਨਿ ਮੁਰੀਦਿ ਬੈਠਾਇ॥***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ – 71***

ਗੁਰੂ ਅਤੇ ਪੀਰ ਉਨ੍ਹਾਂ ਨੂੰ ਕੱਢ ਲਿਆ ਕਰਦੇ ਹਨ, ਬਾਕੀ ਉਥੇ ਚਲੇ ਜਾਂਦੇ ਹਨ –

***ਚੋਰਿ ਉਚਕੇ ਲਾਲਚੀ ਹਰਾਮ ਖੋਰਿ ਬਰਚਾਹਿ।***
***ਠਗਿ ਬਟਿਪਾਰੇ ਰਾਹਿਜਨ ਲਾਇਤਬਾਰੀ ਖਾਇ।***
***ਬੇ-ਉਸਤਾਦਿ ਬੇ-ਮੁਰਸ਼ਦਾ ਇਨਾ ਮਿਲਦੀ ਬਹੁਤ ਸਜਾਇ।***
***ਲੂਣ ਹਰਾਮੀ ਅਕਿਰਤਘਣ ਤਾਉ ਲਗੇ ਕਰਨਿ ਕਹਾਇ॥***
***ਕੁਟਣੀਆ ਅਤੇ ਲੋਲੀਆ ਇਨਾ ਰੂਹਾਂ ਵਡੀ ਸਜਾਇ।***
***ਕਰਿ ਕੇ ਜੋਰਿ ਗਰੀਬ ਪਰਿ ਮਾਇਆ ਲੈਨ ਛਿਨਾਇ।***
***ਮੱਕੇ ਮਦੀਨੇ ਦੀ ਗੋਸ਼ਟ, ਪੰਨਾ – 71***

ਗਰੀਬ ਤੋਂ ਪੈਸਾ ਖੋ ਲੈਣਾ –

***ਰਖ ਪਰਾਈ ਅਮਾਨਤੀ ਜਦਿ ਮੰਗੇ ਮੁਕਰਿ ਪਾਹਿ॥***

ਅਮਾਨਤ ਦੇ ਪੈਸੇ ਰੱਖ ਦੇਣੇ ਕਿ ਮੈਂ ਜਾ ਆਵਾਂ ਕਿਧਰੇ। ਅਫਸਰਾਂ ਨੂੰ ਵੱਢੀਆਂ ਦੇ ਕੇ, ਜ਼ਮੀਨ ਕਿਸੇ ਦੀ, ਰਜਿਸਟਰੀਆਂ ਝੂਠੀਆਂ ਕਰਾ ਕੇ ਆਪਣੇ ਨਾਉਂ ਕਰਾ ਲੈਣੀਆਂ –

***ਖਸਿ ਲੈਨ ਪਰਾਈ ਜਿਮੀ ਨੂ ਦੇ ਵਢੀ ਸਚੁ ਕਹਾਇ।***
***ਕਰਿਕੇ ਜੋਰ ਜਤੀਮ ਪਰ ਲੈਦੇ ਮਾਲ ਦਬਾਇ।***
***ਹਕ ਪਰਾਇਆ ਖਾਇ ਕੇ ਝੂਠੀ ਦੇਨ ਉਗਾਇ।***
***ਇਨਾ ਕਉਮਾ ਜਾਮਨ ਕੋ ਨਹੀਂ ਤਾਰਿ ਉਤੇ ਦੇਨਿ ਚੜਾਇ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 71***

ਝੂਠਾ ਲੇਖਾ ਕਰਨਾ ਜਿਵੇਂ ਕਿਸੇ ਕੋਲੋਂ ਲੈਣੇ 500 ਹਨ, ਅੱਗੇ ਇਕ ਹੋਰ ਸਿਫਰਾ ਪਾ ਕੇ ਪੰਜ ਹਜ਼ਾਰ ਰੁਪਏ ਬਣਾ ਲੈਣੇ। ਇਸ ਤਰ੍ਹਾਂ ਜਿਹੜੇ ਕਰਦੇ ਹਨ ਉਨ੍ਹਾਂ ਨੂੰ ਫੇਰ –

***ਕਟਿ ਉਤਾਰੇ ਪੁਰਸਲਾਤਿ ਬਹੁ ਕੂਕੇ ਕਰਹਿ ਕਹਾਇ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 71***

ਕੱਟ ਕੇ ਸੁੱਟ ਦਿਤੇ ਜਾਂਦੇ ਹਨ –

***ਕਟਿ ਕੇ ਫੇਰਿ ਸਵਾਰੀਅਨਿ ਰਾਹਿਵਤ ਉਤੇ ਹੀ ਪਾਇ।***
***ਕੇਤੇ ਹੀ ਅਸੰਖ ਜੁਗ ਵਿਚ ਭਉਜਲ ਲਹਨਿ ਸਜਾਇ।***
***ਬੀਤੇ ਅਸੰਖਾ ਚਉਕੜੀ ਫਿਰਿ ਸੁਟੀਅਨਿ ਧਰਤੀ ਖਾਇ।***
***ਲਖ ਚਉਰਾਸੀਹ ਜੋਨਿ ਵਿਚਿ ਫਿਰਿ ਭੰਭਲ ਭੂਸੇ ਖਾਇ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 71***

ਦਸ ਕਰੋੜ ਸਾਲ ਤਕ ਉਹ ਬਿੱਲਾ ਕੁੱਤਾ ਬਣਿਆ ਕਰਦਾ ਹੈ। ਪਾਪੀਆਂ ਦਾ ਵੀ ਫਰਕ ਹੋਇਆ ਕਰਦਾ ਹੈ –

***ਪਾਪੀ ਬਹੁ ਪਰਕਾਰ ਕੇ ਉਤਮ ਮਧਮ ਜਾਨਿ।***
***ਹਤਿਆ ਖਟ ਪ੍ਰਕਾਰ ਹੈ ਮਨ ਮਹਿ ਲੇਹੁ ਪਛਾਨਿ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 72***

ਕਹਿੰਦੇ 96 ਕਰੋੜ ਪਾਪ ਕਰੇ ਤਾਂ ਇਕ ਹੱਤਿਆ ਦੇ ਬਰਾਬਰ ਹੁੰਦਾ ਹੈ –

***ਗਊ ਬ੍ਰਾਹਮਣ ਮਾਰੀਐ ਗੋਤ੍ਰੀ ਹਤਿ ਕਹਾਇ।***
***ਰਿਣ ਹਤਿਆ ਕੰਨਿਆ ਹਤਿਆ ਵਿਸਾਸਘਾਤ ਅਧਿਕਾਇ।***
***ਕੋਟਿ ਛਿਨਵੇ ਪਾਪ ਸਮਿ ਹਤਿ ਏਕ ਕਹਾਇ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73***

ਗਊ ਨੂੰ ਮਾਰ ਦੇਣਾ, ਗਰੀਬ ਬੰਦਾ, ਗਰੀਬ ਬੀਬੀ, ਜਿਹੜੀ ਕਿਸੇ ਨੂੰ ਕੁਝ ਨਾ ਕਹਿੰਦੀ ਹੋਵੇ, ਐਸੇ ਨੂੰ ਮਾਰ ਦੇਣਾ, ਇਹ ਗਊ ਮਾਰਨ ਦੇ ਬਰਾਬਰ ਹੋਇਆ ਕਰਦੀ ਹੈ। ਪੜ੍ਹਿਆ ਲਿਖਿਆ ਬੰਦਾ, ਬੰਦਗੀ ਕਰਾਉਣ ਵਾਲਾ, ਪਿੰਡ ਦੇ ਵਿਚ ਸ਼ਾਂਤੀ ਰੱਖਣ ਵਾਲਾ, ਐਸਾ ਬੰਦਾ ਜੋ ਨਾਮ ਜਪਦਾ ਹੈ, ਬੰਦਗੀ ਕਰਦਾ ਹੈ, ਬਾਣੀ ਪੜ੍ਹਦਾ ਹੈ, ਗਾਇਤ੍ਰੀ ਦਾ ਪਾਠ ਕਰਦਾ ਹੈ, ਨਮਾਜ਼ ਪੜ੍ਹਦਾ ਹੈ, ਐਸੇ ਬੰਦੇ ਨੂੰ ਮਾਰਨਾ, ਇਕ ਬ੍ਰਾਹਮਣ ਨੂੰ ਮਾਰਨ ਦੇ ਬਰਾਬਰ ਹੋਇਆ ਕਰਦਾ ਹੈ।

ਆਪਣੇ ਹੀ ਭਾਈ ਭਤੀਜੇ ਮਾਰ ਦੇਣੇ। ਰਿਣ ਹੱਤਿਆ– ਪੈਸਾ ਲੈ ਲੈਣਾ ਜਦੋਂ ਅਗਲੇ ਨੇ ਮੰਗਿਆ ਦੋ ਚਾਰ ਵਾਰੀ ਤਾਂ ਕਹਿਣਾ ਲੈ ਲੈ, ਪਰ ਜ਼ੋਰ ਨਹੀਂ ਦਿੰਦਾ, ਇਹਨੂੰ ਰਿਣ ਹੱਤਿਆ ਕਹਿੰਦੇ ਹਨ। ਕੰਨਿਆ ਹੱਤਿਆ – ਵਿਸ਼ਵਾਸ਼ ਘਾਤ ਹੁੰਦਾ ਹੈ, ਕੰਨਿਆ ਮਾਰ ਦੇਣੀ, ਵਿਸ਼ਵਾਸ਼ਘਾਤ ਕਰ ਦੇਣਾ, ਹੋਰ ਛਿਆਨਵੇਂ ਪਾਪ ਹਨ, ਛਿਆਨਵੇਂ ਕ੍ਰੋੜ ਪਾਪ ਹੁੰਦਾ ਹੈ –

***ਖਟ ਹਤਿਆ ਕੇ ਤੁਲਿ ਹੈ ਗੁਰ ਤੇ ਸਿਖੁ ਫਿਰਿ ਜਾਇ।***
***ਵਿਸ਼ਾਸਿਘਾਤ ਇਕ ਕੋਟਿ ਸਮ ਹਤੇ ਮਾਇ ਅਰ ਬਾਪ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73***

ਵਿਸ਼ਵਾਸ਼ਘਾਤ ਦੀ ਹੱਤਿਆ ਆਦਿ ਕ੍ਰੋੜ ਹੱਤਿਆ ਹੋਣ ਤਾਂ, ਮਾਂ ਨੂੰ ਮਾਰ ਦੇਵੇ ਜਾਂ ਪਿਓ ਨੂੰ ਮਾਰ ਦੇਵੇ, ਉਹਦੇ ਬਰਾਬਰ ਹੁੰਦਾ ਹੈ –

***ਅਉਰ ਹਤਿਆ ਸਭ ਉਤਰੇ ਏਹ ਹਤਿਆ ਨਹੀਂ ਜਾਤਿ।***
***ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ – 73***

ਸੋ ਇਹ ਹੱਤਿਆ ਨਹੀਂ ਉਤਰਿਆ ਕਰਦੀ, ਜਦੋਂ ਰਾਜਾ ਜਨਕ ਧਰਮਰਾਇ ਦੇ ਮੰਡਲ ਵਿਚ ਗਿਆ ਅਤੇ ਧਰਮਰਾਇ ਨੂੰ

ਆਖਿਆ ਕਿ ਮੈਂ ਨਰਕਾਂ ਦਾ ਦੁਖ ਨਹੀਂ ਦੇਖ ਸਕਦਾ, ਇਨ੍ਹਾਂ ਦੀ ਬੰਦ ਖਲਾਸੀ ਕਰ ਦੇ ਤਾਂ ਰਾਜਾ ਜਨਕ ਨੂੰ ਧਰਮਰਾਜ ਇਹ ਦਸ ਰਿਹਾ ਸੀ, ਇਹ ਪਾਪੀ ਪੁਰਸ਼ ਹਨ ਜਿਨ੍ਹਾਂ ਨੇ ਸੰਸਾਰ ਵਿਚ ਜਾ ਕੇ, ਆਪਣੀ ਸਾਰੀ ਜ਼ਿੰਦਗੀ ਪਾਪਾਂ ਵਿਚ ਬਤੀਤ ਕਰ ਦਿਤੀ, ਹੁਣ ਆਪ ਉਨ੍ਹਾਂ ਦੀ ਕੂਕ ਪੁਕਾਰ ਸੁਣ ਰਹੇ ਹੋ –

***ਧਾਰਨਾ – ਪਾਪੀ ਕਰਮ ਕਮਾਵਦੇ – 2***
***ਓ ਕਰਦੇ ਹਾਇ ਹਾਇ – 2***

ਜੀਵ ਨੇ ਜਨਮ ਲੈ ਕੇ ਪਾਪ ਕੀਤੇ ਹਨ ਮੈਂ ਤਾਂ ਕੇਵਲ ਫਲ ਹੀ ਭੁਗਤਾਉਂਦਾ ਹਾਂ।

ਕਈ ਪ੍ਰੇਮੀ ਕਹਿੰਦੇ ਹਨ ਅਸੀਂ ਸ਼ਰਾਬ ਪੀਂਦੇ ਹਾਂ, ਕਿਸੇ ਦਾ ਗਲ ਤਾਂ ਨਹੀਂ ਵੱਢਦੇ –

***ਧਾਰਨਾ – ਦਰਗਹ ਮਿਲਣ ਸਜਾਵਾਂ ਭਾਰੀ***
***ਝੂਠੇ ਨਸ਼ੇ ਪੀਣ ਵਾਲਿਆਂ – 2, 2.***

***ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥***
***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥***
***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥***
***ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥***
***ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥***
***ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥***
***ਪੰਨਾ – 554***

ਏਸ ਤਰ੍ਹਾਂ ਦੇ ਨਾਲ ਉਥੇ ਤਕਲੀਫਾਂ ਸਹਿ ਰਹੇ ਹਨ, ਅਨੇਕਾਂ ਜੀਵ ਹਨ। ਤਮਾਕੂ ਕਿੱਡੀ ਬੁਰੀ ਚੀਜ਼ ਹੈ, ਸਾਧਸੰਗਤ ਜੀ! ਹਿੰਦੁਸਤਾਨ ਵਿਚ ਨਹੀਂ ਸੀ ਹੋਇਆ ਕਰਦਾ, ਜਹਾਂਗੀਰ ਦੇ ਵੇਲੇ ਤਕ ਨਹੀਂ ਸੀ ਆਇਆ, ਉਹਦੇ ਬਾਦ ਆਇਆ ਹੈ। ਸਕੰਧ ਪੁਰਾਨ ਵਿਚ ਤਮਾਕੂ ਬਾਰੇ ਦਸ ਪੰਨੇ ਲਿਖੇ ਮਿਲਦੇ ਹਨ। ਬ੍ਰਹਮਾ ਜੀ ਤੇ ਨਾਰਦ ਜੀ ਦੇ ਸੰਵਾਦ ਵਿਚ ਲਿਖਿਆ ਹੈ ਕਿ ਤਮਾਕੂ ਪੀਣ ਵਾਲੇ ਦਾ ਕੀ ਹਾਲ ਹੋਇਆ ਕਰਦਾ ਹੈ, ਸਾਰੇ ਕਰਮ ਧਰਮ ਨਸ਼ਟ ਹੋ ਜਾਇਆ ਕਰਦੇ ਹਨ, ਲੱਜਿਆ ਨਹੀਂ ਕਰਦੇ ਤਮਾਕੂ ਦੇ ਨਾਂ ਤੇ।

ਇਕ ਵਾਰੀ ਇਕ ਰਾਜਾ ਸੀ ਜਿਸ ਦਾ ਨਾਮ ਅਜਮੇਰ ਸ਼ਾਹ ਸੀ। ਉਸ ਨੇ ਹਿੰਦੁਸਤਾਨ ਤੇ ਹੱਲਾ ਕੀਤਾ ਪਰ ਉਹ ਜਿੱਤ ਨਾ ਸਕਿਆ, ਕਿੰਨੇ ਮਹੀਨੇ ਜੇਲ੍ਹਮ ਦਰਿਆ ਦੇ ਪਰਲੇ ਪਾਸੇ ਰੁਕਿਆ ਰਿਹਾ। ਕਈ ਵਾਰੀ ਆਇਆ, ਹਾਰ ਥੱਕ ਕੇ ਮੁੜ ਗਿਆ। ਇਕ ਵਾਰੀ ਉਸ ਨੇ ਵੱਡੇ-ਵੱਡੇ ਸਿਆਣਿਆਂ ਨੂੰ ਪੁਛਿਆ ਕਿ ਮੈਂ ਜਿਤਦਾ ਕਿਉਂ ਨਹੀਂ, ਕਹਿੰਦੇ ਕਿ ਹਿੰਦੁਸਤਾਨ ਨੂੰ ਕੋਈ ਨਹੀਂ ਜਿੱਤ ਸਕਦਾ, ਉਹਦਾ ਕਾਰਣ ਹੈ ਕਿ ਇਕ ਤਾਂ ਉਹ ਮਾਸ ਨਹੀਂ ਖਾਂਦੇ, ਇਕ ਉਹ ਗਊਆਂ ਨੂੰ ਬਹੁਤ ਸਤਿਕਾਰ ਦਿੰਦੇ ਹਨ, ਉਹਦਾ ਦੁੱਧ ਪੀਂਦੇ ਹਨ, ਏਸ ਕਰਕੇ ਉਨ੍ਹਾਂ ਦੀ ਬੁੱਧੀ ਬੜੀ ਨਿਰਮਲ ਹੈ ਤੀਸਰਾ ਇਹ ਹੈ ਕਿ ਉਹ ਜਟਾ ਜੂਟ ਹਨ, ਕੇਸ ਨਹੀਂ ਕਟਵਾਉਂਦੇ। ਕਹਿੰਦੇ ਫੇਰ ਕੋਈ ਤਰੀਕਾ ਹੈ ਇਨ੍ਹਾਂ ਨੂੰ ਹਰਾਉਣ ਦਾ? ਕਹਿੰਦੇ, ਇਨ੍ਹਾਂ ਨੂੰ ਹਰਾਉਣ ਦਾ ਇਕ ਤਰੀਕਾ ਹੈ, ਇਕ ਤਾਂ ਗਊਆਂ ਮਾਰ ਕੇ ਕਸ਼ਮੀਰ ਵਲ ਦਰਿਆ ਵਿਚ ਸੁੱਟ ਦਿਓ, ਇਹ ਦਰਿਆ ਦਾ ਪਾਣੀ ਪੀਂਦੇ ਹਨ, ਇਨ੍ਹਾਂ ਦਾ ਧਰਮ ਕਰਮ ਨਸ਼ਟ ਹੋ ਜਾਏਗਾ, ਇਨ੍ਹਾਂ ਦੇ ਮੰਤਰ ਐਨੇ ਤੇਜ਼ ਹਨ ਕਿ ਦੁਸ਼ਮਣ ਇਨ੍ਹਾਂ ਤੇ ਚੜ੍ਹਾਈ ਨਹੀਂ ਕਰ ਸਕਦਾ, ਜਦੋਂ ਇਹ ਹੋ ਗਿਆ ਤਾਂ ਅਗਾਂਹ ਦਾ ਕੰਮ ਚਲ ਪਵੇਗਾ। ਮੰਤਰ ਫਲ ਨਹੀਂ ਦੇਣਗੇ।

ਦੂਜਾ ਇਹ ਹੈ ਕਿ ਇਨ੍ਹਾਂ ਦੇ ਧਰਮ ਕਰਮ ਨਸ਼ਟ ਕਰਨ ਵਾਸਤੇ ਹਕੀਮ ਭੇਜੋ ਬਹੁਤ ਸਾਰੇ, ਉਹ ਤਮਾਕੂ ਦੀਆਂ ਗੋਲੀਆਂ ਬਣਾਉਣ, ਉਹ ਕਿਸੇ ਤਰ੍ਹਾਂ ਇਨ੍ਹਾਂ ਦੀਆਂ ਫੌਜਾਂ ਦੇ ਬੰਦਿਆਂ ਨੂੰ ਖਿਲਾਉਣ, ਕਿਸੇ ਢੰਗ ਦੇ ਨਾਲ। ਇਨ੍ਹਾਂ ਦਾ ਬਲ ਨਸ਼ਟ ਹੋ ਜਾਵੇਗਾ, ਬਲ ਵੀ ਹਾਰ ਜਾਵੇਗਾ, ਉਸ ਤੋਂ ਬਾਅਦ ਇਨ੍ਹਾਂ ਨੂੰ ਜਿੱਤਿਆ ਜਾ ਸਕਦਾ ਹੈ। ਸੋ ਉਸ ਰਾਜੇ ਨੇ ਇਸੇ ਤਰ੍ਹਾਂ ਹੀ ਕੀਤਾ। ਉਸ ਨੇ ਹਮਲਾ ਕੀਤਾ ਤੇ ਹਿੰਦੁਸਤਾਨ ਹਾਰ ਗਿਆ, ਕਿਉਂਕਿ ਤਮਾਕੂ ਆ ਗਿਆ। ਗੁਰੂ ਦਸਵੇਂ ਪਾਤਸ਼ਾਹ ਨੇ ਏਸ ਗੱਲ ਨੂੰ ਪਛਾਣ ਲਿਆ ਅਤੇ ਇਸ ਨੂੰ ਬਜਰ ਕੁਰਹਿਤ ਕਹਿ ਕੇ ਤਮਾਕੂ ਦੀ ਵਰਤੋਂ ਤੇ ਬਹੁਤ ਹੀ ਸਖਤ ਪਾਬੰਦੀ ਲਾ ਦਿਤੀ। ਇਕ ਵਾਰੀ 10ਵੇਂ ਪਾਤਸ਼ਾਹ ਜਾ ਰਹੇ ਸਨ। ਇਕ ਖੇਤ ਆ ਗਿਆ ਜੋ ਕਿ ਵਾਹਿਆ ਪਿਆ ਸੀ, ਘੋੜਾ ਪੈਰ ਉਠਾ ਕੇ ਖੜ੍ਹ ਗਿਆ। ਮਹਾਰਾਜ ਨੇ ਹੰਟਰ ਮਾਰਿਆ, ਉਹ ਤੁਰਿਆ ਹੀ ਨਾ। ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਮਹਾਰਾਜ! ਇਹ ਟੁਰਦਾ ਹੀ ਨਹੀਂ, ਮਹਾਰਾਜ ਕਹਿਣ ਲੱਗੇ, ਘੋੜੇ ਨੂੰ ਸਾਡੀ ਸਵਾਰੀ ਕਰਨ ਨਾਲ ਤਿੰਨਾਂ ਲੋਕਾਂ ਦੀ ਸੋਝੀ ਆ ਗਈ। ਕਹਿੰਦੇ ਆਹ ਜਿਹੜਾ ਖੇਤ ਹੈ, ਜਿਥੋਂ ਲੰਘਾਉਣ ਲੱਗੇ ਸੀ, ਇਸ ਵਿਚ ਪਹਿਲਾਂ ਤਮਾਕੂ ਬੀਜਿਆ ਹੋਇਆ ਸੀ, ਇਸ ਲਈ ਸਾਡਾ ਘੋੜਾ ਪੈਰ ਨਹੀਂ ਪਾ ਰਿਹਾ, ਐਨੀ ਸਖਤ ਪਾਬੰਦੀ ਮਹਾਰਾਜ ਨੇ ਲਾਈ, ਹੁਣ ਜਿਹੜਾ ਇਹ ਜਰਦਾ ਖਾਂਦੇ ਹਨ, ਇਹਦੇ ਵਿਚ ਤਮਾਕੂ ਹੁੰਦਾ ਹੈ। ਇਹ ਤੁਸੀਂ ਦੇਖ ਲੈਣਾ ਜਿਹੜਾ ਪੰਜਾਬ ਕਹਿੰਦੇ ਸੀ ਨਾ ਕਿ ਇਹ ਪੰਜਾਬ ਕਿਸੇ ਦੁਸ਼ਮਣ ਨੂੰ ਆਪਣੇ ਸੂਬੇ ਉੱਤੇ ਚੜ੍ਹਨ ਨਹੀਂ ਦਿੰਦਾ, ਪਾਕਿਸਤਾਨ ਨੇ ਹੱਲੇ ਕੀਤੇ, ਚੀਨ ਨੇ ਹੱਲੇ ਕੀਤੇ, ਸਾਰਿਆਂ ਦਾ ਮੂੰਹ ਪੈ ਗਿਆ, ਉਨ੍ਹਾਂ ਨੇ ਏਸ ਗੱਲ ਨੂੰ ਵਿਚਾਰ ਲਿਆ ਕਿ ਜੇ ਪੰਜਾਬੀਆਂ ਨੂੰ ਨਸ਼ਿਆਂ ਵਿਚ ਪਾ ਦਿਤਾ ਜਾਵੇ, ਤਮਾਕੂ ਇਥੇ ਭਿਜਵਾ ਦਿਤਾ ਜਾਵੇ, ਉਹਦੀਆਂ ਗੋਲੀਆਂ ਵੰਡ ਦਿਤੀਆਂ ਜਾਣ, ਇਹ ਪੰਜਾਬ ਦਾ ਅਸਥਾਨ ਨਸ਼ਈ ਹੋ ਜਾਵੇ, ਮੁੜ ਕੇ ਇਹਦੇ ਵਿਚ ਕੁਝ ਵੀ ਨਹੀਂ ਰਹਿੰਦਾ ਕਿਉਂਕਿ 'ਸਵੈ ਵਿਸ਼ਵਾਸ਼' ਟੁੱਟ ਜਾਵੇਗਾ –

***ਨਿਸ਼ਚੈ ਕਰ ਅਪੁਨੀ ਜੀਤ ਕਰੂੰ॥***

ਉਹ ਟੁੱਟਣ ਦੇ ਨਾਲ ਫਿਰ ਉਹ ਗਿਰ ਜਾਵੇਗਾ। ਏਸ ਤਰ੍ਹਾਂ ਹੀ ਹੋ ਰਿਹਾ ਹੈ, ਇਹਦੇ ਨਾਲ ਪੰਜਾਬ ਦਾ ਬੁਰਾ ਹਾਲ ਹੋ ਰਿਹਾ ਹੈ।

ਯੂ.ਪੀ. ਤੋਂ ਇਹ ਜ਼ਰਦਾ ਪੰਜਾਬ ਦੇ ਪੇਂਡੂ ਖੇਤਰ ਵਿਚ ਮਜ਼ਦੂਰਾਂ ਨਾਲ ਆ ਗਿਆ। ਇਹਨੇ ਸਾਡਾ ਬਹੁਤ ਨੁਕਸਾਨ ਕਰ ਦਿਤਾ, ਬੱਚੇ ਖਾਂਦੇ ਨੇ, ਕੋਈ ਪਤਾ ਨਹੀਂ ਕਿ ਕੀ ਹੋ ਜਾਵੇਗਾ, ਤਮਾਕੂ ਤੇ ਜਰਦਾ ਇਹ ਕੈਂਸਰ ਪੈਦਾ ਕਰਦਾ ਹੈ, ਬਾਅਦ ਵਿਚ ਪਤਾ ਲਗਦਾ ਹੈ। ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ। ਗਲਤ ਕਰਮ ਕਰਨ ਵਾਲਿਆਂ ਦਾ ਹਾਲ ਧਰਮਰਾਜ ਦੇ ਰਾਜੇ ਜਨਕ ਨੇ ਦੇਖਿਆ। ਦੇਖਣ ਤੋਂ ਬਾਅਦ ਉਹਨੂੰ ਬਹੁਤ ਤਰਸ ਆ ਗਿਆ, ਜਦੋਂ ਨਰਕ ਤੋਂ ਬਾਹਰ ਪੈਰ ਰੱਖਿਆ ਤਾਂ ਫੇਰ ਭੱਠ ਵਾਂਗੂੰ ਤਪਣ ਲਗ ਪਿਆ, ਉਹ ਜੀਵ ਜੰਤ ਪੁਕਾਰਾਂ ਕਰਨ ਲਗ ਪਏ ਕਿ ਸਾਨੂੰ ਬਚਾਓ, ਸਾਨੂੰ ਕੱਢ ਦਿਓ, ਉਸ ਵੇਲੇ ਰਾਜਾ ਜਨਕ ਵਾਪਸ ਆ ਗਿਆ, ਧਰਮਰਾਜ ਨੇ ਬਹੁਤ ਆਦਰ ਸਤਿਕਾਰ ਨਾਲ ਸੇਵਾ ਕੀਤੀ। ਜਦੋਂ ਆਪ ਵਿਦਾ ਹੋਣ ਲੱਗੇ ਤਾਂ ਧਰਮਰਾਜ ਕਹਿਣ ਲੱਗਿਆ,

"ਮਹਾਰਾਜ! ਮੇਰੇ ਲਾਇਕ ਕੋਈ ਸੇਵਾ ਦੱਸੋ ਤਾਂ ਕਿ ਮੈਂ ਆਪ ਨੂੰ ਪ੍ਰਸੰਨ ਕਰ ਸਕਾਂ?" ਕਹਿਣ ਲੱਗੇ ਕਿ ਕਰ ਦਏਂਗਾ? ਕਹਿੰਦਾ, "ਮਹਾਰਾਜ! ਦੱਸੋ?" ਕਹਿੰਦੇ ਦਸਣਾ ਕੀ ਹੈ –

***ਜਮਪੁਰਿ ਗਇਆ ਪੁਕਾਰ ਸੁਣਿ***
***ਬਿਲਲਾਵਨਿ ਜੀਅ ਨਰਕ ਨਿਵਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਇਨ੍ਹਾਂ ਦਾ ਵਿਰਲਾਪ ਸਾਥੋਂ ਸਹਿਆ ਨਹੀਂ ਗਿਆ, ਜੇ ਤੂੰ ਸੇਵਾ ਕਰਨੀ ਹੈ ਤਾਂ ਇਹ ਸੇਵਾ ਕਰਦੇ –

***ਧਾਰਨਾ – ਕਰਦੇ ਬੰਦ ਖਲਾਸੀ ਇਨ੍ਹਾਂ ਜੀਵਾਂ ਦੀ – 2,***

***ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਕਹਿਣ ਲੱਗੇ ਕਿ ਜੇ ਸੇਵਾ ਕਰਨੀ ਹੈ ***'ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥'*** ਸਾਥੋਂ ਇਹ ਦੁਖ ਨਹੀਂ ਸਹਿਆ ਜਾਂਦਾ। ਧਰਮਰਾਜ ਕਹਿਣ ਲੱਗਾ, "ਮਹਾਰਾਜ! ਇਨ੍ਹਾਂ ਨੇ ਪਾਪ ਬੜੇ ਕੀਤੇ ਹਨ, ਬਹੁਤ ਬੁਰੀਆਂ ਗੱਲਾਂ ਕੀਤੀਆਂ ਹਨ, ਇਹ ਤਾਂ ਸਜਾਵਾਂ ਅਰਬਾਂ ਸਾਲ ਤੋਂ ਭੁਗਤ ਰਹੇ ਹਨ, ਬਾਕੀ ਜੋ ਆਪ ਦਾ ਹੁਕਮ ਹੈ, ਮੇਰੀ ਇਕ ਬੇਨਤੀ ਹੈ, ਉਹ ਬੇਨਤੀ ਹੈ –

***ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਮੈਂ ਅਜ਼ਾਦ ਨਹੀਂ ਹਾਂ ਮਹਾਰਾਜ, ਮੈਂ ਤਾਂ ਨੌਕਰ ਹਾਂ – ਪ੍ਰਮੇਸ਼ਰ ਦਾ। ਉਹਨੇ ਧਰਮ ਦਾ ਤੱਕੜ ਇਥੇ ਲਾਇਆ ਹੋਇਆ ਹੈ, ਉਹਦੇ ਹਿਸਾਬ ਨਾਲ ਇਹ ਕਾਨੂੰਨ ਇਥੇ ਚਲਦਾ ਹੈ, ਮੇਰੇ ਵਸ ਵਿਚ ਨਹੀਂ ਹੈ ਇਨ੍ਹਾਂ ਨੂੰ ਛੱਡਣਾ।" ਰਾਜਾ ਕਹਿਣ ਲੱਗਾ, "ਧਰਮਰਾਜ ਜੀ! ਇਹ ਛੱਡਣੇ ਤਾਂ ਜ਼ਰੂਰ ਹਨ।" ਕਹਿੰਦਾ, "ਮਹਾਰਾਜ! ਇਹ ਛੱਡੇ ਨਹੀਂ ਜਾ ਸਕਦੇ।" ਕਹਿਣ ਲੱਗੇ, "ਕੋਈ ਤਰੀਕਾ ਹੈ?" ਕਹਿਣ ਲੱਗਾ ਕਿ ਪਾਪਾਂ ਦੇ ਬਦਲੇ ਜਿੰਨੇ ਪੁੰਨ ਦੇਵੋਂਗੇ ਉਨੇ ਪਾਪੀ ਮੈਂ ਛੱਡ ਦਿਆਂਗਾ, ਉਨ੍ਹਾਂ ਨੂੰ ਮਾਫ ਕਰ ਸਕਦਾ ਹਾਂ। ਰਾਜਾ ਜਨਕ ਕਹਿਣ ਲੱਗਿਆ, "ਕਿੰਨੇ ਪਾਪ ਨੇ?" ਦਸ ਦਿਤਾ ਕਿ ਐਨੇ ਪਾਪ ਨੇ, ਇਕ ਯੂਨਿਟ ਬਣਾ ਦਿਤੀ, ਅਸਾਡੇ ਸਮਝ ਵਿਚ ਆਉਣ ਲਈ ਐਉਂ ਸਮਝ ਲਵੋ ਕਿ ਇਕ ਤੱਕੜੀ ਲਾ ਦਿਤੀ, ਇਕ ਪਾਸੇ ਪਾਪ ਪਾ ਲਏ ਸਾਰੇ। ਜਨਕ ਜੀ ਕਹਿਣ ਲੱਗੇ, "ਅਸੀਂ ਹੁਣ ਪ੍ਰਮੇਸ਼ਰ ਦਾ ਨਾਮ ਜਪਦੇ ਹਾਂ, ਸਿਮਰਨ ਕਰਦੇ ਹਾਂ, ਅਸੀਂ ਉਸ ਨਾਮ ਦਾ ਫਲ ਇਨ੍ਹਾਂ ਨੂੰ ਦੇਵਾਂਗੇ।"

ਸੋ ਸਾਧ ਸੰਗਤ ਜੀ! ਰਾਜਾ ਜਨਕ ਸਮਾਧੀ ਲਗਾ ਕੇ ਬੈਠ ਗਏ ਤੇ ਨਾਮ ਜਪਣਾ ਸ਼ੁਰੂ ਕਰ ਦਿਤਾ। ਸਿਰਫ ਅੱਧੀ ਘੜੀ ਨਾਮ ਜਪਿਆ, ਉਸ ਵੇਲੇ ਪਾਪੀਆਂ ਦੇ, ਅਕ੍ਰਿਤਘਣਾ ਦੇ, ਹਤਿਆਰਿਆਂ ਦੇ, ਮਹਾਂ ਮਹਾਂ ਹਤਿਆਰਿਆਂ, ਬੇਮੁਖਾਂ ਦੇ, ਸਾਰਿਆਂ ਦੇ ਜੋ ਪਾਪ ਇਕੱਠੇ ਕਰਕੇ ਪਾਏ ਹੋਏ ਸਨ, ਉਹ ਪਾਪਾਂ ਦਾ ਪਲੜਾ ਉਚਾ ਹੋ ਗਿਆ, ਉਚਾ ਹੋਇਆ ਤਾਂ ਰਾਜਾ ਜਨਕ ਨੇ ਅੱਧੀ ਘੜੀ ਹੋਰ ਨਾਮ ਜਪ ਦਿਤਾ ਕਿ ਆਉਣ ਵਾਲਿਆਂ ਦਾ ਵੀ ਭਲਾ ਹੋ ਜਾਵੇ, ਨਰਕ ਹੀ ਠੰਡਾ ਕਰ ਦਿਤਾ। ਪਾਪਾਂ ਨਾਲ ਨਾਮ ਤੋਲਣਾ ਸ਼ੁਰੂ ਕਰ ਦਿਤਾ –

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਤੱਕੜ ਉਪਰ ਚਲਾ ਗਿਆ, ਸਾਰੇ ਪਾਪ ਪਾਸਕੂ ਬਣ ਗਏ। ਗੁਰੂ ਦੇ ਰਾਹੀਂ ਲਏ ਹੋਏ ਰਾਮ ਦੇ ਨਾਮ ਦਾ ਮੁੱਲ ਐਨਾ ਜ਼ਿਆਦਾ ਹੋ ਗਿਆ ਕਿ ਤੋਲਿਆ ਨਹੀਂ ਜਾ ਰਿਹਾ।

***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

***ਧਾਰਨਾ – ਕਰ ਤੇ ਕੁੰਡ ਨਰਕਾਂ ਦੇ ਖਾਲੀ,***
***ਅੱਧੀ ਘੜੀ ਨਾਮ ਜਪ ਕੇ।***
***ਮੇਰੇ ਪਿਆਰੇ, ਅੱਧੀ ਘੜੀ ਨਾਮ ਜਪ ਕੇ- 2, 2***
***ਕਰ ਤੇ ਕੁੰਡ ਨਰਕਾਂ ਦੇ ਖਾਲੀ,........।***

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

***ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥***
***ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥***
***ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥***
***ਪੰਨਾ – 62***

ਧੂਪ ਬਣਾ ਕੇ ਅੱਗ ਵਿਚ ਜਾਲ ਦਓ। ਦਿਨੇ ਰਾਤ ਅੱਗ ਜਲਦੀ ਹੈ।

***ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥***
***ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥***
***ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥***
***ਪੰਨਾ – 62***

ਸੋ ਖਰਬ ਚੰਗਾ ਕਰਮ ਕਰੇ ਅਤੇ ਜੇ ਇਕ ਵਾਰੀ ਰਾਮ ਅੱਲਾਹ ਰਾਮ ਦਾ ਨਾਮ ਕਹੇ, ਉਹਦੇ ਬਰਾਬਰ ਇਹ ਕਰਮ ਫਲ ਨਹੀਂ ਪਹੁੰਚਿਆ ਕਰਦਾ। ਐਸਾ ਜੋ ਨਾਮ ਹੈ, ਇਹ ਨਿਗੁਰੇ ਨੂੰ ਪ੍ਰਾਪਤ ਨਹੀਂ ਹੁੰਦਾ, ਨਾਮ ਗੁਰੂ ਤੋਂ ਮਿਲਿਆ ਕਰਦਾ ਹੈ, ਗੁਰੂ ਧਾਰੇ ਬਗੈਰ ਨਾਮ ਨਹੀਂ ਮਿਲਦਾ ਤੇ ਗੁਰੂ ਨਾ ਧਾਰਨਾ –

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ – 1357***

ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ –

***ਧਾਰਨਾ – ਕਾਵਾਂ ਕੁੱਤਿਆ ਗਧਿਆ ਦੀ ਜੂਨੀ ਪੈਣਗੇ,***
***ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ।***
***ਮੇਰੇ ਪਿਆਰੇ, ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ –2, 2***
***ਕਾਵਾਂ ਕੁੱਤਿਆ ਗਧਿਆ ਦੀ ਜੂਨੀ ਪੈਣਗੇ...।***

ਜਿਹਨੂੰ ਗੁਰਮੰਤ੍ਰ ਨਹੀਂ ਮਿਲਿਆ, ਧਿਰਕਾਰ ਹੈ ਉਸ ਦੇ ਜਨਮ ਤੇ। ਕਹਿੰਦੇ ਦਸ ਕ੍ਰੋੜ ਸਾਲ ਬਾਅਦ ਮਨੁੱਖ ਦਾ ਜਾਮਾ ਮਿਲਿਆ, ਫੇਰ ਵੀ ਉਸ ਦਰ ਤੋਂ ਖਾਲੀ ਰਹਿ ਗਿਆ, ਆਪਣੀ ਵਾਰੀ ਤੋਂ ਕੋਈ ਲਾਹਾ ਨਾ ਲੈ ਸਕਿਆ, ਧਿਰਕਾਰ ਹੈ ਸੌ ਵਾਰੀ ਫਿੱਟੇ ਮੂੰਹ, ਭ੍ਰਿਸ਼ਟਣਾ, ਭਿਟਿਆ ਹੋਇਆ ਹੋਇਆ, ਕੋਹੜ ਹੋਇਆ ਹੋਇਆ। ਕੁੱਤਾ, ਬਿੱਲਾ, ਸੂਰ, ਗਧਾ, ਕਾਓਂ, ਐਸੀਆਂ ਜੂਨੀਆਂ ਵਿਚ ਉਸ ਨੂੰ ਜਾਣਾ ਪਵੇਗਾ, ਏਸ ਕਰਕੇ ਸਾਧਸੰਗਤ ਜੀ! ਗੁਰੂ ਤੋਂ ਬਗੈਰ ਜਨਮ ਬਿਰਥਾ ਜਾਂਦਾ ਹੈ।

ਇਕ ਵਾਰੀ ਗੁਰੂ ਦਸਮੇਂ ਪਾਤਸ਼ਾਹ ਜੀ ਮਹਾਰਾਜ, ਸਾਬੋ ਕੀ ਤਲਵੰਡੀ ਗਏ ਹੋਏ ਹਨ। ਉਥੇ ਭਾਈ ਡੱਲੇ ਤੇ ਮਹਾਰਾਜ

ਮਿਹਰਬਾਨ ਸਨ। ਡੱਲਾ ਕਹਿਣ ਲੱਗਾ, "ਮਹਾਰਾਜ! ਮੈਂ ਆਪ ਦੇ ਚਰਨਾਂ ਵਿਚ ਇਕ ਬੇਨਤੀ ਕਰਨੀ ਹੈ।" ਮਹਾਰਾਜ ਕਹਿਣ ਲੱਗੇ, ''ਕਰ ਡੱਲਿਆ।'' ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਮੈਨੂੰ ਦਰਗਾਹ ਵਿਚ ਇਕ ਪੀੜ੍ਹੀ ਜੋਗਾ ਥਾਉਂ ਦੇ ਦੇਣਾ।" ਮਹਾਰਾਜ ਚੁੱਪ ਕਰ ਗਏ, ਬੋਲੇ ਨਹੀਂ, ਇਹ ਵੀ ਹੈਰਾਨ ਹੋ ਗਿਆ, ਕੋਲ ਕੁਝ ਗੁਰਸਿੱਖ ਭੀ ਖੜ੍ਹੇ ਸਨ। ਗੁਰੂ ਜੀ ਕਹਿਣ ਲੱਗੇ, "ਡੱਲਿਆ! ਦੁਨੀਆਂ ਮੰਗ ਲੈ, ਦਿੱਲੀ ਦਾ ਤਖਤ ਜੇ ਤੂੰ ਮੰਗੇਂ, ਤੈਨੂੰ ਮਿਲ ਜਾਵੇਗਾ, ਇੰਦਰ ਲੋਕ ਦਾ ਰਾਜ ਮੰਗੇਂ, ਤੈਨੂੰ ਦੇ ਦਿੰਦੇ ਹਾਂ, ਰਿਧੀਆਂ ਸਿਧੀਆਂ ਮੰਗ ਲੈ, ਘਰ ਵਿਚ ਲਹਿਰੇ ਬਹਿਰੇ ਹੋ ਜਾਣਗੇ, ਸਦਾ ਸਰਦਾਰੀ ਤੇਰੇ ਘਰ ਵਿਚ ਰਹੇਗੀ, ਇਹ ਚੀਜ਼ਾਂ ਮੰਗ ਲੈ, ਪਰ ਦਰਗਾਹ ਵਿਚ ਥਾਂ ਨਹੀਂ ਅਸੀਂ ਤੈਨੂੰ ਦੇ ਸਕਦੇ।" ਮਹਾਰਾਜ ਕੁਝ ਦੇਰ ਵਾਸਤੇ ਖਾਮੋਸ਼ ਹੋ ਗਏ। ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਫੇਰ ਦਰਗਾਹ ਤੁਸੀਂ ਕਿਸਨੂੰ ਦਿੰਦੇ ਹੋ?" ਕਹਿੰਦੇ ਅਸੀਂ ਤਾਂ ਉਨ੍ਹਾਂ ਨੂੰ ਦਿੰਦੇ ਹਾਂ, ਜਿਨ੍ਹਾਂ ਨੇ ਬੰਦ-ਬੰਦ ਕਟਾਉਣੇ ਹਨ, ਖੋਪਰੀਆਂ ਲਹਾਉਣੀਆਂ ਹਨ, ਆਰਿਆਂ ਨਾਲ ਚਰਵਾਏ ਜਾਣੇ ਹਨ, ਦੇਗਾਂ ਵਿਚ ਉਬਾਲੇ ਖਾਣੇ ਨੇ, ਅਨੇਕਾਂ ਕਸ਼ਟ ਸਹਾਰਨੇ ਨੇ, ਜਿਨ੍ਹਾਂ ਮਾਈਆਂ ਬੀਬੀਆਂ ਨੇ ਬੱਚਿਆਂ ਦੇ ਟੋਟੇ ਕਰਵਾ ਕਰਵਾ ਕੇ ਗਲਾਂ ਵਿਚ ਹਾਰ ਪਾਉਣੇ ਨੇ, ਜਿਨ੍ਹਾਂ ਗੁਰਸਿੱਖਾਂ ਨੇ ਬੰਦਗੀ ਕਰਨੀ ਹੈ, ਨਾਮ ਜਪਣਾ ਹੈ, ਸੱਚ ਦੇ ਰਸਤੇ ਚਲਣਾ ਹੈ, ਸੰਸਾਰ ਵਿਚ ਸੁੱਖ ਸ਼ਾਂਤੀ ਵਰਤਾਉਣੀ ਹੈ ਜਿਨ੍ਹਾਂ ਨੇ ਗਿਆਨ ਦਾ ਪ੍ਰਚਾਰ ਕਰਨਾ ਹੈ ਡੱਲਿਆ! ਇਹ ਥਾਵਾਂ ਉਨ੍ਹਾਂ ਵਾਸਤੇ ਰੱਖੀਆਂ ਹੋਈਆਂ ਹਨ, ਨਿਗੁਰਿਆਂ ਵਾਸਤੇ ਨਹੀਂ। ਡੱਲਾ ਖਾਮੋਸ਼ ਹੋ ਗਿਆ। ਗੁਰਸਿੱਖ ਕਹਿਣ ਲੱਗਾ, "ਡੱਲਿਆ! ਉਦਾਸ ਨਾ ਹੋ। ਡੱਲਾ ਅੱਗੋਂ ਕਹਿਣ ਲੱਗਾ, "ਮੈਂ ਉਦਾਸ ਨਾ ਹੋਵਾਂ? ਮੈਨੂੰ ਇਕ ਪੀੜ੍ਹੀ ਜੋਗਾ ਥਾਂ ਨਹੀਂ ਮਿਲਦਾ।" ਗੁਰਸਿੱਖ ਨੇ ਕਿਹਾ ਕਿ ਪੀੜ੍ਹੀ ਜੋਗਾ ਕੀ, ਜਿੰਨਾ ਤੇਰਾ ਜੀਅ ਕਰਦਾ ਹੈ ਓਨਾਂ ਥਾਂ ਲੈ ਲਈਂ, ਪਰ ਤਾਂ ਮਿਲੇਗਾ ਜੇ ਤੂੰ ਦਸ਼ਮੇਸ਼ ਪਿਤਾ ਨੂੰ ਗੁਰੂ ਧਾਰ ਲਵੇਂਗਾ।"

***ਧਾਰਨਾ - ਜੇ ਮਿਲਣਾ ਕਲਗੀਆਂ ਵਾਲੇ ਨੂੰ,***
***ਜੇ ਮਿਲਣਾ ਬਾਜਾਂ ਵਾਲੇ ਨੂੰ - 2, 2.***
***ਖੰਡੇ ਦਾ ਅੰਮ੍ਰਿਤ ਛਕ ਲੈ,***
***ਜੇ ਮਿਲਣੈ ਕਲਗੀਆਂ ਵਾਲੇ ਨੂੰ।***
***ਜੇ ਮਿਲਣੈ ਬਾਜਾਂ ਵਾਲੇ ਨੂੰ,........।***

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੂ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***
***ਭਾਈ ਗੁਰਦਾਸ ਸਿੰਘ, ਵਾਰ 41/1***

ਡੱਲਾ ਚੁੱਪ ਕਰ ਗਿਆ, ਕਹਿਣ ਲੱਗਾ, "ਮੈਂ ਐਨੀ ਸੇਵਾ ਕਰਦਾ ਹਾਂ, ਫੇਰ ਵੀ ਥਾਂ ਨਹੀਂ ਮਿਲਦਾ।" ਸਿੰਘ ਕਹਿਣ ਲੱਗੇ, "ਸੇਵਾ ਤਾਂ ਤੂੰ ਦੁਨੀਆਂ ਵਾਸਤੇ ਕਰਦਾ ਹੈ, ਦਸ਼ਮੇਸ਼ ਪਿਤਾ ਨੂੰ ਤੂੰ ਗੁਰੂ ਧਾਰ ਲੈ।" ਕਹਿਣ ਲੱਗਾ, "ਮੇਰੇ ਗੁਰੂ ਤਾਂ ਹੈਗੇ ਹੀ।" ਸਿੰਘ ਨੇ ਕਿਹਾ, "ਪਰ ਤੂੰ ਗੁਰਮੰਤਰ ਨਹੀਂ ਲਿਆ, ਇਨ੍ਹਾਂ ਕੋਲੋਂ। ਜਿੰਨੀ ਦੇਰ ਕੋਈ ਗੁਰੂ ਕੋਲੋਂ ਗੁਰਮੰਤ੍ਰ ਨਹੀਂ ਲੈਂਦਾ, ਓਨੀ ਦੇਰ ਉਹ ਸ਼ਿਸ਼ ਨਹੀਂ ਬਣ ਸਕਦਾ। ਕਿਸੇ ਮਹਾਤਮਾ ਦੀ ਸੇਵਾ ਕਰੀ ਜਾਓ, ਜਿੰਨੀ ਦੇਰ ਉਹਦੇ ਕੋਲੋਂ ਗੁਰਮੰਤਰ ਨਹੀਂ ਲੈਂਦਾ, ਉਹਦਾ ਚੇਲਾ ਕਿਸ ਤਰ੍ਹਾਂ ਬਣ ਜਾਵੇਗਾ। ਏਸੇ ਤਰ੍ਹਾਂ ਗੁਰੂ ਘਰ ਦੇ ਅੰਦਰ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਜਿੰਨੀ ਦੇਰ ਗੁਰਮੰਤ੍ਰ ਨਹੀਂ ਲੈਂਦਾ, ਓਨੀ ਦੇਰ ਤਕ ਗੁਰੂ ਕਲਗੀਧਰ ਦਾ ਸਿੱਖ ਬਣ ਹੀ ਨਹੀਂ ਸਕਦਾ। ਕਹਿਣ ਲੱਗੇ ਤੂੰ ਅੰਮ੍ਰਿਤ ਛਕ ਕੇ ਨਾਮ ਲੈ ਲੈ, ਫੇਰ ਤੇਰਾ ਸਬੰਧ ਗੁਰੂ ਨਾਨਕ ਜੁੜ ਜਾਵੇਗਾ।" ਦੂਜੇ ਦਿਨ ਡੱਲੇ ਨੇ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਛਕ ਲਿਆ, ਗੁਰੂ ਮਹਾਰਾਜ ਨੇ ਕਿਹਾ ਕਿ ਡੱਲਾ ਸਿੰਘ! ਪੀੜ੍ਹੀ ਜਿੰਨਾ ਕੀ, ਹੁਣ ਜਿੰਨਾਂ ਥਾਂ ਚਾਹੀਦਾ ਹੈ ਮੰਗ ਲਈਂ ਪਰ ਰਹਿਤ ਬਹਿਤ ਵਿਚ ਪੱਕਾ ਰਹੀਂ, ਗਿਰੀ ਨਾ।

ਸੋ ਸਾਧ ਸੰਗਤ ਜੀ! ਨਾਮ ਗੁਰੂ ਧਾਰਨ ਕਰਕੇ ਹੀ ਮਿਲਦਾ ਹੈ, ਹੋਰ ਨਾਮ ਕਿਤੋਂ ਨਹੀਂ ਮਿਲਦਾ ਕਿਉਂਕਿ ਸਤਿਗੁਰੂ ਸੱਚਾ ਹੁੰਦਾ ਹੈ, ਚਾਰ ਕਿਸਮ ਦੇ ਗੁਰੂ ਹੁੰਦੇ ਹਨ।

ਇਕ ਹੁੰਦੇ ਹਨ ਕੱਚੇ ਗੁਰੂ, ਇਕ ਹੁੰਦੇ ਹਨ ਅੰਨੇ ਗੁਰੂ-

***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***
***ਭਾਈ ਗੁਰਦਾਸ ਜੀ, ਵਾਰ 35/2***

ਆਪ ਵੀ ਡੁੱਬਦਾ ਹੈ, ਦੂਜਿਆਂ ਨੂੰ ਵੀ ਡੋਬਦਾ ਹੈ। ਇਕ ਪਾਖੰਡੀ ਗੁਰੂ ਹੋਇਆ ਕਰਦਾ ਹੈ, ਜੋ ਐਵੇਂ ਪਾਖੰਡ ਕਰ ਕਰਕੇ ਹੀ ਲੋਕਾਂ ਨੂੰ ਧੋਖਾ ਦਿੰਦਾ ਹੈ। ਇਕ ਅਵਧੂਤ ਗੁਰੂ ਹੁੰਦਾ ਹੈ, ਉਹ ਪਹੁੰਚੇ ਤਾਂ ਹੁੰਦੇ ਹਨ ਪਰ ਕਿਸੇ ਹੋਰ ਨੂੰ ਨਹੀਂ ਤਾਰ ਸਕਦੇ। ਇਕ ਵਿਦਵਾਨ ਗੁਰੂ ਹੁੰਦੇ ਹਨ ਉਹ ਸਭ ਕੁਝ ਜਾਣਦੇ ਤਾਂ ਹੁੰਦੇ ਹਨ, ਪਰ ਰਾਈਫਲ ਵਿਚੋਂ ਫੋਕੀ ਗੋਲੀ ਚਲਣ ਦੇ ਸਮਾਨ ਹੁੰਦੇ ਹਨ, ਜੋ ਕਿਸੇ ਨੂੰ ਮਾਰ ਨਹੀਂ ਸਕਦੀ। ਇਕ ਸਮਰੱਥ ਗੁਰੂ ਹੁੰਦੇ ਹਨ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ 34/1***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਕ ਮੈਂ ਬੇਨਤੀ ਕਰਨੀ ਹੈ ਕਿ ਤੁਹਾਡੇ ਨਗਰ ਵਿਚ ਇਕ ਬਹੁਤ ਵੱਡਾ ਯੱਗ ਹੋ ਰਿਹਾ ਹੈ ਜਿਸ ਨੂੰ ਸਤਿਸੰਗ ਕਹਿੰਦੇ ਹਨ। ਇਹ ਸਭ ਤੋਂ ਵੱਡਾ ਪੁੰਨ ਹੈ। ਮਹਾਰਾਜ ਤੋਂ ਪੁਛਿਆ ਕਿ ਕਲਜੁੱਗ ਵਿਚ ਕਿਹੜਾ ਵੱਡਾ ਪੁੰਨ ਹੈ, ਜਿਸ ਨੂੰ ਜਮਦੂਤ ਨਾ ਲੁੱਟ ਸਕਣ ਅਤੇ ਜਿਸ ਦਾ ਬਹੁਤਾ ਪੁੰਨ ਹੋਵੇ, ਮਹਾਰਾਜ ਨੇ ਕਿਹਾ -

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥***
***ਪੰਨਾ - 962***

ਕਲਜੁਗ ਵਿਚ ਕਰਮ ਧਰਮ, ਤੀਰਥ, ਦਾਨ, ਵੇਦਾਂ ਸਾਸ਼ਤਰਾਂ ਦੀ ਵੀਚਾਰ ਤਾਰਨ ਨੂੰ ਸਮਰੱਥ ਨਹੀਂ ਹਨ ਜਿਵੇਂ ਕਿ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥***
***ਪੰਨਾ - 747***

ਅੱਖ ਦੇ ਝਮਕਣ ਜਿੰਨੇ ਚਿਰ ਵਿਚ ਛੁਟਕਾਰਾ ਹੋ ਜਾਂਦਾ ਹੈ, ਸੋ ਐਸਾ ਯੱਗ ਆਪ ਦੇ ਨਗਰ ਵਿਚ ਹੋਇਆ ਹੈ, ਜਿਨ੍ਹਾਂ

ਹਿਰਦਿਆਂ ਵਿਚ ਅਵਾਜ਼ ਪਹੁੰਚੀ ਉਹ ਹਿਰਦੇ ਪਵਿੱਤਰ ਹੋ ਗਏ, ਜਿਨ੍ਹਾਂ ਘਰਾਂ ਵਿਚ ਆਵਾਜ਼ ਪਹੁੰਚੀ ਉਹ ਘਰ ਪਵਿੱਤਰ ਹੋ ਗਏ, ਜਿਥੋਂ ਤਕ ਅਵਾਜ਼ ਪਹੁੰਚੀ ਉਹ ਸਾਰਾ ਵਾਤਾਵਰਣ ਪਵਿੱਤਰ ਹੋ ਗਿਆ, ਸ਼ੁਧ ਹੋ ਗਿਆ ਅਤੇ ਬੜੀ ਦੇਰ ਤਕ ਸ਼ੁੱਧ ਰਹੇਗਾ, ਹਜ਼ਾਰਾਂ ਸਾਲਾਂ ਤਕ ਰਹੇਗਾ।

ਇਕ ਵਾਰੀ ਸ਼ਿਵ ਜੀ ਮਹਾਰਾਜ ਤੁਰੇ ਜਾ ਰਹੇ ਸਨ ਅਤੇ ਜਾਂਦੇ ਜਾਂਦੇ ਇਕ ਥਾਂ ਨਮਸ਼ਕਾਰ ਕਰਨ ਲਗ ਪਏ। ਪਾਰਬਤੀ ਜੀ ਕਹਿਣ ਲੱਗੇ, "ਮਹਾਰਾਜ! ਇਥੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਤੁਸੀਂ ਕਿਸ ਨੂੰ ਨਮਸਕਾਰ ਕਰ ਰਹੇ ਹੋ?" ਆਪ ਚੁੱਪ ਰਹੇ। ਅੱਗੇ ਇਕ ਹੋਰ 'ਥੇਹ' ਆ ਗਿਆ, ਉਥੇ ਵੀ ਨਮਸਕਾਰ ਕਰੀ। ਪਾਰਬਤੀ ਨੇ ਫੇਰ ਕਿਹਾ ਕਿ ਤੁਸੀਂ ਇਥੇ ਵੀ ਨਮਸਕਾਰ ਕੀਤੀ ਹੈ, ਇਥੇ ਹੈ ਤਾਂ ਕੋਈ ਵੀ ਨਹੀਂ। ਸ਼ਿਵ ਜੀ ਕਹਿਣ ਲੱਗੇ, "ਪਾਰਬਤੀ! ਤੈਨੂੰ ਦਿਸਿਆ ਨਹੀਂ, ਮੈਨੂੰ ਦਿਸਿਆ ਹੈ, ਇਹੀ ਫਰਕ ਹੈ, ਕਹਿਣ ਲੱਗੇ ਇਕ ਹਜ਼ਾਰ ਸਾਲ ਪਹਿਲਾਂ ਇਕ ਮਹਾਂਪੁਰਸ਼ ਨੇ ਇਥੇ ਬੈਠ ਕੇ ਬੰਦਗੀ ਕੀਤੀ ਸੀ, ਉਹਦੀ ਬੰਦਗੀ ਦੇ ਪ੍ਰਤਾਪ ਨਾਲ ਹੁਣ ਤਕ ਇਹ ਵਾਤਾਵਰਣ ਸ਼ੁਧ ਹੋਇਆ ਪਿਆ ਹੈ, ਮੈਂ ਤਾਂ ਨਮਸਕਾਰ ਕੀਤੀ ਹੈ -

***ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ - 273***

ਆਹ ਮੈਂ ਜਿਥੇ ਹੁਣ ਨਮਸਕਾਰ ਕੀਤੀ ਹੈ ਇਕ ਹਜ਼ਾਰ ਸਾਲ ਨੂੰ ਇਥੇ ਪ੍ਰਮੇਸ਼ਰ ਦਾ ਪਿਆਰਾ ਆਉਣਾ ਹੈ, ਇਹ ਥਾਂ ਵੀ ਪਵਿੱਤਰ ਹੋ ਜਾਣੀ ਹੈ, ਹੁਣ ਤੋਂ ਹੀ ਇਸ ਥਾਂ ਦਾ ਭਾਗ ਜਾਗ ਪਿਆ, ਜਿੰਨੀ ਦੇਰ ਭਾਗ ਨਹੀਂ ਜਾਗਦਾ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥*** ***ਪੰਨਾ - 204***

ਸੋ ਇਹ ਵਾਤਾਵਰਣ ਸ਼ੁੱਧ ਹੋ ਗਿਆ, ਮਨ ਸ਼ੁੱਧ ਹੋ ਗਏ, ਸੋ ਕਲ੍ਹ ਨੂੰ ਸਾਰੇ ਹੁੰਮ ਹੁੰਮਾ ਕੇ ਦਰਸ਼ਨ ਦਿਓ ਕਿਉਂਕਿ ਇਹਹ ਅਵਸਰ ਬਾਰ-ਬਾਰ ਨਹੀਂ ਮਿਲਣਾ। ਸੰਗਤਾਂ ਨੂੰ ਵੀ ਏਸ ਗੱਲ ਦਾ ਪਤਾ ਹੈ ਕਿ ਪ੍ਰੋਗਰਾਮ ਬੜਾ ਲੰਬਾ ਹੈ। ਦੂਰ ਦਰਾਜ਼ ਤਕ, ਦਿਨ ਰਾਤ ਇਕ ਕਰਕੇ ਮੈਂ ਤੁਰਿਆ ਰਹਿੰਦਾ ਹਾਂ, ਪਿਛੇ ਮੇਰਾ ਬੋਲ ਵੀ ਖਰਾਬ ਹੋ ਗਿਆ ਸੀ, ਮੈਂ ਬਹੁਤ ਮੁਸ਼ਕਲ ਨਾਲ ਕੀਰਤਨ ਕੀਤਾ ਹੈ, ਹੁਣ ਬੋਲ ਕੁਝ ਠੀਕ ਹੋਇਆ ਹੈ। ਮੈਂ ਇਕੱਲੇ ਇੱਕਲੇ ਪਿੰਡ ਵਿਚ ਜਾਣਾ ਹੈ, ਜੇਕਰ ਪੰਦਰਾਂ ਪਿੰਡ ਇਕੱਠੇ ਹੋ ਕੇ ਕਹਿ ਦੇਣ ਕਿ ਅਸੀਂ ਇੱਕਠੇ ਹੋ ਕੇ ਦੀਵਾਨ ਲਗਵਾਵਾਂਗੇ ਤਾਂ ਇਕ ਸੈਂਟਰ ਬਣਾ ਲਿਆ ਕਰਨ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਨੂੰ ਸਾਲ ਵਿਚ ਇਕ ਹਫਤੇ ਦੇ ਦੀਵਾਨ ਜ਼ਰੂਰ ਮਿਲਣਗੇ, ਹੁਣ ਤਕ ਸਾਢੇ ਚਾਰ ਸੌ ਪਿੰਡਾਂ ਦੇ ਤੀਹ ਸੈਂਟਰ ਬਣ ਗਏ ਹਨ, 30 ਹਫਤੇ ਤਾਂ ਮੇਰੇ ਉਧਰ ਲੰਘ ਗਏ, ਬਾਕੀ ਤੀਹ ਰਹਿ ਗਏ, ਜਿਨ੍ਹਾਂ ਵਿਚੋਂ ਕੁਝ ਬਰਸਾਤਾਂ ਵਿਚ ਲੰਘ ਜਾਣੇ ਹਨ, ਕੁਝ ਦਿਨਾਂ ਲਈ ਯੂ.ਪੀ. ਜਾਣਾ ਪੈਣਾ ਹੈ। ਯੂ.ਪੀ. ਵਾਲਿਆਂ ਨੂੰ ਮੈਂ ਪਹਿਲਾਂ ਤਿੰਨ ਮਹੀਨੇ ਦਿਤੇ ਸੀ, ਜਦੋਂ ਮੈਂ ਉਥੋਂ ਆਇਆ ਹਾਂ, ਉਥੇ ਸੰਗਤ ਬਹੁਤ ਬੈਰਾਗ ਕਰਦੀ ਸੀ, ਸੰਗਤ ਐਨਾ ਰੋ ਰਹੀ ਸੀ ਕਿ ਮੇਰੇ ਕੋਲੋਂ ਉਨ੍ਹਾਂ ਵਲੋਂ ਕੀਤਾ ਬੈਰਾਗ ਸਹਿ ਨਹੀਂ ਸੀ ਹੁੰਦਾ, ਅਖੀਰ ਤੇ ਮੈਂ ਉਨ੍ਹਾਂ ਨੂੰ ਹਫਤਾ ਹੀ ਦੇਣਾ ਸ਼ੁਰੂ ਕੀਤਾ ਕਿਉਂਕਿ ਟਾਈਮ ਹੀ ਨਹੀਂ ਬਚਿਆ, ਅਗਲੇ ਦੀਵਾਨਾਂ ਵਾਸਤੇ ਹੋਰ ਕਈ ਪਿੰਡਾਂ ਨੂੰ ਟਾਈਮ ਦੇ ਦਿਤਾ ਹੈ। ਹੁਣ ਜਿਹੜੇ ਅੱਗੋਂ ਟਾਈਮ ਮੰਗਦੇ ਹਨ, ਉਨ੍ਹਾਂ ਨੂੰ 1984 ਦਾ ਟਾਈਮ ਮਿਲੇਗਾ, ਸੋ ਹੁਣ ਆਪ ਪੂਰਾ-ਪੂਰਾ ਲਾਭ ਉਠਾਓ ਅਤੇ ਅੰਮ੍ਰਿਤ ਛਕਣ ਵਾਸਤੇ ਆਪਣਾ ਮਨ ਬਣਾਓ। ਜਿਹੜੇ ਗੁਰਸਿੱਖ ਨੇ, ਗੁਰੂ ਨਾਨਕ ਨੂੰ ਮੰਨਣ ਵਾਲੇ ਹਨ, ਜਿਨ੍ਹਾਂ ਨੇ ਗੁਰੂ ਧਾਰਨ ਕੀਤਾ ਹੋਇਆ ਹੈ, ਉਨ੍ਹਾਂ ਨੂੰ ਮੁਬਾਰਕ ਹੈ, ਜਿਨ੍ਹਾਂ ਨੇ ਨਹੀਂ ਧਾਰਨ ਕੀਤਾ ਹੋਇਆ, ਉਹ ਹੁਣ ਕਰ ਲਓ - ਪੰਜ ਪਿਆਰੇ ਪੂਰੀ ਵਿਧੀ ਨਾਲ ਅੰਮ੍ਰਿਤ ਛਕਾਉਣਗੇ, ਅਸਲੀ ਚੀਜ਼ ਨਾਮ ਹੁੰਦੀ ਹੈ, ਉਹ ਦਸ ਦੇਣਗੇ, ਨਾਮ ਰਸਨਾ ਨਾਲ ਕਿਸ ਤਰ੍ਹਾਂ ਜਪਣਾ ਹੈ, ਮਾਲਾ ਨਾਲ ਕਿਸ ਤਰ੍ਹਾਂ ਜਪਣਾ ਹੈ ਤੇ ਕਿੰਨਾ ਕਿੰਨਾ ਜਪਣਾ ਹੈ, ਸੁਆਸ ਨਾਲ ਕਿਵੇਂ ਜਪਣਾ ਹੈ, ਮਨ ਦੌੜਦੇ ਨੂੰ ਕਿਵੇਂ ਰੋਕਣਾ ਹੈ, ਆਗਿਆ ਚੱਕਰ ਵਿਚ ਨਾਮ ਕਿਵੇਂ ਜਪਣਾ ਹੈ, ਪੰਜ ਪਿਆਰੇ ਨਾਮ ਦ੍ਰਿੜ੍ਹ ਕਰਾਉਂਦੇ ਹਨ, ਇਕੱਲੇ-ਇਕੱਲੇ ਪ੍ਰੇਮੀ ਨੂੰ ਪ੍ਰੈਕਟੀਕਲੀ ਸਮਝਾਉਂਦੇ ਹਨ, ਉਸ ਤੋਂ ਬਾਦ ਤੁਹਾਡੀ ਡਿਊਟੀ ਰਹਿ ਜਾਂਦੀ ਹੈ ਕਿ ਬੰਦਗੀ ਕਰੋ ਅਤੇ ਮਾਨਸ ਜਨਮ ਨੂੰ ਸਫਲਾ ਕਰੋ। ਜੋ ਵੀ ਕੋਈ ਅੰਮ੍ਰਿਤ ਛਕਾਉਣ, ਉਨ੍ਹਾਂ ਨੂੰ ਨਾਮ ਜਪਣ ਦੀ ਜੁਗਤੀ ਚੰਗੀ ਤਰ੍ਹਾਂ ਦਸਣੀ ਚਾਹੀਦੀ ਹੈ ਤਾਂ ਕਿ ਪ੍ਰੇਮੀ ਅੰਮ੍ਰਿਤ ਛਕ ਕੇ ਐਵੇਂ ਨਾ ਭਟਕਦੇ ਰਹਿਣ, ਜਿਸ ਦੇ ਅੰਦਰ ਨਾਮ ਦਾ ਬੀਜ ਪੈ ਗਿਆ, ਉਹ ਨਾਮ ਜ਼ਰੂਰ ਜਪੇਗਾ, ਹੁਣ ਸਾਰੇ ਆਪਣੀ ਰਸਨਾ ਪਵਿੱਤਰ ਕਰੋ, ਅਨੰਦ ਸਾਹਿਬ ਤੇ ਗੁਰੂ ਸਤੋਤਰ ਵਿਚ ਬੋਲੋ।

**L L L L L L L**

---

(ਪੰਨਾ 19 ਦੀ ਬਾਕੀ)

ਸੁਆਸਾਂ ਤੇ ਕਾਬੂ ਪਾਉਣਾ ਦਸਿਆ ਗਿਆ ਹੈ, ਪ੍ਰਾਣਾਂ ਤੇ ਕਾਬੂ ਪਾਉਣਾ ਦਸਿਆ ਗਿਆ ਹੈ। ਇਨ੍ਹਾਂ ਨੂੰ ਜਾਣ ਕੇ ਸੁਆਸਾਂ ਦਾ ਗਿਆਨ ਵਧਦਾ ਹੈ ਹੋਰ ਕਈ ਉਹ ਆਦਤਾਂ ਜਿਹੜੀਆਂ ਅਚੇਤ ਮਨ ਵਿਚ ਵਸ ਚੁਕੀਆਂ ਹਨ ਤੇ ਅਸੀਂ ਉਨ੍ਹਾਂ ਨੂੰ ਸੁਆਸ ਲੈਣ ਲਈ ਵਰਤਦੇ ਹਾਂ, ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ ਤੇ ਦਸਿਆ ਗਿਆ ਹੈ ਕਿ ਉਨ੍ਹਾਂ ਨੂੰ ਹਟਾ ਕੇ ਕਿਵੇਂ ਨਵੀਆਂ, ਚੰਗੀਆਂ ਆਦਤਾਂ ਬਣਾਈਆਂ ਗਈਆਂ ਹਨ। ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਇਕ ਬੱਚਾ ਜਦੋਂ ਤੁਰਨਾ ਸਿਖਦਾ ਹੈ ਉਹ ਡਿਗਦਾ ਹੈ, ਉਠਦਾ ਹੈ, ਡੋਲਦਾ ਹੈ ਪਰ ਸਮਾਂ ਪਾ ਕੇ ਸਿੱਧਾ ਟੁਰਨ ਲਗ ਪੈਂਦਾ ਹੈ। ਉਸੇ ਤਰ੍ਹਾਂ ਹੀ ਯਤਨ ਕਰਨ ਨਾਲ ਸੁਆਸਾਂ ਬਾਰੇ ਚੇਤਨ ਹੋ ਕੇ, ਉਨ੍ਹਾਂ ਨੂੰ ਅਚੇਤ ਮਨ ਵਿਚੋਂ ਕੱਢ ਕੇ ਉਨ੍ਹਾਂ ਬਾਰੇ ਸੁਚੇਤ ਹੋ ਕੇ ਉਨ੍ਹਾਂ ਨੂੰ ਚੇਤਨ ਮਨ ਦੇ ਅਧੀਨ ਲਿਆਇਆ ਜਾਂਦਾ ਹੈ।

ਸਰੀਰ ਅਤੇ ਮਨ ਦੇ ਸਬੰਧ ਦਾ ਕਾਰਣ ਹੋਣ ਕਰਕੇ ਸੁਆਸ ਕਿਸੇ ਵੀ ਪੱਧਰ ਉਤੇ ਕਿਸੇ ਤਰ੍ਹਾਂ ਵੀ ਦਖਲ ਦੇ ਸਕਦੇ ਹਨ, ਸੁਆਸਾਂ ਬਾਰੇ ਡੂੰਘਾ ਤੇ ਸੂਖਸ਼ਮ ਗਿਆਨ ਸਰੀਰਕ ਤੇ ਮਨੋਵਿਗਿਆਨਕ ਬਦਲਾਵ ਲਿਆ ਸਕਦਾ ਹੈ। ਸੁਆਸਾਂ ਦਾ ਵਿਗਿਆਨ ਇਕ ਨਵਾਂ ਰਸਤਾ ਖੋਲ੍ਹ ਦੇਵੇਗਾ ਜਿਸ ਨਾਲ ਤੁਸੀਂ ਸੁਚੇਤ ਮਨ ਰਾਹੀਂ ਆਪਣੇ ਸਰੀਰ ਦੀ ਤੇ ਆਪਣੇ ਆਪ ਦੀ ਸਮੁੱਚੇ ਤੌਰ ਤੇ ਦੇਖ ਭਾਲ ਕਰ ਸਕਦੇ ਹਨ।

**L L L L L L L**

# ਕਰੋਧ

**_ਪ੍ਰੋ. ਜਸਮੇਰ ਸਿੰਘ_**

'ਪੁਤਰੀ ਤੇਰੀ ਬਿਧ ਕਰ ਥਾਟੀ' – ਇਨਸਾਨ ਦੇ ਸਰੀਰ ਵਿਚ ਲੱਖਾਂ ਹੀ ਐਸੀਆਂ ਚੀਜਾਂ ਹਨ ਜਿਨ੍ਹਾਂ ਨੂੰ ਉਹ ਵੇਖ ਨਹੀਂ ਸਕਦਾ। ਪਰ ਉਹ ਸਭ ਚੀਜ਼ਾਂ ਉਸਦੇ ਸਰੀਰ ਵਿਚ ਹਨ ਜ਼ਰੂਰ ਉਦਾਹਰਣ ਵਜੋਂ ਦਿਲ ਨੂੰ ਹੀ ਲਵੋ। ਕਿਸੇ ਵੀ ਬੰਦੇ ਨੇ ਆਪਣਾ ਦਿਲ ਵੇਖਿਆ ਤਾਂ ਨਹੀਂ ਹੁੰਦਾ ਪਰ ਫਿਰ ਵੀ ਹਰ ਇਕ ਬੰਦੇ ਨੂੰ ਪਤਾ ਹੈ ਕਿ ਉਸਦੇ ਸਰੀਰ ਵਿਚ ਦਿਲ ਹੈ ਤੇ ਉਸਦੀ ਛਾਤੀ ਵਿਚ ਧੜਕ ਰਿਹਾ ਹੈ। ਇਸੇ ਦਿਲ ਕਰਕੇ ਉਹ ਜਿਉਂਦਾ ਹੈ ਜਿਸ ਕਰਕੇ ਉਸਦੇ ਸਾਰੇ ਸਰੀਰ ਵਿਚ ਲਗਾਤਾਰ ਖ਼ੂਨ ਦੌਰਾ ਕਰਦਾ ਹੈ ਤੇ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਦੇ ਹਨ ਤੇ ਹਰ ਇਕ ਅੰਗ ਨੂੰ ਖ਼ੂਨ ਦੇ ਦੌਰੇ ਕਰਕੇ ਸਹੀ ਖ਼ੁਰਾਕ ਮਿਲਦੀ ਹੈ। ਦਿਮਾਗ ਵੀ ਹਰ ਇਕ ਬੰਦੇ ਵਿਚ ਹੁੰਦਾ ਹੈ ਪਰ ਕਿਸੇ ਨੇ ਹੀ ਉਸ ਨੂੰ ਵੇਖਿਆ ਨਹੀਂ ਹੁੰਦਾ। ਭਾਵੇਂ ਅਜਕਲ ਮਸ਼ੀਨੀ ਯੁੱਗ ਵਿਚ ਇਨ੍ਹਾਂ ਅੰਦਰਲੇ ਅੰਗਾਂ ਦੀ ਬਣਤਰ, ਇਨ੍ਹਾਂ ਵਿਚ ਪਏ ਨੁਕਸ ਜਾਂ ਇਨ੍ਹਾਂ ਦੀਆਂ ਬੀਮਾਰੀਆਂ ਵੇਖੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਤਾਰ ਵਿਚੋਂ ਦੀ ਲੰਘਦੀ ਬਿਜਲੀ ਕਿਸੇ ਨੇ ਨਹੀਂ ਵੇਖੀ ਤਦ ਵੀ ਬਿਜਲੀ ਦੀ ਅਣਹੋਂਦ ਸਿਧ ਨਹੀਂ ਕੀਤੀ ਜਾ ਸਕਦੀ। ਜਦੋਂ ਅਸੀਂ ਬਟਨ ਦਬਾਉਂਦੇ ਹਾਂ ਤਾਂ ਇਕਦਮ ਬੱਲਬ ਵਿਚ ਬਿਜਲੀ ਪ੍ਰਵੇਸ਼ ਕਰ ਜਾਂਦੀ ਹੈ ਤੇ ਕਮਰੇ ਨੂੰ ਰੁਸ਼ਨਾਂ ਦਿੰਦੀ ਹੈ। ਇਸੇ ਤਰ੍ਹਾਂ ਰੇਡੀਓ ਲਹਿਰਾਂ ਆਦਿ ਨੂੰ ਕਿਸੇ ਨੇ ਨਹੀਂ ਵੇਖਿਆ ਹੁੰਦਾ ਪਰ ਉਹ ਹੁੰਦੀਆਂ ਜਰੂਰ ਹਨ ਕਿਉਂਕਿ ਰੇਡੀਓ ਤੇ ਟੀ. ਵੀ. ਆਦਿ ਦੇ ਚੱਲਣ ਤੋਂ ਉਨ੍ਹਾਂ ਲਹਿਰਾਂ ਦੀ ਹੋਂਦ ਦਾ ਅਸਿੱਧਾ ਸਬੂਤ ਸਾਨੂੰ ਮਿਲਦਾ ਹੈ।

ਇਸੇ ਤਰ੍ਹਾਂ ਸਰੀਰ ਵਿਚ ਵੀ ਹੋਰ ਸੂਖਸ਼ਮ ਤੇ ਸਥੂਲ ਚੀਜ਼ਾਂ ਹਨ ਜਿਨ੍ਹਾਂ ਨੂੰ ਬੰਦੇ ਨੇ ਵੇਖਿਆ ਨਹੀਂ ਹੁੰਦਾ। ਸੂਖਸ਼ਮ ਚੀਜ਼ਾਂ ਵਿਚ ਇਕ ਚੀਜ਼ ਕਰੋਧ ਹੈ ਜੋ ਮਨੁੱਖ ਨੂੰ ਆਪਣੇ ਅੰਦਰ ਨਜ਼ਰ ਨਹੀਂ ਆਉਂਦਾ। ਗੁਰੂ ਵਾਕ ਹੈ –

***ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥***
***ਏਨੀ ਅਖੀ ਨਦਰਿ ਨ ਆਵਈ***
***ਜਿਚਰੁ ਸਬਦਿ ਨ ਕਰੇ ਬੀਚਾਰੁ॥*** ***ਪੰਨਾ – 1279***

ਉਪਰਲੇ ਗੁਰੂ ਵਾਕ ਵਿਚ ਖੁਧਿਆ (ਭੁੱਖ), ਤ੍ਰਿਸਨਾ, ਨਿੰਦਾ ਤੇ ਕਾਮ ਵੀ ਹਨ ਜੋ ਕਿ ਨਦਰ ਨਹੀਂ ਆਉਂਦੇ। ਇਸੇ ਤਰ੍ਹਾਂ ਭਿਆਨਕ ਕਰੋਧ ਵੀ ਹੁੰਦਾ ਹੈ ਜੋ ਕਿ ਸਰੀਰ ਵਿਚ ਵਿਕਰਾਲ ਰੂਪ ਵਿਚ ਰਹਿੰਦਾ ਹੈ। ਜੋ ਚੀਜ਼ ਛੁਪੀ ਹੋਈ ਸਰੀਰ ਵਿਚ ਹੋਵੇ ਉਸਨੂੰ ਮਾਰਨਾ ਵੀ ਬਹੁਤ ਔਖਾ ਹੁੰਦਾ ਹੈ। ਜਿਹੜਾ ਦੁਸ਼ਮਣ ਵਿਖਾਈ ਨਾ ਦੇਵੇ ਉਸ ਦਾ ਮਾਰਨਾ ਬਹੁਤ ਮੁਸ਼ਕਲ ਹੁੰਦਾ ਹੈ।

ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਕਰੋਧ ਨਾਲ ਤੇ ਕਾਮ ਨਾਲ ਭਾਵੇਂ ਸਰੀਰ ਭਰਿਆ ਹੋਇਆ ਹੈ ਤਾਂ ਵੀ ਇਹ ਵਿਖਾਈ ਨਹੀਂ ਦਿੰਦੇ –

***ਕਾਮਿ ਕਰੋਧਿ ਨਗਰੁ ਬਹੁ ਭਰਿਆ***
***ਮਿਲਿ ਸਾਧੂ ਖੰਡਲ ਖੰਡਾ ਹੇ॥*** ***ਪੰਨਾ – 13***

ਕਰੋਧ ਬਾਰੇ ਗੁਰਮਤ ਦੇ ਦ੍ਰਿਸ਼ਟੀਕੋਣ ਤੋਂ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਅਸੀਂ ਯੂਨਾਨੀ, ਰੋਮਨੀ ਤੇ ਪੱਛਮ ਦੇ ਲੇਖਕਾਂ, ਵਿਚਾਰਕਾਂ ਆਦਿ ਦੇ ਵੀਚਾਰ ਪੇਸ਼ ਕਰਦੇ ਹਾਂ। ਇਹ ਵਿਚਾਰ ਬਹੁਤ ਵਿਵਹਾਰਿਕ ਹਨ ਤੇ ਆਤਮ ਮਾਰਗ ਦੇ ਰਸਤੇ ਵਿਚ ਕਰੋਧ ਨੂੰ ਇਕ ਬਹੁਤ ਵੱਡੀ ਰੁਕਾਵਟ ਦੇ ਰੂਪ ਵਿਚ ਨਹੀਂ ਦੇਖਦੇ ਬਲਕਿ ਕਰੋਧ ਨੂੰ ਸਮਾਜਿਕ, ਮਨੋ–ਵਿਗਿਆਨਕ ਤੇ ਮਾਨਸਿਕ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ ਤੇ ਇਸਦਾ ਇਲਾਜ ਵੀ ਪ੍ਰਦਾਨ ਕਰਦੇ ਹਨ।

Anger is a brief madness - Horace

ਕਰੋਧ ਥੋੜ੍ਹੇ ਸਮੇਂ ਦਾ ਪਾਗਲਪਣ ਹੁੰਦਾ ਹੈ – ਹੋਰੇਸ

To be angry is to revenge the faults of others on ourselves - Pope

ਕ੍ਰੋਧਿਤ ਹੋਣ ਦਾ ਮਤਲਬ ਹੈ ਦੂਜਿਆਂ ਦੇ ਨੁਕਸਾਂ ਦਾ ਆਪਣੇ ਆਪ ਤੋਂ ਬਦਲਾ ਲੈਣਾ – ਪੋਪ

Violence in the voice is often only the death rattle of reason in the throat - Boyes

ਆਵਾਜ਼ ਵਿਚ ਹਿੰਸਾ ਅਕਸਰ ਗਲੇ ਵਿਚ ਤਰਕ ਦੀ ਮੌਤ ਦਾ ਘੋਰੜੂ ਵਜਦਾ ਹੁੰਦਾ ਹੈ – ਬੋਆਇਸ

The intoxication of anger, like that of the grape, shows us to others, but hides us from ourself - Colton

ਕ੍ਰੋਧ ਦਾ ਨਸ਼ਾ, ਅੰਗੂਰਾਂ ਦੇ ਨਸ਼ੇ ਵਾਂਗ (ਭਾਵ ਸ਼ਰਾਬ ਤੋਂ ਹੈ ਜੋ ਅੰਗੂਰਾਂ ਆਦਿ ਤੋਂ ਬਣਦੀ ਹੈ) ਸਾਡਾ ਆਪਣਾ ਆਪ ਦੂਜਿਆਂ ਕੋਲ ਪ੍ਰਗਟ ਕਰਦਾ ਹੈ ਪਰ ਖੁਦ ਸਾਥੋਂ ਛੁਪਾਉਂਦਾ ਹੈ – ਕੌਲਟਨ

Anger, if not restrained, is frequently more hurtful to us than the injury that provokes it - Seneca

ਕ੍ਰੋਧ ਜੇਕਰ ਇਸ ਤੇ ਕਾਬੂ ਨਾ ਪਾਇਆ ਜਾਵੇ, ਉਸ ਤੋਂ ਵੀ ਵੱਧ ਘਾਤਕ ਹੁੰਦਾ ਹੈ ਜਿਸ ਦੁਖ ਕਾਰਨ ਇਹ ਪੈਦਾ ਹੋਇਆ ਸੀ – ਸੈਨੇਕਾ

Keep cool and you command everybody - St Just

ਸ਼ਾਂਤ ਰਹੋ ਤੇ ਤੁਸੀਂ ਹਰ ਇਕ ਤੇ ਹੁਕਮ ਚਲਾ ਸਕਦੇ ਹੋ – ਸੰਤ ਜਸਟ

There is not in Nature, a thing that makes man so deformed so beastly, as doth intemperate anger - John Webster

ਸਾਰੀ ਕੁਦਰਤ ਵਿਚ ਇਕ ਵੀ ਚੀਜ਼ ਐਸੀ ਨਹੀਂ ਹੈ ਜੋ ਇਨਸਾਨ ਨੂੰ ਇਨਾਂ ਕਰੂਪ ਇਨ੍ਹਾਂ ਜਾਨਵਰਾਂ ਵਰਗਾ ਬਣਾ ਦੇਵੇ ਜਿਨਾਂ ਕਿ ਅਸੰਜਮੀ ਗੁੱਸਾ ਬਣਾਉਂਦਾ ਹੈ – ਜੌਨ ਵੈਬਸਟਰ

When passion is on the throne reason is out of doors - M. Henry

ਜਦੋਂ ਕ੍ਰੋਧ ਸਿੰਘਾਸਣ ਤੇ ਆਣ ਬਿਰਾਜਦਾ ਹੈ ਤਾਂ ਮਤ ਦਰਵਾਜੇ ਥੀ ਬਾਹਰ ਚਲੀ ਜਾਂਦੀ ਹੈ – ਐਮ ਹੈਨਰੀ

He who can suppress a moments anger may prevent a day of sorrow - Tryon Edwards

ਆਦਮੀ ਜਿਹੜਾ ਪਲ ਕੁ ਭਰ ਦਾ ਗੁੱਸਾ ਦਬਾ ਸਕਦਾ ਹੈ

ਉਹ ਦੁਖ ਦੇ ਦਿਨ ਨੂੰ ਰੋਕ ਸਕਦਾ ਹੈ – ਟਰਾਓਨ ਐਡਵਰਡਜ

ਕ੍ਰੋਧ ਜਾਂ ਗੁੱਸਾ ਕਿਉਂ ਪੈਦਾ ਹੁੰਦਾ ਹੈ। ਕਿਸ ਕਰਕੇ ਇਹ ਜਨਮ ਲੈਂਦਾ ਹੈ। ਇਸ ਬਾਰੇ ਕੁਝ ਵਿਚਾਰ ਇੰਜ ਹਨ –

Anger begins in folly and ends in repentance - Pythagoras

ਕ੍ਰੋਧ ਮੂਰਖਤਾ ਵਿਚ ਸ਼ੁਰੂ ਹੁੰਦਾ ਹੈ ਤੇ ਪਛਤਾਵੇ ਵਿਚ ਇਸਦਾ ਅੰਤ ਹੁੰਦਾ ਹੈ – ਪੈਥਾਗੋਰਸ

When a man is wrong and wont admit it, he always feels angry - Hali Burton

ਜਦੋਂ ਅਦਮੀ ਗਲਤੀ ਕਰਦਾ ਹੈ ਪਰ ਮੰਨਦਾ ਨਹੀਂ ਉਸਨੂੰ ਹਮੇਸ਼ਾ ਗੁੱਸਾ ਚੜ੍ਹਦਾ ਹੈ – ਹੈਲੀਬਰਟਨ

Men often make up in wrath what thy want in reason - Alger

ਆਦਮੀ ਅਕਸਰ ਉਸਦੀ ਪੂਰਤੀ ਕ੍ਰੋਧ ਕਰਕੇ ਕਰਦੇ ਹਨ ਜੋ ਉਨ੍ਹਾਂ ਵਿਚ ਅਕਲ ਰੂਪ ਵਿਚ ਨਹੀਂ ਹੁੰਦਾ ਭਾਵ ਅਕਲ ਜਾਂ ਸਿਆਣਪ ਦੀ ਅਣਹੋਂਦ ਗੁੱਸਾ ਕਰਕੇ ਪੂਰੀ ਕੀਤੀ ਜਾਂਦੀ ਹੈ – ਐਲਜਰ

Grief and disappointmant give rise to anger, anger to envy, envy to malice, and malice to grief again, until the whole circle be completed - Hume

ਗਮ ਤੇ ਨਿਰਾਸ਼ਾ ਕ੍ਰੋਧ ਨੂੰ ਜਨਮ ਦਿੰਦੇ ਹਨ, ਕ੍ਰੋਧ ਈਰਖਾ ਨੂੰ, ਈਰਖਾ ਖੁਣਸ ਨੂੰ, ਖੁਣਸ ਫੇਰ ਗਮ ਨੂੰ ਜਦੋਂ ਤਕ ਫੇਰ ਇਹ ਚੱਕਰ ਪੂਰਾ ਨਹੀਂ ਹੁੰਦਾ – ਹਿਊਮ

ਕ੍ਰੋਧ ਦਾ ਸਭ ਤੋਂ ਵਧੀਆ ਤੇ ਧਾਰਮਿਕ ਇਲਾਜ ਪਲੈਟੋ ਜਿਸ ਨੂੰ ਅਫਲਾਤੂਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਨੇ ਦੱਸਿਆ ਹੈ –

He best keeps from anger who remembers that God is always looking upon him - Plato.

ਉਸ ਵਿਅਕਤੀ ਦੀ ਕ੍ਰੋਧ ਤੋਂ ਸਭ ਤੋਂ ਵੱਧ ਰੱਖਿਆ ਹੁੰਦੀ ਹੈ ਜੋ ਇਹ ਯਾਦ ਰੱਖਦਾ ਹੈ ਕਿ ਰੱਬ ਉਸ ਨੂੰ ਵੇਖ ਰਿਹਾ ਹੈ – ਪਲੈਟੋ

Consider, when you are enraged at anyone what you would probably think if he should die during the dispute - Shenstone

ਜਦੋਂ ਤੁਸੀਂ ਕਿਸੇ ਤੇ ਕ੍ਰੋਧਿਤ ਹੁੰਦੇ ਹੋ ਤਾਂ ਸੋਚੋ ਕਿ ਤੁਹਾਡੇ ਕੀ ਵਿਚਾਰ ਹੋਣਗੇ ਜੇਕਰ ਝਗੜੇ ਦੇ ਦੌਰਾਨ ਹੀ ਉਸਦੀ ਮੌਤ ਹੋ ਜਾਵੇ – ਸ਼ੈਨਸਟੋਨ

When thou art above measure angry, bethink thee how momentary is man's life - Marcus Aurelius

ਜਦੋਂ ਤੁਸੀਂ ਲੋੜ ਤੋਂ ਵੱਧ ਗੁੱਸੇ ਹੋਵੋ ਤਾਂ ਵਿਚਾਰ ਕਰੋ ਕਿ ਆਦਮੀ ਦਾ ਜੀਵਨ ਕਿਨਾਂ ਥੋੜ ਚਿਰਾ ਹੁੰਦਾ ਹੈ – ਮਾਰਕਸ ਓਰੀਲੀਅਸ

The greatest remedy for anger is delay - Seneca

ਕ੍ਰੋਧ ਦਾ ਸਭ ਤੋਂ ਵੱਡਾ ਇਲਾਜ ਐਸਾ ਕਰਨ ਵਿਚ ਦੇਰੀ ਕਰਨਾ ਹੁੰਦਾ ਹੈ – ਸੈਨੇਕਾ

When angry count ten before you speak, very angry count 100 - Jefferson

ਜਦੋਂ ਕਦੇ ਗੁੱਸਾ ਚੜ੍ਹੇ ਤਾਂ ਬੋਲਣ ਤੋਂ ਪਹਿਲਾਂ ਦਸ ਤੱਕ ਗਿਣਤੀ ਕਰੋ ਜੇਕਰ ਬਹੁਤ ਹੀ ਗੁੱਸਾ ਚੜ੍ਹੇ ਤਾਂ ਪਹਿਲਾਂ ਸੌ ਤੱਕ ਗਿਣੋ – ਜੈਫਰਸਨ

ਵਿਲੀਅਮ ਬਲੇਕ ਇਕ ਕਾਵਿਕ ਟੋਟੇ ਵਿਚ ਗੁੱਸੇ ਬਾਰੇ ਆਪਣਾ ਤਜਰਬਾ ਇੰਜ ਦੱਸਦਾ ਹੈ –

I was angry with my friend.

I told my wrath my wrath did end

I was angry with my foe

I told it not, my wrath did grow.

ਨਾਲ ਦੋਸਤ ਦੇ ਮੈਂ ਸੀ ਗੁੱਸੇ

ਮੈਂ ਆਪਣੇ ਗੁੱਸੇ ਨੂੰ ਦੱਸਿਆ ਤੇ ਗੁੱਸੇ ਦਾ ਅੰਤ ਹੋ ਗਿਆ।

ਨਾਲ ਦੁਸ਼ਮਣ ਦੇ ਮੈਂ ਸੀ ਗੁੱਸੇ

ਮੈਂ ਨਾ ਕੁਝ ਗੁੱਸੇ ਨੂੰ ਦਸਿਆ

ਤੇ ਗੁੱਸਾ ਮੇਰਾ ਹੋਰ ਵੀ ਵਧਿਆ

ਇਸਦਾ ਭਾਵ ਇਹ ਹੈ ਕਿ ਜੇਕਰ ਗੁੱਸੇ ਦਾ ਅਨੁਭਵ ਹੋ ਜਾਵੇ ਤਾਂ ਅਕਲ ਕਾਇਮ ਰਹਿੰਦੀ ਹੈ ਅਤੇ ਇਸ ਦਾ ਮਾਰੂ ਅਸਰ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ ਪਰ ਜੇਕਰ ਇਸਨੂੰ ਮਨ ਅੰਦਰ ਹੀ ਰਖਿਆ ਜਾਵੇ ਤਾਂ ਇਹ ਵਧਦਾ ਰਹਿੰਦਾ ਹੈ ਤੇ ਘਾਤਕ ਸਿੱਧ ਹੋ ਸਕਦਾ ਹੈ।

ਇਸਾਈਅਤ ਵਿਚ ਸਤ ਘੋਰ ਪਾਪਾਂ ਦੀ ਗੱਲ ਆਉਂਦੀ ਹੈ। ਇਨ੍ਹਾਂ ਨਾਂ ਹਨ ਹੰਕਾਰ, ਲੋਭ, ਕਾਮ, ਕ੍ਰੋਧ, ਭੁੱਖ, ਈਰਖਾ ਤੇ ਆਲਸ। ਅਕਸਰ ਇਹ ਸਾਰੇ ਹੀ ਲੇਖਕਾਂ ਤੇ ਕਲਾਕਾਰਾਂ ਦੀਆਂ ਰਚਨਾਵਾਂ ਦਾ ਕਿਸੇ ਨਾ ਕਿਸੇ ਤਰ੍ਹਾਂ ਵਿਸ਼ਾ ਬਣੇ ਹਨ ਕਿਉਂਕਿ ਜਿਵੇਂ ਉੱਪਰ ਗੁਰਮਤਿ ਵਿਚ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਇਹ ਦੁਸ਼ਮਣ ਵਿਖਾਈ ਨਹੀਂ ਦਿੰਦੇ। ਸ਼ਾਇਦ ਇਸੇ ਕਰਕੇ ਇਨ੍ਹਾਂ ਕਲਾਕਾਰਾਂ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਇਨ੍ਹਾਂ ਨੂੰ ਬਣਾਇਆ। ਇਸ ਤਰ੍ਹਾਂ ਕ੍ਰੋਧ ਇਕ ਪੇਂਟਿੰਗ ਦੇ ਰੂਪ ਵਿਚ ਜਦੋਂ ਇਕ ਕੈਨਵਸ ਤੇ ਅੱਖਾਂ ਅੱਗੇ ਆਇਆ ਤਾਂ ਉਹ ਅਦਿੱਖ ਤੋਂ ਦਿਖਾਈ ਦੇਣ ਵਾਲਾ ਬਣ ਗਿਆ। ਇੰਜ ਦਿਖਾਈ ਦੇਣ ਵਾਲੇ ਦੁਸ਼ਮਨ ਨਾਲ ਲੜਾਈ ਕਰਨੀ ਆਸਾਨ ਹੁੰਦੀ ਹੈ ਇਸੇ ਤਰ੍ਹਾਂ ਹੀ ਇਹ ਕਈ ਪੁਰਾਣੇ ਡਰਾਮਿਆਂ ਵਿਚ ਪਾਤਰ ਦੇ ਰੂਪ ਵਿਚ ਵੀ ਆਇਆ ਹੈ।

ਉਪਰੋਕਤ ਸਤ ਤੇ ਸਤ ਘੋਰ ਪਾਪਾਂ ਦੀ ਸੂਚੀ (ਮਾੜੀ ਮੋਟੀ ਤਬਦੀਲੀ ਸਹਿਤ) ਅਜਿਹੇ ਭਿਖਸ਼ੂਆਂ ਨੇ ਦਿਤੀ ਹੈ ਜਿਨ੍ਹਾਂ ਵਿਚ ਜੌਨ ਕੈਸੀਅਨ, ਸੰਤ ਗਰੈਗਰੀ ਮਹਾਨ ਤੇ ਸੰਤ ਟੋਮਸ ਐਕਵੀਨਸ ਆਉਂਦੇ ਹਨ।

ਖੁਦ ਅੰਜੀਲ ਵਿਚ ਕ੍ਰੋਧ ਦਾ ਖੰਡਨ ਕੀਤਾ ਗਿਆ ਹੈ।

When you are angry, commit no sin; do not remain angry until sundown - Ephesians 4: 26

ਗੁੱਸੇ ਵਿਚ ਕੋਈ ਪਾਪ ਨਾ ਕਰੋ; ਸੂਰਜ ਦੇ ਛੁਪਣ ਤੋਂ ਪਹਿਲਾਂ ਹੀ ਗੁੱਸਾ ਤਿਆਗ ਦੇਵੋ।

Envy and anger shorten life - Bible Ecclesiasticus 30: 24 ਈਰਖਾ ਅਤੇ ਕ੍ਰੋਧ ਉਮਰ ਘਟਾਉਂਦੇ ਹਨ।

Whosoever shall say, Thou fool, shall be in danger of hell fire - Bible Matthew 5:22

ਜੇ ਕੋਈ ਵੀ ਕਹੇਗਾ 'ਓਏ ਮੂਰਖ' ਉਹ ਨਰਕ ਦੀ ਅਗਨ ਵਿਚ ਜਲਣ ਦਾ ਖਤਰਾ ਉਠਾਏਗਾ। ਇਸਦਾ ਭਾਵ ਹੈ ਕਿ ਜੇਕਰ ਕੋਈ ਕਿਸੇ ਦੂਸਰੇ ਨੂੰ ਕੁਬੋਲ ਬੋਲੇਗਾ ਉਹ ਗੁੱਸੇ ਵਿਚ ਹੀ ਕੁਬੋਲ ਬੋਲ ਸਕਦਾ ਹੈ ਤੇ ਇੰਜ ਉਹ ਨਰਕ ਵਿਚ ਸੁੱਟੇ ਜਾਣਗੇ। ਇੱਥੇ ਗੁਰਬਾਣੀ ਦੀਆਂ ਉਹ ਲਾਇਨਾਂ ਦੇਣੀਆਂ ਕੁਥਾਂ ਨਹੀਂ ਹੋਣਗੀਆਂ ਜਿਨ੍ਹਾਂ ਵਿਚ ਗੁਰਮਤ ਦਾ ਗੁੱਸੇ ਆਦਿ ਵਿਚ ਬੋਲੇ ਬੋਲਾਂ ਬਾਰੇ ਨਜ਼ਰੀਆ ਦਿਤਾ ਹੈ –

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥***

***ਪੰਨਾ – 473***

He that is slow to anger, is better than the mighty - Proverbs O.T.)

ਜਿਸਨੂੰ ਗੁੱਸਾ ਨਹੀਂ ਚੜ੍ਹਦਾ ਉਹ ਬਲਵਾਨ ਵਿਅਕਤੀਆਂ ਨਾਲੋਂ ਵਧੀਆ ਹੁੰਦਾ ਹੈ – ਪਰੋਵਰਬਜ਼

A soft answer turneth away wrath - Proverbs O.T

ਮਿੱਠਾ ਬੋਲ ਗੁੱਸੇ ਦਾ ਮੂੰਹ ਮੋੜ ਦਿੰਦਾ ਹੈ – ਪਰੋਵਰਬਜ਼

ਇਸਾਈਆਂ ਦਾ ਮਾਫ ਕਰਨ ਵਾਲਾ ਸੁਭਾਅ ਕ੍ਰੋਧ ਨੂੰ ਜਿੱਤਣ ਲਈ ਬਹੁਤ ਹੀ ਕਾਰਗਰ ਹੈ। ਕਿੰਨਾਂ ਵੱਡਾ ਦਿਲ ਉਸ ਈਸਾ ਮਸੀਹ ਦਾ ਹੋਵੇਗਾ ਜੋ ਕਹਿੰਦਾ ਹੈ ਕਿ ਜੇਕਰ ਤੁਹਾਡੀ ਖੱਬੀ ਗੱਲ ਤੇ ਕੋਈ ਚੰਡ ਮਾਰਦਾ ਹੈ ਤਾਂ ਸੱਜੀ ਵੀ ਉਸ ਵੱਲ ਕਰ ਦੇਵੋ ਪਰ ਗੁੱਸਾ ਨ ਕਰੋ। ਇਸਾਈਅਤ ਦੀ ਅਜਿਹੀ ਫਲਾਸਫੀ ਨੇ ਹੀ ਦੁਨੀਆਂ ਨੂੰ ਇਸਾਈਅਤ ਵੱਲ ਖਿੱਚ ਲਿਆ ਹੈ। ਦੁਨੀਆਂ ਵਿਚ ਇਸਾਈਆਂ ਦੀ ਗਿਣਤੀ ਸਭ ਤੋਂ ਵਧ ਹੈ। ਐਸੇ ਬਚਨ ਗੁਰਬਾਣੀ ਵਿਚ ਪ੍ਰਗਟ ਹਨ –

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥***
***ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥***

***ਪੰਨਾ – 1378***

ਕਦੇ ਕਦੇ ਕ੍ਰੋਧ ਕਾ ਸਾਹਮਣਾ ਮਖੌਲ ਨਾਲ ਵੀ ਕੀਤਾ ਜਾ ਸਕਦਾ ਹੈ। ਅਜਿਹੀ ਇਕ ਕਹਾਣੀ ਸੁਕਰਾਤ ਨਾਲ ਸਬੰਧ ਰੱਖਦੀ ਹੈ। ਕਹਿੰਦੇ ਹਨ ਕਿ ਪ੍ਰਸਿੱਧ ਯੂਨਾਨੀ ਫਲਾਸਫਰ ਨੂੰ ਕਦੇ ਗੁੱਸਾ ਨਹੀਂ ਆਉਂਦਾ ਸੀ। ਉਸਦਾ ਵਿਚਾਰ ਸੀ ਕਿ ਕ੍ਰੋਧੀ ਪੁਰਖ ਇਕ ਜੰਗਲੀ ਜਾਨਵਰ ਵਾਂਗ ਹੈ। ਉਸਦੀ ਪਤਨੀ ਬਹੁਤ ਚਿੜਚਿੜੀ ਸੀ। ਇਕ ਦਿਨ ਬੜੇ ਗੁੱਸੇ ਵਿਚ ਆ ਗਈ। ਉਸਨੇ ਆਪਣੇ ਪਤੀ ਦਾ ਅਪਮਾਨ ਕਰਨਾ ਸ਼ੁਰੂ ਕਰ ਦਿਤਾ। ਸੁਕਰਾਤ ਨੇ ਪੱਕਾ ਇਰਾਦਾ ਕਰ ਲਿਆ ਕਿ ਉਹ ਸ਼ਾਂਤ ਰਹੇਗਾ। ਉਹ ਗਿਆ ਅਤੇ ਦਹਿਲੀਜ ਤੇ ਬਹਿ ਗਿਆ। ਉਸਨੇ ਆਪਣੀ ਪਤਨੀ ਦੇ ਸ਼ਬਦਾਂ ਵਲ ਕੋਈ ਧਿਆਨ ਨਾ ਦਿਤਾ। ਉਸਦੀ ਪਤਨੀ ਉਸ ਕੋਲ ਗਈ ਅਤੇ ਉਸਨੇ ਇਕ ਭਰਿਆ ਹੋਇਆ ਪਾਣੀ ਦਾ ਭਾਂਡਾ ਉਸਤੇ ਡੋਹਲ ਕੇ ਖਾਲੀ ਕਰ ਦਿਤਾ। ਇਹ ਵੇਖ ਕੋ ਕੋਲੋਂ ਲੰਘਣ ਵਾਲੇ ਹੱਸ ਪਏ। ਸੁਕਰਾਤ ਵੀ ਹੱਸਿਆ ਤੇ ਕਹਿਣ ਲੱਗਾ, "ਮੈਂ ਇਹ ਆਸ ਕਰ ਹੀ ਰਿਹਾ ਸੀ, ਬੱਦਲ ਦੇ ਗਰਜਣ ਪਿਛੋਂ ਵਰਖਾ ਹੋਇਆ ਕਰਦੀ ਹੈ।"

ਈਸਾ ਮਸੀਹ ਨੇ ਗੁੱਸੇ ਨਾਲ ਭਰੇ ਲੋਕਾਂ ਨੂੰ ਆਪਣੇ ਗਿਆਨ ਨਾਲ ਠੰਢਾ ਕਰ ਦਿਤਾ ਜਦੋਂ ਉਹ ਇਕ ਵੇਸਵਾ ਨੂੰ ਸੰਗਸਾਰ ਕਰਨ ਭਾਵ ਪੱਥਰਾਂ ਨਾਲ ਮਾਰ ਮੁਕਾਉਣ ਲਗੇ ਸਨ। ਉਨ੍ਹਾਂ ਨੇ ਲੋਕਾਂ ਨੂੰ ਰੋਕ ਕੇ ਕਿਹਾ ਕਿ ਪਹਿਲਾਂ ਪੱਥਰ ਉਹ ਮਾਰੇ ਜਿਸ ਨੇ ਕਦੇ ਕੋਈ ਪਾਪ ਨ ਕੀਤਾ ਹੋਵੇ ਕਿਉਂਕਿ ਦੁਨੀਆਂ ਵਿਚ ਕੋਈ ਵੀ ਬੰਦਾ ਨਹੀਂ ਹੈ ਜਿਸ ਨੇ ਪਾਪ ਨਾ ਕੀਤਾ ਹੋਵੇ। ਇਸ ਕਰਕੇ ਉਨ੍ਹਾਂ ਸਾਰਿਆਂ ਨੇ ਆਪਣੇ ਹੱਥਾਂ ਵਿਚੋਂ ਪੱਥਰ ਸੁੱਟ ਦਿਤੇ।

ਮਹਾਤਮਾ ਬੁੱਧ ਨੂੰ ਇਕ ਵਾਰੀ ਕਿਸੇ ਨੇ ਬਹੁਤ ਬੁਰਾ ਭਲਾ ਕਿਹਾ। ਉਹ ਚੁਪ ਚਪੀਤੇ ਸੁਣਦੇ ਰਹੇ। ਜਦੋਂ ਉਹ ਬੰਦਾ ਬਹੁਤ ਬੁਰਾ ਭਲਾ ਕਹਿ ਹਟਿਆ ਤਾਂ ਬੁੱਧ ਬੋਲੇ ਕਿ ਜੇਕਰ ਉਹ ਆਦਮੀ ਜਿਸ ਨੂੰ ਤੁਸੀਂ ਕੋਈ ਤੋਹਫਾ ਦਿੰਦੇ ਹੋ, ਤੋਹਫਾ ਨਾ ਲਵੇ ਤਾਂ ਕੀ ਹੁੰਦਾ ਹੈ? ਉਸਨੇ ਉੱਤਰ ਦਿਤਾ ਕਿ ਹੋਣਾ ਕੀ ਹੈ ਬਸ ਇਹ ਦੇਣ ਵਾਲੇ ਕੋਲ ਹੀ ਰਹਿੰਦਾ ਹੈ। ਝਟ ਹੀ ਬੁੱਧ ਬੋਲ ਪਏ, ਫੇਰ ਮੈਂ ਗਾਲਾਂ ਵਾਲਾ ਤੁਹਾਡਾ ਤੋਹਫਾ ਜੋ ਤੁਸੀਂ ਮੈਨੂੰ ਅੱਜ ਦਿਤਾ ਹੈ ਨਹੀਂ ਮਨਜੂਰ ਕਰਦਾ। ਉਹ ਬੰਦਾ ਆਪਣਾ ਜਿਹਾ ਮੂੰਹ ਲੈ ਕੇ ਰਹਿ ਗਿਆ।

ਹਸਦੇ ਰਹਿ ਕੇ ਯੁਧਿਸ਼ਟਰ ਨੇ ਗੱਲ੍ਹ ਤੇ ਥੱਪੜ ਖਾ ਕੇ ਹੀ ਇਹ ਕਿਹਾ, ਹੁਣ ਅੱਗੇ ਚਲੋ ਕਿਉਂਕਿ ਹੁਣ ਮੈਂ ਪ੍ਰੀਖਿਆ ਦੇ ਦਿਤੀ ਹੈ ਤੇ 'ਕ੍ਰੋਧ ਨਾ ਕਰੋ' ਦਾ ਪਾਠ ਵਿਵਹਾਰਿਕ ਰੂਪ ਵਿਚ ਸਿੱਖ ਲਿਆ ਹੈ।

ਕ੍ਰੋਧ ਬਾਰੇ ਉਪਰੋਕਤ ਦਿਤੇ ਵਿਚਾਰ ਨਿਸ਼ਚੇ ਹੀ ਬਹੁਮੁੱਲੇ ਹਨ ਤੇ ਬਹੁਤ ਹੀ ਲੋਕਾਂ ਤੇ ਧਰਮਾਂ ਦੇ ਜੀਵਨ ਦਾ ਨਿਚੋੜ ਹਨ। ਇਸ ਤੋਂ ਅੱਗੇ ਅਸੀ ਗੁਰਬਾਣੀ ਤੋਂ 'ਕ੍ਰੋਧ' ਬਾਰੇ ਸੇਧ ਲੈਂਦੇ ਹਾਂ। ਗੁਰਬਾਣੀ ਵਿਚ ਕ੍ਰੋਧ ਨੂੰ ਕੇਵਲ ਸਮਾਜਿਕ ਜਾਂ ਮਾਨਸਿਕ ਪੱਧਰ ਤੱਕ ਹੀ ਨਹੀਂ ਬਲਕਿ ਅਧਿਆਤਮਿਕ ਰਸਤੇ ਵਿਚ ਇਕ ਰੁਕਾਵਟ ਦੇ ਰੂਪ ਵਿਚ ਵੀ ਵੇਖਿਆ ਗਿਆ ਹੈ ਜੋ ਕਿ ਇਕ ਗਹਿਰਾ ਵਿਸ਼ਲੇਸ਼ਣ ਹੈ। ਸਿੱਖ ਲਈ ਕ੍ਰੋਧ ਵਿਵਰਜਿਤ ਹੈ ਇਕ ਰਹਿਤਨਾਮੇ ਵਿਚ ਆਉਂਦਾ ਹੈ ਕਿ–

***ਸਿਖ ਹੋਯ ਜੇ ਕਰੇ ਕਰੋਧ ਕੰਨਯਾ ਮੂਲ ਨ ਦੇਵੈ ਸੋਧ।***

ਭਾਵ ਕ੍ਰੋਧੀ ਪੁਰਖ ਨਾਲ ਕੋਈ ਸਮਾਜਿਕ ਰਿਸ਼ਤਾ ਨਹੀਂ ਕਾਇਮ ਕੀਤਾ ਜਾਣਾ ਚਾਹੀਦਾ। ਉਸਦੇ ਘਰ ਆਪਣੀ ਬੇਟੀ ਦੀ ਸ਼ਾਦੀ ਨਹੀਂ ਕਰਨੀ ਚਾਹੀਦੀ ਜੋ ਕ੍ਰੋਧੀ ਹੋਵੇ –

***ਓਨਾ ਪਾਸਿ ਦੁਆਸਿ ਨ ਭਿਟੀਐ***
***ਜਿਨ ਅੰਤਰਿ ਕ੍ਰੋਧੁ ਚੰਡਾਲ॥*** ***ਪੰਨਾ – 40***

ਇਸ ਗੁਰਵਾਕ ਅਨੁਸਾਰ ਸਾਨੂੰ ਜਿਨ੍ਹਾਂ ਅੰਦਰ 'ਕ੍ਰੋਧ ਚੰਡਾਲ' ਹੋਵੇ ਉਨ੍ਹਾਂ ਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ ਕਿਉਂਕਿ ਕ੍ਰੋਧੀ ਪੁਰਸ਼ ਦੇ ਨੇੜੇ ਜਾਣ ਨਾਲ ਨੁਕਸਾਨ ਹੋਣ ਦਾ ਡਰ ਹੁੰਦਾ ਹੈ। ਕ੍ਰੋਧ ਬਹੁਤ ਬਲਵਾਨ ਹੈ ਜਿਵੇਂ ਉੱਪਰ ਇਕ ਵਾਕ ਵਿਚ ਆਇਆ ਹੈ ਕਿ ਇਸ ਨਾਲ ਸਰੀਰ ਭਰਿਆ ਹੋਇਆ ਹੈ। ਮਨੁੱਖ ਨੂੰ ਇਸ ਨਾਲ ਨਿੱਤ ਜੂਝਣਾ ਪੈਂਦਾ ਹੈ। ਇੱਕ ਲੰਮਾ ਤੇ ਗਹਿਰਾ ਸੰਘਰਸ਼ ਕਰਨਾ ਪੈਂਦਾ ਹੈ – ਤਦ ਹੀ ਇਸ ਵੈਰੀ ਨੰਬਰ ਦੋ ਦਾ ਅੰਤ ਹੋ ਸਕਦਾ ਹੈ –

*ਕਾਮ ਕਰੋਧੁ ਨਗਰ ਮਹਿ ਸਬਲਾ*
*ਨਿਤ ਉਠਿ ਉਠਿ ਜੂਝੁ ਕਰੀਜੈ।। ਪੰਨਾ - 1325-26*

ਹੋ ਸਕਦਾ ਹੈ ਕਿ ਗੁਰੂ ਦਸਮੇਸ਼ ਪਿਤਾ ਨੇ ਬਾਹਰਲੇ ਦੁਸ਼ਮਣਾਂ ਬਾਰੇ ਵੀ ਕਿਹਾ ਹੋਵੇ ਪਰ ਅਸਲ ਵਿਚ ਤਾਂ ਉਨ੍ਹਾਂ ਦਾ ਫੁਰਮਾਨ ਅੰਦਰਲੇ ਸੰਘਰਸ਼ ਨੂੰ ਹੀ ਇਸ ਲਾਇਨ ਵਿਚ ਵਿਦਮਾਨ ਕਰਦਾ ਹੈ - 'ਖਾਲਸਾ ਸੋ ਜੋ ਕਰੈ ਨਿਤ ਜੰਗ' ਅਸਲ ਵਿਚ ਇਹ ਜੰਗ ਅੰਦਰਲਿਆ ਦੁਸ਼ਮਣਾਂ ਨਾਲ ਇਕ ਨਿਰੰਤਰ ਲੜਾਈ ਵਿਚ ਜੂਝਣਾ ਹੈ। ਖਾਲਸੇ ਨੂੰ ਇਸ ਜੰਗ ਵਿਚ ਹਰ ਰੋਜ ਜੂਝਣ ਲਈ ਨਿਰਦੇਸ਼ ਹੈ।

ਕਾਮ ਤੇ ਕ੍ਰੋਧ ਤੋਂ ਕੋਈ ਨਹੀਂ ਬਚ ਸਕਿਆ। ਇਨ੍ਹਾਂ ਦੀ ਗ੍ਰਿਫਤ ਵਿਚ ਸਾਰਾ ਸੰਸਾਰ ਹੈ ਤੇ ਜਲ ਰਿਹਾ ਹੈ -

*ਕਾਮਿ ਕਰੋਧਿ ਜਲੈ ਸਭੁ ਕੋਈ।। ਪੰਨਾ - 1062*

*ਅਨਿਤ ਬਿਉਹਾਰ ਅਚਾਰ ਬਿਧਿ ਹੀਨਤ*
*ਮਮ ਮਦ ਮਾਤ ਕੋਪ ਜਰੀਆ।। ਪੰਨਾ - 1303*

ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਕਰੋਧ ਇਕ ਅਗਨ ਨਦੀ ਹੈ ਜਿਸ ਵਿਚ ਬੰਦਾ ਜਲ ਰਿਹਾ ਹੈ। ਇਸ ਨਾਲ ਤਿੰਨ ਹੋਰ ਅਗਨ ਨਦੀਆਂ ਹਨ, ਉਹ ਇਨ੍ਹਾਂ ਅਗਨ ਨਦੀਆਂ ਵਿਚ ਤੈਰ ਕੇ ਪਾਰ ਨਹੀ ਹੋ ਸਕਦਾ ਕਿਉਂਕਿ ਉਸਨੂੰ ਇਨ੍ਹਾਂ ਵਿਚ ਤੈਰਨ ਦਾ ਵਲ ਨਹੀਂ ਆਉਂਦਾ -

*ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।।*
*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*
*ਪੰਨਾ - 147*

ਕ੍ਰੋਧ ਦੀ ਮੂਰਤ ਦਾ ਗੁਰੂ ਸਾਹਿਬ ਨੇ ਕਿਹਾ ਚਿੱਤਰ ਖਿਚਿਆ ਹੈ -

*ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।।*
*ਬੋਲੈ ਕਉੜਾ ਜਿਹਬਾ ਕੀ ਫੂੜਿ।। ਪੰਨਾ - 394*

ਕ੍ਰੋਧੀ ਦੇ ਮੱਥੇ ਤੇ ਤਿਉੜੀਆਂ ਦ੍ਰਿਸ਼ਟੀ ਵਿਚ ਕਰੂਰਤਾ ਹੁੰਦੀ ਹੈ ਤੇ ਮੂੰਹ ਤੋਂ ਕੌੜੇ ਫਿੱਕੇ ਤੇ ਘਟੀਆ ਬਚਨ ਬੋਲਦਾ ਹੈ। ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ ਕ੍ਰੋਧ ਵਿਚ ਕਿਹੜਾ ਪਾਪ ਹੈ ਜੋ ਆਦਮੀ ਨਹੀਂ ਕਰ ਸਕਦਾ? ਕ੍ਰੋਧ ਦੇ ਆਵੇਸ਼ ਵਿਚ ਮਾਤਾ ਪਿਤਾ ਦੀ ਅਵੱਗਿਆ ਕਰਦਾ ਹੈ ਨਾ ਮਾਰਣਯੋਗ ਨੂੰ ਮਾਰ ਦਿੰਦਾ ਹੈ, ਕਠੋਰ ਬਚਨ ਬੋਲਦਾ ਹੈ ਤੇ ਆਤਮ ਘਾਤ ਤੱਕ ਕਰ ਲੈਂਦਾ ਹੈ-

*ਜਬਿ ਨਰ ਕੋ ਉਰ ਕ੍ਰੋਧ ਉਪਾਇ।*
*ਕੋ ਅਸ ਪਾਪ ਜੁ ਕਰਿ ਨ ਸਕਾਇ ਹੋਵੇ*
*ਮਾਤ ਪਿਤਾ ਗੁਰਦੇਵ ਮਹਾਨੇ।*
*ਕਰਤ ਅਵੱਗਯਾ ਕਛੂ ਨ ਜਾਨੇ।*
*ਜੋ ਹੈ ਅਬਧ ਬਧਹਿ ਤਿਨ ਤਾਈ।*
*ਨਿਸ਼ਠੁਰ ਬਾਕ ਕਹੈ, ਸਮੁਦਾਈ॥ ੩॥*
*ਉਪਜੇ ਕ੍ਰੋਧ ਅਪਰ ਕਯਾ ਕਹਿਨੋ।*
*ਪ੍ਰਾਨ ਬਿਨਾਸਹਿ ਜਾਇ ਨ ਸਹਿਨੋ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਕ੍ਰੋਧ ਬੰਦੇ ਦੇ ਸਰੀਰ ਨੂੰ ਨਾਸ਼ ਕਰ ਦਿੰਦਾ ਹੈ। ਕ੍ਰੋਧ ਨਾਲ ਜੋ ਬੰਦੇ ਨੂੰ ਨੁਕਸਾਨ ਹੁੰਦਾ ਹੈ ਉਹ ਇਸ ਪ੍ਰਕਾਰ ਹੈ, ਸੋਨਾ ਜੋ ਇਕ ਅਜਿਹੀ ਕੀਮਤੀ ਧਾਤ ਹੈ ਜਿਸ ਨਾਲ ਬਹੁਤ ਘਟ ਰਸਾਇਣ ਪਦਾਰਥ ਕਿਰਿਆ ਕਰਦੇ ਹਨ। ਵੱਡੇ ਵੱਡੇ ਤੇਜ਼ਾਬ ਵੀ ਇਸਤੇ ਆਸਾਨੀ ਨਾਲ ਅਸਰ ਨਹੀਂ ਕਰਦੇ ਪਰ ਸੁਹਾਗਾ (Borax) ਸੋਨੇ ਵਰਗੀ ਧਾਤ ਨੂੰ ਵੀ ਗਾਲ ਦਿੰਦਾ ਹੈ। ਇਸੇ ਤਰ੍ਹਾਂ ਕ੍ਰੋਧ ਤੇ ਕਾਮ ਤਾਕਤਵਰ ਤੋਂ ਤਾਕਤਵਰ ਸਰੀਰ ਨੂੰ ਗਾਲ ਦਿੰਦੇ ਹਨ। ਗੁਰਵਾਕ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ*
*ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ - 932*

ਇਸ ਤਰ੍ਹਾਂ ਇਹ ਦੋਵੇਂ ਬਹੁਤ ਸੁਡੌਲ ਸਰੀਰ ਨੂੰ ਵੀ ਘੋਲ ਦਿੰਦੇ ਹਨ। ਮਨਮੁਖ ਨੂੰ ਤਾਂ ਗੁੱਸਾ ਵਿਨਾਸ਼ ਹੀ ਕਰਕੇ ਛੱਡਦਾ ਹੈ -

*ਮਨਮੁਖ ਮੁਹਿ ਮੈਲੈ ਸਬਦਿ ਨ ਜਾਣਨੀ*
*ਕਾਮ ਕਰੋਧਿ ਵਿਨਾਸੁ॥ ਪੰਨਾ - 586*

ਦੇਹੀ ਅੰਦਰ ਗੁਪਤ ਰੂਪ ਵਿਚ ਅੰਮ੍ਰਿਤ ਲੁਕਿਆ ਹੋਇਆ ਹੁੰਦਾ ਹੈ ਅਸਲ ਵਿਚ ਇਹੀ ਅੰਮ੍ਰਿਤ ਹੈ ਜਿਸ ਕਰਕੇ ਆਦਮੀ ਨਿਰੋਗ ਰਹਿੰਦਾ ਹੈ। ਬੀਮਾਰੀਆਂ ਦਾ ਸਾਹਮਣਾ ਕਰਦਾ ਹੈ ਤੇ ਜੀਵਤ ਹੈ। ਗੁਰਮੁਖ ਤੇ ਮਨਮੁਖ ਵਿਚ ਇਕ ਵਡਾ ਫਰਕ ਇਹ ਹੈ ਕਿ ਗੁਰਮੁਖ ਨਾਮ ਜਪ ਕੇ ਉਸ ਅੰਮ੍ਰਿਤ ਨੂੰ ਵਧਾ ਲੈਂਦਾ ਹੈ ਤੇ ਮਨਮੁਖ ਆਪਣੀ ਮਨਮੁਖਤਾ ਕਰਕੇ ਉਸ ਨੂੰ ਘਟਾ ਲੈਂਦਾ ਹੈ। ਇਸ ਅੰਮ੍ਰਿਤ ਨੂੰ ਖਤਮ ਕਰਨ ਵਾਲੇ, ਅੰਮ੍ਰਿਤ ਲੁਟੇਰੇ, ਗੁਰੂ ਸਾਹਿਬ ਨੇ ਕ੍ਰੋਧ ਤੇ ਕਾਮ ਨੂੰ ਕਿਹਾ ਹੈ। ਦੁਨੀਆਂ ਵਿਚ ਹੋਰ ਕੋਈ ਵੀ ਉਦਾਹਰਣ ਇਸ ਕਿਸਮ ਦੀ ਨਹੀਂ ਮਿਲਦੀ ਜਿੱਥੇ ਕ੍ਰੋਧ ਨੂੰ ਕਿਸੇ ਨੇ ਅੰਮ੍ਰਿਤ ਦੇ ਲੁਟੇਰੇ ਦੇ ਰੂਪ ਵੇਖਿਆ ਹੋਵੇ-

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥ ਪੰਨਾ - 600*

ਮਨੁੱਖੀ ਸਰੀਰ ਵਿਚ ਅੰਮ੍ਰਿਤ ਦਾ ਖਤਮ ਹੋ ਜਾਣਾ ਇਕ ਕਿਸਮ ਦੀ AIDS ਵਰਗੀ ਸਥਿਤੀ ਪੈਦਾ ਕਰਦਾ ਹੈ ਜਿਸ ਨਾਲ ਬੰਦੇ ਦੀ ਜਲਦੀ ਹੀ ਮੌਤ ਹੋ ਜਾਂਦੀ ਹੈ। ਜਿਥੇ ਸਰੀਰ ਵਿਚ ਰੋਗ ਦਾ ਕਾਰਣ ਰਸ ਕਸ ਚੱਖਣੇ ਤੇ ਰੱਬ ਨੂੰ ਭੁਲਣਾ ਦਸਿਆ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ।।*
*ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256*

ਉਥੇ ਰੋਗ ਦਾ ਕਾਰਨ ਗੁਰੂ ਸਾਹਿਬਾਨ ਨੇ ਗੁੱਸਾ ਜਾਂ ਕ੍ਰੋਧ ਵੀ ਦਸਿਆ ਹੈ। ਬਹੁਤ ਬੀਮਾਰੀਆਂ ਬਲੱਡ ਪਰੈਸ਼ਰ ਕਾਰਨ ਹੁੰਦੀਆਂ ਹਨ ਬਲੱਡ ਪਰੈਸ਼ਰ ਗੁੱਸੇ ਕਾਰਨ ਪੈਦਾ ਹੁੰਦਾ ਹੈ। ਬਲੱਡ ਪਰੈਸ਼ਰ ਵਾਲੇ ਮਰੀਜ਼ ਨੂੰ ਡਾਕਟਰ ਅਕਸਰ ਸ਼ਾਂਤ ਹੋਣ ਲਈ ਕਹਿੰਦੇ ਹਨ। ਇਸੇ ਕਰਕੇ ਬਾਬਾ ਫਰੀਦ ਜੀ ਕਹਿੰਦੇ ਹਨ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।*
*ਪੰਨਾ - 1381*

ਬਲੱਡ ਪਰੈਸ਼ਰ ਨਾਲ ਅਨੇਕਾਂ ਬੀਮਾਰੀਆਂ ਜੋੜੀਆਂ ਜਾਂਦੀਆਂ ਹਨ ਖਾਸ ਕਰਕੇ ਦਿਲ ਦੀਆਂ ਬੀਮਾਰੀਆਂ, ਸ਼ੂਗਰ ਤੇ ਦਿਮਾਗ ਵਿਚ ਨਾਲੀ ਦਾ ਫਟਣਾ, ਦਿਲ ਦਾ ਆਕਾਰ ਵਧ ਜਾਣਾ, ਗੁਰਦੇ ਦਾ ਖਤਮ ਹੋਣਾ। ਇਥੋਂ ਤੱਕ ਕਿ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋਣੀ। ਮਿਹਦੇ ਦੀਆਂ ਬੀਮਾਰੀਆਂ ਜਿਵੇਂ ਕਿ ਅਲਸਰ (ਫੋੜੇ) ਇਹ ਵੀ ਗੁਸੇ ਕਾਰਨ ਪੈਦਾ ਹੁੰਦੇ ਹਨ।

ਗੁਰਮਤ ਕ੍ਰੋਧ ਦੀ ਜੜ ਤੱਕ ਜਾਂਦੀ ਹੈ ਤੇ ਇਹ ਵਿਸ਼ਲੇਸ਼ਣ ਕਰਦੀ ਹੈ ਕਿ ਕ੍ਰੋਧ ਕਿਉਂ ਪੈਦਾ ਹੁੰਦਾ ਹੈ। ਇਹ ਕ੍ਰੋਧ ਵਧਦਾ ਕਿਉਂ ਹੈ। ਫੇਰ ਇਸਦਾ ਇਲਾਜ ਵੀ ਦੱਸਿਆ ਹੈ। ਝੂਠ ਬੋਲਣ ਨਾਲ ਕ੍ਰੋਧ ਵਧਦਾ ਹੈ। ਇਹ ਸੰਸਾਰੀਆਂ ਵਿਚ ਬਹੁਤ ਜਿਆਦਾ ਹੈ ਕਿਉਂਕਿ ਉਹ ਝੂਠ ਬੋਲਦੇ ਹਨ। ਕਲਜੁਗ ਵਿਚ ਤਾਂ ਸਾਰੇ ਦਾ ਸਾਰਾ ਝੂਠ ਦਾ ਪਸਾਰਾ ਹੈ। ਕਲਜੁਗ ਵਿਚ ਸਚ ਖੰਭ ਲਾ ਕੇ ਉਡ ਗਿਆ ਹੈ ਇਸੇ ਕਰਕੇ ਕਲਜੁਗੀ ਜੀਵ ਕ੍ਰੋਧੀ ਹਨ -

*ਸੈਸਾਰੀ ਆਪਿ ਖੁਆਇਅਨੁ*
*ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥*
*ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥*
*ਪੰਨਾ – 145*

ਪਰ ਇਸਤੋਂ ਸੰਸਾਰੀ ਹੀ ਪ੍ਰਭਾਵਿਤ ਨਹੀਂ ਬਲਕਿ ਉਦਾਸੀ ਆਦਿ ਵੀ ਇਸ ਦੀ ਗ੍ਰਿਫਤ ਵਿਚ ਹਨ। ਉਦਾਸੀ ਕਰਨ ਵਿਚ ਭਾਵ ਵਿਰਕਤ ਰਹਿਣ ਵਿਚ ਵੀ ਕ੍ਰੋਧ ਵਧਦਾ ਹੈ ਜੋ ਕਿ ਕਈ ਵਾਰੀ ਸ਼ਰਾਪ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ –

*ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥ ਪੰਨਾ – 1019*

ਤਪੀਆਂ ਵਿਚ, ਉਦਾਸੀਆਂ ਵਿਚ ਕ੍ਰੋਧ ਦਾ ਅੰਸ਼ ਜਿਆਦਾ ਹੁੰਦਾ ਹੈ। ਦੁਰਬਾਸ਼ਾ ਵਰਗੇ ਤਪੀਆਂ ਦਾ ਕ੍ਰੋਧ ਹਰ ਇਕ ਨੂੰ ਗਿਆਤ ਹੈ। ਉਨ੍ਹਾਂ ਨੇ ਖੁਸ਼ ਹੋ ਕੇ ਕਿਸੇ ਨੂੰ ਵਰ ਤਾਂ ਘੱਟ ਹੀ ਦਿਤਾ ਹੈ ਬਲਕਿ ਕ੍ਰੋਧ ਵਿਚ ਆ ਕੇ ਕ੍ਰਿਸ਼ਨ ਦੀ ਕੁਲ (ਯਾਦਵਾਂ) ਨੂੰ ਖਤਮ ਹੋਣ ਦਾ ਸਰਾਪ ਦਿਤਾ –

*ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥*
*ਪੰਨਾ – 693*

ਹੁਣ ਕਰੋਧ ਤੋਂ ਬਚਿਆ ਕਿਵੇਂ ਜਾਵੇ? ਕੀ ਕੋਈ ਇਹੋ ਜਿਹੀ ਚੀਜ਼ ਹੈ ਜਿਸ ਨਾਲ ਕ੍ਰੋਧ ਤੋਂ ਨਵਿਰਤੀ ਹੋ ਸਕੇ? ਗੁਰਮਤ ਇਸ ਬਾਰੇ ਕੀ ਕਹਿੰਦੀ ਹੈ। ਗੁਰੂ ਨਾਲ ਮਿਲਕੇ ਖਿਮਾ ਗ੍ਰਹਿਣ ਕਰਨ ਨਾਲ ਇਸ ਤੋਂ ਬਚਿਆ ਜਾ ਸਕਦਾ ਹੈ –

*ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ॥*
*ਹਉਮੈ ਤ੍ਰਿਸਨਾ ਸਭ ਅਗਨਿ ਬੁਝਈ॥*
*ਬਿਨਸੇ ਕ੍ਰੋਧ ਖਿਮਾ ਗਹਿ ਲਈ॥ ਪੰਨਾ – 233*

ਜੀਅ ਦਇਆ ਕਰਨ ਨਾਲ ਵੀ ਕ੍ਰੋਧ ਦੂਰ ਹੁੰਦਾ ਹੈ। ਅਸਲ ਵਿਚ ਦਇਆ ਧਰਮ ਦੀ ਮਾਂ ਹੈ – ਧਉਲ ਧਰਮ ਦਇਆ ਕਾ ਪੂਤ। ਰਵਿਦਾਸ ਭਗਤ ਜੀ ਕਹਿੰਦੇ ਹਨ –

*ਕਹਿ ਰਵਿਦਾਸ ਉਦਾਸ ਦਾਸ ਮਤਿ*
*ਪਰਹਰਿ ਕੋਪੁ ਕਰਹੁ ਜੀਅ ਦਇਆ॥ ਪੰਨਾ – 658*

ਭਲਾ ਕਰਨ ਦੀ ਬਿਰਤੀ ਨਾਲ ਵੀ ਕ੍ਰੋਧ ਨਿਵਾਰਿਆ ਜਾ ਸਕਦਾ ਹੈ। ਇਹ ਉਪਰ ਦਿਤੇ ਬਾਬਾ ਫਰੀਦ ਦੇ ਇਕ ਸਲੋਕ ਦਾ ਹੀ ਦੂਜਾ ਪੱਖ ਹੈ –

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ – 1381*

ਇਸੇ ਕਰਕੇ ਗੁਰੂ ਘਰ ਬਾਰੇ ਕਿਸੇ ਕਵੀ ਨੇ ਕਿਹਾ ਹੈ

*ਬੁਰੇ ਨਾਲ ਬੁਰਾਈ ਕਰਦੇ ਮਾਫ ਕਰਨ ਕਈ ਸਿਆਣੇ,*
*ਬੁਰੇ ਨਾਲ ਵੀ ਨੇਕੀ ਕਰਨਾ ਇਹ ਗੁਰੂ ਨਾਨਕ ਜਾਣੇ।*

ਸਤਿਗੁਰੂ ਦਾ ਸ਼ਬਦ ਜਪਣ ਨਾਲ ਵੀ ਕ੍ਰੋਧ ਜਲ ਜਾਂਦਾ ਹੈ –

*ਸਤਿਗੁਰ ਸਬਦਿ ਕਰੋਧੁ ਜਲਾਵੈ।। ਪੰਨਾ – 411*

ਅਸਲ ਵਿਚ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਮਹਾਰਾਜ ਨੇ ਸੁਖਮਨੀ ਸਾਹਿਬ ਵਿਚ ਨਾਮ ਬਾਰੇ ਕਿਹਾ ਹੈ –

*ਸਰਬੁ ਰੋਗ ਕਾ ਅਉਖਦੁ ਨਾਮੁ॥ ਪੰਨਾ – 274*

ਨਾਮ ਇਕ ਐਸੀ ਦਵਾਈ ਹੈ ਜੋ ਹਰ ਇਕ ਰੋਗ ਲਈ ਕਾਰਗਰ ਹੈ ਸਾਧ ਸੰਗਤ ਵਿਚ ਕਾਮ ਕਰੋਧ ਦਾ ਮੋਹ ਖਤਮ ਹੋ ਜਾਂਦਾ ਹੈ –

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ।।*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਪੰਨਾ – 135*

ਸੰਤਾਂ ਨੇ ਖੁਦ ਆਪਣਾ ਕਾਮ ਕਰੋਧ ਪੀਹ ਛਡਿਆ ਹੁੰਦਾ ਹੈ–

*ਹਉ ਬਲਿਹਾਰੀ ਸੰਤਨ ਤੇਰੇ*
*ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ॥ ਪੰਨਾ – 108*

ਪਾਰਬ੍ਰਹਮ ਚਿਤ ਧਾਰਨ ਨਾਲ –

*ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ।*
*ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।*
*ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ।*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ॥*
*ਪੰਨਾ – 70*

ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਦੋ ਗੱਲਾਂ ਕਰਦੇ ਹਨ। ਇੱਕ ਸੀ ਕਿ ਮੌਤ ਤੇ ਵਾਹਿਗੁਰੂ ਨੂੰ ਚਿਤ ਵਿਚ ਯਾਦ ਰੱਖਣਾ। ਜੇਕਰ ਆਦਮੀ ਇਨ੍ਹਾਂ ਦੋ ਚੀਜ਼ਾਂ ਨੂੰ ਯਾਦ ਰੱਖੇ ਤਾਂ ਉਹ ਕਦੇ ਬੁਰਾਈ ਵੱਲ ਨਹੀਂ ਜਾ ਸਕਦਾ। ਦੂਸਰੀ ਚੀਜ਼ ਜੋ ਉਹ ਕਹਿੰਦੇ ਸਨ ਉਸ ਕ੍ਰੋਧ ਤੇ ਘਟਾਉਣ ਵਿਚ ਬੜੀ ਲਾਭਦਾਇਕ ਸਿਧ ਹੋ ਸਕਦੀ ਹੈ। ਉਹ ਇਹ ਕਹਿੰਦੇ ਸਨ ਕਿ ਦੋ ਚੀਜ਼ਾਂ ਭੁੱਲਣਯੋਗ ਹਨ। ਇਕ ਇਹ ਕਿ ਤੁਸੀਂ ਕਿਸ ਦਾ ਭਲਾ ਕੀਤਾ, ਨੰਬਰ ਦੋ ਇਹ ਕਿ ਤੁਹਾਡਾ ਕਿਸ ਨੇ ਬੁਰਾ ਕੀਤਾ। ਅਸਲ ਵਿਚ ਗੁੱਸਾ ਇਨ੍ਹਾਂ ਦੋਹਾਂ ਗੱਲਾਂ ਕਰਕੇ ਹੀ ਆਉਂਦਾ ਹੈ। ਜਿਸ ਦਾ ਅਸੀਂ ਭਲਾ ਕਰ ਦਿੰਦੇ ਹਾਂ ਅਸੀਂ ਚਾਹੁੰਦੇ ਹਾਂ ਕਿ ਹੁਣ ਇਹ ਸਾਰੀ ਜ਼ਿੰਦਗੀ ਇਕ ਗੁਲਾਮ ਦੀ ਤਰ੍ਹਾਂ ਅਸਾਡਾ ਅਹਿਸਾਨ ਮੰਨੇ। ਜਿਸਨੇ ਸਾਡਾ ਬੁਰਾ ਕੀਤਾ ਹੁੰਦਾ ਹੈ ਉਸ ਦਾ ਤਾਂ ਅਸੀਂ ਨਾਂ ਵੀ ਲੈਣਾ ਨਹੀਂ ਚਾਹੁੰਦੇ। ਸਾਨੂੰ ਉਸ ਦੀ ਗੱਲ ਉਸਦੇ ਬੱਚੇ, ਉਸਦੀ ਜਾਇਦਾਦ, ਉਸਦੇ ਕੱਪੜੇ ਉਸਦੀ ਸ਼ਕਲ ਬਿਲਕੁਲ ਨਹੀਂ ਭਾਉਂਦੇ ਅਤੇ ਅਸੀਂ ਇਕ ਅਜਿਹੇ ਮੌਕੇ ਦੀ ਤਾੜ ਵਿਚ ਰਹਿੰਦੇ ਹਾਂ ਜਦੋਂ ਅਸੀਂ ਉਸਦਾ ਪੁੱਜ ਕੇ ਬੁਰਾ ਕਰ ਸਕੀਏ। ਅਸੀਂ ਇਸੇ ਬਦਲੇ ਦੀ ਭਾਵਨਾ ਅੰਦਰ ਕ੍ਰੋਧ ਵਿਚ ਦਾਣੇ ਵਾਂਗੂ ਭੁਜਦੇ ਰਹਿੰਦੇ ਹਾਂ। ਜੇਕਰ ਅਸੀਂ ਬਾਬਾ ਜੀ ਦਾ ਉਪਰੋਕਤ ਦੋ ਗੱਲਾਂ ਭੁੱਲਣ ਵਾਲਾ ਉਪਦੇਸ਼ ਪੱਲੇ ਬੰਨ ਲਈਏ ਤਾਂ ਕ੍ਰੋਧ ਤੋਂ ਸਦਾ ਲਈ ਛੁਟਕਾਰਾ ਪਾ ਸਕਦੇ ਹਾਂ।

ਸਿਖੀ ਵਿਚ ਕ੍ਰੋਧ ਪੰਜ ਚੋਰਾਂ ਵਿਚ ਦੂਜੇ ਨੰਬਰ ਤੇ ਆਉਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਨ੍ਹਾਂ ਨੂੰ ਪੰਜ ਚੋਰ ਜਾਂ ਪੰਜ ਠੱਗਾਂ ਜਾਂ ਪੰਜ ਵਿਕਾਰ ਤੇ ਹੋਰ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਨੂੰ ਵਾਚਣ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕ੍ਰੋਧ ਨੂੰ ਸਦਾ ਸ਼ਾਂਤ ਕਰਕੇ ਰੱਖਿਆ ਗਿਆ ਹੈ। ਮਹਾਨ ਗੁਰੂ ਸਾਹਿਬਾਨਾਂ ਨੇ ਖੁਦ ਕ੍ਰੋਧ ਪ੍ਰਤੀ ਕਮਾਲ ਦਾ ਸੰਜਮ ਵਿਖਾਇਆ ਹੈ। ਗੁਰੂ ਦੀ ਵਡਿਆਈ ਹੀ ਇਹ ਹੈ ਕਿ ਉਹ ਆਪਣੇ ਸਿੱਖਾਂ ਨੂੰ ਕਦੇ ਵੀ ਉਹ ਗੱਲ ਕਰਨ ਲਈ ਨਹੀਂ ਕਹਿੰਦਾ ਜੋ ਉਹ ਖੁਦ ਨਹੀਂ ਕਰਦਾ। ਜਦੋਂ ਬਾਬਾ ਅਮਰਦਾਸ ਜੀ ਨੂੰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੀਜਾ ਗੁਰੂ ਥਾਪ ਦਿਤਾ ਤਾਂ ਦਾਤੂ ਜੀ ਨੂੰ ਬਹੁਤ ਕ੍ਰੋਧ ਆਇਆ। ਉਹ ਭਰੇ ਪੀਤੇ ਗੋਇੰਦਵਾਲ ਸਾਹਿਬ ਪਹੁੰਚੇ ਤੇ ਭਰੇ ਦੀਵਾਨ ਵਿਚ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ। ਆਪ ਜੀ ਚੌਂਕੀ ਉਪਰੋਂ ਡਿਗ ਪਏ ਪਰ ਕੋਈ ਗੁੱਸਾ ਨਹੀਂ ਕੀਤਾ। ਛੇਤੀ ਨਾਲ ਉੱਠ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਦਾਤੂ ਜੀ ਦੇ ਚਰਨ ਘੁੱਟਣ ਲਗ ਪਏ ਤੇ ਕਹਿਣ

(ਬਾਕੀ ਪੰਨਾ 63 ਤੇ)

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 42 )*

ਇਕ ਕੋਈ ਪ੍ਰੇਮੀ ਯੋਗ ਸਾਧਨ ਕਰਿਆ ਕਰਦਾ ਸੀ। ਉਸ ਦੀ ਬਿਰਤੀ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰ ਗਈ। ਉਸ ਦੀ ਪਹੁੰਚ ਧਰਮਰਾਜ ਦੀ ਦਰਗਾਹ ਤਕ ਹੋ ਗਈ। ਉਹ ਗੁਪਤ ਰੂਪ ਵਿਚ ਸੁਰਤੀ ਨੂੰ ਧਰਮਰਾਏ ਦੇ ਮੰਡਲ ਵਿਚ ਲੈ ਜਾਇਆ ਕਰਦਾ ਸੀ। ਗੁਪਤ ਰਹਿ ਕੇ ਹੀ ਦੇਖਦਾ ਸੀ ਕਿ ਇਸ ਜੀਵ ਨੂੰ ਕਿੰਨੀ ਮਾਰ ਪੈਂਦੀ ਹੈ ਅਤੇ ਇਹ ਅੱਗੇ ਜਨਮ ਧਾਰਦਾ ਹੈ ਜਾਂ ਨਰਕਾਂ ਵਿਚ ਸੁੱਟ ਦਿਤਾ ਜਾਂਦਾ ਹੈ ਪਰ ਕਿਸੇ ਨੂੰ ਦਸਿਆ ਨਹੀਂ ਸੀ ਕਰਦਾ। ਕਦੇ-ਕਦੇ ਇਸ ਤੋਂ ਇਸ ਪ੍ਰਾਪਤੀ ਨੂੰ ਜਰ ਨਾ ਹੋਣਾ। ਰਮਜ਼ ਮਾਰ ਕੇ ਦਸ ਦਿਆ ਕਰਦੇ ਸਨ। ਇਕ ਦਿਨ ਇਨ੍ਹਾਂ ਦਾ ਚਾਚਾ ਚੜ੍ਹਾਈ ਕਰ ਗਿਆ ਉਸ ਨੂੰ ਦੇਖਣ ਲਈ ਉਹ ਸੂਖਸ਼ਮ ਸਰੀਰ ਰਾਹੀਂ ਧਰਮਰਾਜ ਦੀ ਦਰਗਾਹ ਵਿਚ ਪਹੁੰਚ ਗਿਆ। ਉਥੇ ਉਸ ਨੇ ਸਭ ਕੁਝ ਦੇਖ ਲਿਆ। ਜਦੋਂ ਤਿੰਨ-ਚਾਰ ਮਹੀਨੇ ਲੰਘ ਗਏ ਉਸ ਵੇਲੇ ਉਸ ਦੇ ਚਾਚੇ ਦੇ ਪੁੱਤਰ ਭਰਾਵਾਂ ਨੇ ਪੁਛਿਆ ਕਿ ਤੁਸੀਂ ਤਾਂ ਜੋ ਰੂਹਾਂ ਇਥੋਂ ਜਾਂਦੀਆਂ ਹਨ ਉਨ੍ਹਾਂ ਨੂੰ ਦੇਖ ਲੈਂਦੇ ਹੋ। ਸਾਡਾ ਪਿਤਾ ਕਿਥੇ ਗਿਆ ਹੈ ? ਤਾਂ ਉਸ ਨੇ ਕਿਹਾ ਕਲ੍ਹ ਨੂੰ ਦਸਾਂਗਾ। ਕਿਉਂਕਿ ਉਹ ਪਹਿਲਾਂ ਦੇਖ ਚੁਕਿਆ ਸੀ। ਉਸ ਨੇ ਆਪਣੀ ਸੁਰਤੀ ਇਕਾਗਰ ਕਰਕੇ ਫੇਰ ਸਾਰਾ ਦ੍ਰਿਸ਼ ਦੇਖਿਆ। ਜਦੋਂ ਧਿਆਨ ਤੋਂ ਉਠਿਆ ਤਾਂ ਉਸ ਵੇਲੇ ਆਪਣੇ ਭਰਾਵਾਂ ਨੂੰ ਕਹਿਣ ਲੱਗਿਆ ਕਿ ਭਰਾ ਜੀ! ਤੁਹਾਡੇ ਪਿਤਾ ਜੀ 40 ਮੀਲ ਦੂਰ ਇਕ ਪਿੰਡ ਵਿਚ ਗਰਭ ਵਿਚ ਪਏ ਹੋਏ ਹਨ। ਨਿਰਨਾ ਕਰਨ ਲਈ ਉਸ ਦੇ ਭਰਾ ਉਸ ਨੂੰ ਨਾਲ ਲੈ ਕੇ ਉਸ ਪਿੰਡ ਵਿਚ ਪਹੁੰਚੇ, ਜਿਥੇ ਨਵ ਵਿਆਹੀ ਬੀਬੀ ਉਸ ਘਰ ਵਿਚ ਆਈ ਸੀ। ਉਨ੍ਹਾਂ ਨੇ ਭਲੇ ਪੁਰਸ਼ ਦੇਖ ਕੇ ਇਨ੍ਹਾਂ ਨੂੰ ਬਿਠਾ ਲਿਆ ਤਾਂ ਉਸ ਵੇਲੇ ਲੜਕੇ ਦੀ ਮਾਤਾ ਨੇ ਪੁਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ ਹੋ ? ਇਨ੍ਹਾਂ ਨੇ ਕਿਹਾ ਕਿ ਮਾਤਾ ਜੀ! ਸਾਡੇ ਚਾਚਾ ਜੀ ਦੀ ਰੂਹ ਤੁਹਾਡੇ ਘਰ ਗਰਭ ਵਿਚ ਆਈ ਹੋਈ ਹੈ। ਅਸੀਂ ਸਿਰਫ ਨਿਰਨਾ ਕਰਨਾ ਹੈ ਕਿ ਕੀ ਇਹ ਗੱਲ ਠੀਕ ਹੈ। ਉਸ ਨੇ ਦਸਿਆ ਕਿ ਹਾਂ, ਬਹੂ ਨੂੰ ਉਮੀਦਵਾਰੀ ਹੋਈ ਹੋਈ ਹੈ, ਚਾਰ ਮਹੀਨੇ ਹੋ ਗਏ।

ਇਸ ਗੱਲ ਦਾ ਦਰਗਾਹ ਵਿਚ ਇਕ ਦਮ ਪਤਾ ਲਗ ਗਿਆ ਕਿ ਦਰਗਾਹ ਦੇ ਭੇਤ ਕੋਈ ਜਾ ਕੇ ਦਸਦਾ ਹੈ। ਜਦੋਂ ਇਹ ਪ੍ਰੇਮੀ ਫੇਰ ਧਰਮਰਾਜ ਦੇ ਮੰਡਲ ਵਿਚ ਗਿਆ ਉਥੇ ਇਸ ਨੂੰ ਪਕੜ ਲਿਆ ਗਿਆ ਅਤੇ ਬਹੁਤ ਮਾਰ ਪਈ। ਜਿਥੇ-ਜਿਥੇ ਉਨ੍ਹਾਂ ਦੇ ਹੱਥ ਲੱਗੇ ਉਥੇ-ਉਥੇ ਸਰੀਰ ਤੇ ਫੌੜੇ ਹੋ ਗਏ। ਬਿਰਤੀ ਲਗਣ ਤੋਂ ਹਟ ਗਈ, ਥੋੜ੍ਹਾ ਬਹੁਤ ਜੋ ਰਸ ਆਉਂਦਾ ਸੀ ਉਹ ਵੀ ਜਾਂਦਾ ਰਿਹਾ। ਇਸ ਤਰ੍ਹਾਂ ਬਿਮਾਰ ਹੋ ਗਿਆ। ਮਹਾਂਪੁਰਸ਼ਾਂ ਦੇ ਡੇਰਿਆਂ ਤੇ ਗਏ, ਹਰ ਥਾਂ ਗਏ, ਕੋਈ ਮਹਾਂਪੁਰਸ਼ ਇਲਾਜ ਨਾ ਕਰੇ। ਅਖੀਰ ਕੋਈ ਦਇਆਵਾਨ ਸਾਧੂ ਮਿਲੇ ਉਨ੍ਹਾਂ ਨੇ ਕਿਹਾ ਕਾਕਾ! ਤੂੰ ਬਹੁਤ ਬੁਰੀ ਗੱਲ ਕੀਤੀ ਹੈ। ਕੋਈ ਦਰਗਾਹ ਦੇ ਭੇਤ ਨਹੀਂ ਦਸਦਾ। ਮਹਾਂਪੁਰਸ਼ ਤਾਂ ਬਹੁਤ ਉਚੇ ਮੰਡਲਾਂ ਵਿਚ ਉਡਾਰੀਆਂ ਮਾਰ ਆਉਂਦੇ ਹਨ, ਪਰ ਤੂੰ ਖਾਹਮਖਾਹ ਪ੍ਰਮੇਸ਼ਰ ਦੀ ਗੁਪਤ ਗੱਲ ਨੂੰ ਪ੍ਰਗਟ ਕੀਤਾ ਹੈ। ਉਸ ਵੇਲੇ ਉਸ ਨੇ ਆਪਣਾ ਮੰਤਰ ਦਿਤਾ ਜਿਸ ਨੂੰ ਜਪ ਕੇ ਉਸ ਦੇ ਸਰੀਰ ਦੇ ਸਾਰੇ ਫੌੜੇ ਹਟ ਗਏ ਪਰ ਧਰਮਖੰਡ ਦੇ ਮੰਡਲ ਵਿਚ ਫੇਰ ਨਹੀਂ ਜਾ ਸਕਿਆ। ਬਹੁਤ ਸਾਰੀਆਂ ਇਸ ਮੰਡਲ ਦੀਆਂ ਸਾਖੀਆਂ ਪ੍ਰਚਲਤ ਹਨ ਜਿਥੇ ਜੇ ਕੋਈ ਬੰਦਗੀ ਕਰਨ ਵਾਲਾ ਪੁਰਸ਼ ਪਹੁੰਚ ਗਿਆ ਉਸ ਦੀ ਸੇਵਾ ਹੁੰਦੀ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥*** ***ਪੰਨਾ - 271***

ਇਕ ਕਥਾ ਹੈ ਕਿ ਬ੍ਰਹਮਗਿਆਨੀ ਮਹਾਂਪੁਰਸ਼ ਗੁਰੂ ਨਾਨਕ ਅੰਸ ਬੇਦੀ ਕੁਲ ਦੇ ਭੂਸ਼ਣ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਪੂਰਨ ਮਹਾਂਪੁਰਸ਼ ਸਨ। ਆਪ ਦੇ ਲੰਗਰ ਵਿਚ ਭਾਈ ਭਾਗ ਸਿੰਘ ਜੀ ਸੇਵਾ ਕਰਿਆ ਕਰਦੇ ਸਨ। 13000 ਪ੍ਰੇਮੀ ਆਪ ਦੇ ਹਜ਼ੂਰ ਹਮੇਸ਼ਾ ਹੀ ਰਿਹਾ ਕਰਦਾ ਸੀ। ਬਹੁਤ ਵੱਡੇ-

ਵੱਡੇ ਪਤੀਲੇ ਸਨ ਜਿਨ੍ਹਾਂ ਨੂੰ ਘੋੜੇ ਖਿਚਦੇ ਸਨ ਅਤੇ ਪੌੜੀਆਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਤੇ ਚੜ੍ਹ ਕੇ ਦਾਲਾ ਹਿਲਾਇਆ ਜਾਂਦਾ ਸੀ। ਇਹ ਸਾਰੇ ਦੇਗੇ ਬਾਬਾ ਬੀਰ ਸਿੰਘ ਜੀ ਨੂੰ ਦਿਤੇ ਗਏ। ਜਿਨ੍ਹਾਂ ਦੇ ਲੰਗਰ ਵਿਚ 50 ਸੇਵਾਦਾਰ, ਦਾਲ ਸਬਜ਼ੀਆਂ, ਪ੍ਰਸ਼ਾਦੇ ਤਿਆਰ ਕਰਦੇ ਸਨ। ਆਪ ਦੇ ਲੰਗਰ ਵਿਚ ਭਾਈ ਭਾਗ ਸਿੰਘ ਜੀ ਸੇਵਾ ਕਰਿਆ ਕਰਦੇ ਸਨ। ਉਸਦੀ ਮਾਈ ਵੀ ਆ ਕੇ ਸੇਵਾ ਕਰਦੀ ਸੀ। ਇਕ ਵਾਰੀ ਐਸਾ ਹੋਇਆ ਕਿ ਉਸ ਮਾਈ ਦਾ ਸਰੀਰ ਛੁਟ ਗਿਆ। ਭਾਈ ਭਾਗ ਸਿੰਘ ਜੀ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਆਏ, ਸਸਕਾਰ ਲਈ ਮਹਾਂਪੁਰਸ਼ਾਂ ਤੋਂ ਆਗਿਆ ਮੰਗੀ। ਮਹਾਂਪੁਰਸ਼ ਸੁਣ ਕੇ ਅੰਤਰ ਧਿਆਨ ਹੋ ਗਏ। ਭਾਈ ਭਾਗ ਸਿੰਘ ਜੀ ਨੂੰ ਆਗਿਆ ਦੇ ਦਿਤੀ ਅਤੇ ਨਾਲ ਹੀ ਕਿਹਾ ਕਿ ਸਾਡੇ ਪੁਛੇ ਬਗੈਰ ਸਸਕਾਰ ਨਹੀਂ ਕਰਨਾ। ਐਸਾ ਹੋਇਆ ਕਿ ਕਈ ਘੰਟੇ ਬਾਅਦ ਮਾਤਾ ਦੀ ਰੂਹ ਮੁਰਦਾ ਪਈ ਦੇਹੀ ਵਿਚ ਫੇਰ ਪ੍ਰਵੇਸ਼ ਕਰ ਗਈ ਉਸ ਸਮੇਂ ਆਪ ਨੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਨ ਵਾਸਤੇ ਆਪਣੀ ਇੱਛਾ ਜ਼ਾਹਰ ਕੀਤੀ।

ਭਾਈ ਭਾਗ ਸਿੰਘ ਤੇ ਹੋਰ ਪ੍ਰੇਮੀ ਮਾਤਾ ਜੀ ਨੂੰ ਲੈ ਕੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਆ ਪਹੁੰਚੇ। ਤਾਂ ਮਾਤਾ ਜੀ ਨੂੰ ਆਪ ਨੇ ਪੁਛਿਆ ਕਿ ਦੱਸ ਮਾਤਾ ਪਰਲੋਕ ਦਾ ਹਾਲ ਜੋ ਤੇਰੇ ਨਾਲ ਵਾਪਰੀ। ਉਸ ਵੇਲੇ ਮਾਤਾ ਨੇ ਕਿਹਾ ਕਿ ਮੈਨੂੰ ਸਰੀਰ ਵਿਚੋਂ ਕੋਈ ਭਲੇ ਪੁਰਸ਼ ਹੀ ਲੈ ਗਏ। ਮੈਨੂੰ ਸਾਰਾ ਕੁਝ ਦਿਸਦਾ ਸੀ, ਊਨਾ ਸਾਹਿਬ ਦੀਆਂ ਸਾਰੀਆਂ ਪਹਾੜੀਆਂ ਦੇਖ ਰਹੀ ਸੀ। ਕਿਉਂਕਿ ਮੈਂ ਬਹੁਤ ਉਚਾ ਉਡ ਰਹੀ ਸੀ, ਪਰ ਤਕਲੀਫ ਕੋਈ ਨਹੀਂ ਸੀ। ਫੇਰ ਧਰਮਰਾਜ ਦੇ ਲੈ ਗਏ ਉਥੇ ਉਨ੍ਹਾਂ ਨੇ ਹਿਸਾਬ ਕਿਤਾਬ ਦੇਖਿਆ ਤਾਂ ਮੇਰਾ ਨਾਮ ਨਾ ਨਿਕਲਿਆ, ਮੇਰੀ ਜਗ੍ਹਾ ਕਿਸੇ ਹੋਰ ਦਾ ਨਾਂ ਨਿਕਲਿਆ। ਮੇਰੇ ਪਿਤਾ ਦਾ ਹੋਰ ਨਾਮ ਸੀ ਅਤੇ ਉਸ ਦੇ ਪਿਤਾ ਦਾ ਹੋਰ ਨਾਮ ਸੀ। ਧਰਮਰਾਜ ਨੇ ਕਿਹਾ ਕਿ ਬਹੁਤ ਭਾਰੀ ਗਲਤੀ ਕੀਤੀ ਹੈ ਇਸ ਨੇ ਤਾਂ ਆਉਣਾ ਹੀ ਨਹੀਂ ਸੀ ਇਥੇ। ਇਹਨੇ ਤਾਂ ਗੁਰੂ ਦੀ ਦਰਗਾਹ ਵਿਚ ਜਾਣਾ ਸੀ। ਸਭ ਨੂੰ ਕੁਝ ਘਬਰਾਹਟ ਪੈਦਾ ਹੋ ਗਈ ਅਤੇ ਮੇਰੀ ਸੇਵਾ ਕਰਨ ਲਗ ਗਏ। ਕਦੇ ਕੁਝ ਲਿਆਉਣ- ਕਦੇ ਕੁਛ ਲਿਆਉਣ। ਧਰਮਰਾਜ ਨੇ ਕਿਹਾ ਕਿ ਬੀਬੀ! ਤੁਹਾਡਾ ਨਾਮ ਇਥੇ ਕਾਗਜ਼ਾਂ ਵਿਚ ਨਹੀਂ ਹੈ ਇਥੇ ਤਾਂ ਪਾਪੀ ਪੁੰਨੀ ਆਉਂਦੇ ਹਨ ਪੁੰਨੀਆਂ ਨੂੰ ਪੁੰਨਾਂ ਦੇ ਫਲ ਬਦਲੇ ਚੰਗੇ ਘਰ, ਸੁਖ, ਆਰਾਮ ਮਿਲਦਾ ਹੈ। ਜਿਹੜੇ ਉਸ ਤੋਂ ਜ਼ਿਆਦਾ ਪੁੰਨਾਂ ਵਾਲੇ ਆਉਂਦੇ ਹਨ ਉਹ ਸਵਰਗ ਵਿਚ ਜਾਂਦੇ ਹਨ। ਬਾਬਾ ਜੀ ਕਹਿਣ ਲੱਗੇ ਕਿ ਬੀਬਾ! ਐਂ ਦਸ ਕਿ ਧਰਮਰਾਜ ਨੇ ਸੇਵਾ ਵੀ ਕੀਤੀ? ਕਹਿਣ ਲੱਗੀ ਹਾਂ, ਮਹਾਰਾਜ! ਇਹ ਤਾਂ ਮੈਂ ਦਸ ਚੁਕੀ ਹਾਂ। ਬਾਬਾ ਜੀ ਕਹਿਣ ਲੱਗੇ ਕਿ ਗੁਰੂ ਸੇਵਾ ਦਾ, ਗੁਰੂ ਪਿਆਰਿਆਂ ਦੀ ਸੇਵਾ ਕਰਨ ਦਾ ਕਿੱਡਾ ਫਲ ਹੈ-

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥***
***ਸਾਧੂ ਕੈ ਸੰਗਿ ਪਾਪ ਪਲਾਇਨ॥***
***ਸਾਧਸੰਗਿ ਅੰਮ੍ਰਿਤ ਗੁਨ ਗਾਇਨ॥***
***ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥***
***ਨਾਨਕ ਸਾਧ ਕੈ ਸੰਗਿ ਸਫਲ ਜਨੰਮ॥ ਪੰਨਾ - 272***

ਗੁਰੂ ਮਹਾਰਾਜ ਜੀ ਨੇ ਇਹ ਵੀ ਫੁਰਮਾਨ ਕੀਤਾ ਹੈ ਕਿ ਨਰਕ ਵਿਚ ਕਿਸ ਤਰ੍ਹਾਂ ਜਾਇਆ ਜਾਂਦਾ ਹੈ। ਆਪ ਨੇ ਦਸਿਆ ਕਿ ਜਿਨ੍ਹਾਂ ਦੇ ਅੰਦਰ ਰਾਜਸੀ ਅਭਿਮਾਨ ਹੈ ਅਤੇ ਥੋੜ੍ਹੀ ਬਹੁਤ ਵੀ ਰਾਜਸੀ ਸ਼ਕਤੀ ਮਿਲ ਗਈ ਅਤੇ ਉਸ ਦੀ ਪ੍ਰਾਪਤੀ ਕਰਕੇ ਜਨਤਾ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਅਤੇ ਇਸੇ ਅਭਿਮਾਨ ਵਿਚ ਮਰਨ ਤੋਂ ਬਾਦ ਪਹਿਲਾਂ ਉਹ ਨਰਕਾਂ ਵਿਚ ਜਾਂਦਾ ਹੈ ਕਿਉਂਕਿ ਪ੍ਰਮੇਸ਼ਰ ਨੂੰ ਹੰਕਾਰ ਮੂਲੋ ਹੀ ਨਹੀਂ ਭਾਉਂਦਾ। ਨਰਕਾਂ ਪਿਛੋਂ ਉਸ ਨੂੰ ਕੁੱਤੇ ਦੀ ਜੂਨ ਵਿਚ ਪਾ ਦਿਤਾ ਜਾਂਦਾ ਹੈ। ਜਿਹੜਾ ਇਥੇ ਮਾਇਆ ਦੀਆਂ ਪਦਵੀਆਂ, ਵੱਡਾ ਵਪਾਰੀ, ਵੱਡਾ ਕੋਈ ਅਹੁਦੇਦਾਰ ਬਣ ਕੇ ਜਨਤਾ ਨੂੰ ਤੰਗ ਕਰਦਾ ਹੈ, ਅਹੰਕਾਰ ਵਿਚ ਆਇਆ ਕਿਸੇ ਨੂੰ ਗਿਣਦਾ ਨਹੀਂ ਉਸ ਨੂੰ ਦਰਗਾਹ ਵਿਚ ਖੁਆਰੀ ਹੁੰਦੀ ਹੈ। ਜੋ ਤਪਸਿਆ ਕਰਨ ਤੋਂ ਬਾਅਦ ਕੋਈ ਸਾਧਕ ਅਭਿਮਾਨ ਕਰਦਾ ਹੈ ਕਿ ਮੈਂ ਤਪ ਕੀਤਾ ਅਤੇ ਤਾਂ ਉਸ ਨੂੰ ਵੀ ਨਰਕ ਸੁਰਗ ਦੇ ਗੇੜੇ ਖਾਣੇ ਪੈਂਦੇ ਹਨ। ਜਿੰਨੀ ਦੇਰ ਤਕ ਮੋਹ ਵਿਚ ਮਗਨ ਹੈ ਉਨੀਂ ਦੇਰ ਤਕ ਦਰਗਾਹ ਵਿਚ ਸਜ਼ਾ ਮਿਲਦੀ ਹੈ -

***ਜਿਸ ਕੈ ਅੰਤਰਿ ਰਾਜ ਅਭਿਮਾਨੁ॥***
***ਸੋ ਨਰਕਪਾਤੀ ਹੋਵਤ ਸੁਆਨੁ॥***
***ਜੋ ਜਾਨੈ ਮੈ ਜੋਬਨਵੰਤੁ॥***
***ਸੋ ਹੋਵਤ ਬਿਸਟਾ ਕਾ ਜੰਤੁ॥***
***ਆਪਸ ਕਉ ਕਰਮਵੰਤੁ ਕਹਾਵੈ॥***
***ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥***
***ਧਨ ਭੂਮਿ ਕਾ ਜੋ ਕਰੈ ਗੁਮਾਨੁ॥***
***ਸੋ ਮੂਰਖੁ ਅੰਧਾ ਅਗਿਆਨੁ॥***
***ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥***
***ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥***
***ਧਨਵੰਤਾ ਹੋਇ ਕਰਿ ਗਰਬਾਵੈ॥***
***ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥***
***ਬਹੁ ਲਸਕਰ ਮਾਨੁਖ ਊਪਰਿ ਕਰੇ ਆਸ।।***
***ਪਲ ਭੀਤਰਿ ਤਾ ਕਾ ਹੋਇ ਬਿਨਾਸ॥***
***ਸਭ ਤੇ ਆਪ ਜਾਨੈ ਬਲਵੰਤੁ॥***
***ਖਿਨ ਮਹਿ ਹੋਇ ਜਾਇ ਭਸਮੰਤੁ॥***
***ਕਿਸੈ ਨ ਬਦੈ ਆਪਿ ਅਹੰਕਾਰੀ॥***
***ਧਰਮ ਰਾਇ ਤਿਸੁ ਕਰੇ ਖੁਆਰੀ॥***
***ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥***
***ਸੋ ਜਨੁ ਨਾਨਕ ਦਰਗਹ ਪਰਵਾਨੁ॥ ਪੰਨਾ - 278***

ਇਸੇ ਤਰ੍ਹਾਂ ਨਾਲ ਰਾਜਸੀ ਅਭਿਮਾਨ ਵਾਲੇ ਨੂੰ ਜ਼ਰੂਰ ਨਰਕ ਵਿਚ ਜਾਣਾ ਪੈਂਦਾ ਹੈ। ਕੁੱਤੇ ਦੀ ਜੂਨੀ ਮਿਲਦੀ ਹੈ। ਤਪ ਤੋਂ ਰਾਜ, ਰਾਜ ਤੋਂ ਫਿਰ ਨਰਕ ਮਿਲਦਾ ਹੈ। ਜੋ ਸੰਤਾਂ ਨੂੰ ਦੁਖੀ ਕਰਦਾ ਹੈ, ਦੇਖਿਆ ਗਿਆ ਹੈ ਕਿ ਕਈ ਮਿਸ਼ਨਰੀ ਸਕੂਲਾਂ ਵਿਚ ਬੱਚਿਆਂ ਨੂੰ, ਇਕੋ ਗੱਲ ਬਾਰ-ਬਾਰ ਪੜ੍ਹਾਉਂਦੇ ਹਨ ਕਿ ਤੁਸੀਂ ਬਾਹਰ ਜਾ ਕੇ ਸੰਤਾਂ ਬਾਰੇ ਬੋਲਣਾ ਹੈ ਕਿ ਇਹ ਆਪਣੀਆਂ ਜਾਇਦਾਦਾਂ ਬਣਾਉਂਦੇ ਹਨ, ਦੁਨੀਆਂ ਨੂੰ ਲੁਟਦੇ ਹਨ। ਪਰ ਇਹ ਪੜ੍ਹਾਉਣ ਵਾਲੇ ਭੁੱਲ ਜਾਂਦੇ ਹਨ ਕਿ ਇਹ ਬੱਚਿਆਂ ਨੂੰ ਸਿੱਧੇ ਨਰਕ ਦੇ ਟਿਕਟ ਦੁਆ ਰਹੇ ਹਨ-

***ਸੰਤ ਕੈ ਦੂਖਨਿ ਆਰਜਾ ਘਟੈ॥***

*ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥*
*ਸੰਤ ਕੈ ਦੂਖਨਿ ਸੁਖੁ ਸਭੁ ਜਾਇ॥*
*ਸੰਤ ਕੈ ਦੂਖਨਿ ਨਰਕ ਮਹਿ ਪਾਇ॥* *ਪੰਨਾ – 279*

ਨਰਕ ਘੋਰ ਦੇ ਬਾਰੇ ਆਪ ਦਸਦੇ ਹਨ ਕਿ ਜੋ ਸਤਿਗੁਰੂ ਦੀ ਨਿੰਦਿਆ ਕਰਦਾ ਹੈ ਉਸ ਉਪਰ ਕਰਤਾ ਪੁਰਖ ਵਲੋਂ ਮਾਰ ਪੈਂਦੀ ਹੈ। ਵੇਲਾ ਮੁੜ ਕੇ ਹੱਥ ਨਹੀਂ ਆਉਂਦਾ। ਘੋਰ ਨਰਕ ਵਿਚ ਉਸ ਨੂੰ ਸੁਟਿਆ ਜਾਂਦਾ ਹੈ। ਨਿੰਦਕਾਂ ਦਾ ਮੂੰਹ ਕਾਲਾ ਕਰਕੇ ਅਤੇ ਚੋਰ ਵਾਂਗੂੰ ਹੱਥਾਂ ਵਿਚ ਹਥਕੜੀਆਂ ਪਾ ਕੇ ਘੋਰ ਨਰਕ ਵਿਚ ਲਿਜਾਇਆ ਜਾਂਦਾ ਹੈ। ਬਾਣੀ ਵਿਚ ਸੰਕੇਤ ਆਉਂਦੇ ਹਨ –

*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ*
*ਤਿਸੁ ਕਰਤਾ ਮਾਰ ਦਿਵਾਵੈ॥*
*ਫੇਰਿ ਓਹ ਵੇਲਾ ਓਸੁ ਹਥਿ ਨ ਆਵੈ*
*ਓਹੁ ਆਪਣਾ ਬੀਜਿਆ ਆਪੇ ਖਾਵੈ॥*
*ਨਰਕ ਘੋਰਿ ਮੁਹਿ ਕਾਲੈ ਖੜਿਆ*
*ਜਿਉ ਤਸਕਰੁ ਪਾਇ ਗਲਾਵੈ॥* *ਪੰਨਾ – 303*

*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥*
*ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥*
*ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥*
*ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥*
*ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥*
*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥*
*ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥*
*ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ॥*
*ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ॥*
*ਪੰਨਾ – 309*

ਨਿੰਦਿਆ ਕਰਨ ਦੇ ਬਹੁਤ ਹੀ ਮਾੜੇ ਫਲ ਸੁਖਮਨੀ ਸਾਹਿਬ ਵਿਚ ਬਹੁਤ ਹੀ ਖੋਲ੍ਹ ਕੇ ਗੁਰੂ ਮਹਾਰਾਜ ਜੀ ਨੇ ਦੱਸੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਨਰਕਾਂ ਵਿਚ ਬਹੁਤ ਹੀ ਦੁਖ ਹਨ ਉਥੇ ਜੋ ਅਕ੍ਰਿਤਘਣ ਹੁੰਦੇ ਹਨ ਉਨ੍ਹਾਂ ਨੂੰ ਉਸ ਵਿਚ ਸੁਟ ਦਿਤਾ ਜਾਂਦਾ ਹੈ –

*ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥*
*ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥*
*ਪੰਨਾ – 315*

ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਨਰਕਾਂ ਵਿਚ ਨਹੀਂ ਜਾਇਆ ਕਰਦੇ, ਨਾ ਧਰਮਰਾਜ ਕੋਲ ਜਾਂਦੇ ਹਨ। ਜੇ ਚਲੇ ਵੀ ਜਾਣ ਤਾਂ ਧਰਮਰਾਜ ਆਪਣੀ ਗੱਦੀ ਤੋਂ ਉਠ ਕੇ ਜੈ ਜੈਕਾਰ ਕਰਦਾ ਹੈ ਅਤੇ ਜਮਦੂਤ ਸਾਰੇ ਨੱਠ ਜਾਂਦੇ ਹਨ ਅਤੇ ਪਤਰਾ ਵਾਚ ਜਾਂਦੇ ਹਨ –

*ਨਰਕ ਨ ਡੀਠੜਿਆ ਸਿਮਰਤ ਨਾਰਾਇਣ॥*
*ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ॥* *ਪੰਨਾ – 460*

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਪ੍ਰਭੂ ਦੀ ਓਟ ਲਈ ਹੈ ਉਹ ਇਥੇ ਵੀ ਸੁਖੀ ਹਨ, ਦਰਗਾਹ ਵਿਚ ਵੀ ਸੁੱਖੀ ਰਹਿੰਦੇ ਹਨ। ਬੇਮੁਖਾਂ ਨੂੰ ਜਮਦੂਤ ਨਰਕ ਘੋਰ ਵਿਚ ਸੁਟਦਾ ਹੈ। ਜਿਵੇਂ ਕਿ ਫੁਰਮਾਨ ਹੈ –

*ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ॥*
*ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ॥*
*ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ॥*
*ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ॥*
*ਪੰਨਾ – 613*

ਇਸ ਕਰਕੇ ਨਰਕ ਦਾ ਹਾਲ ਬਹੁਤ ਵਿਸਥਾਰ ਨਾਲ ਆਇਆ ਹੈ। ਸਵਰਗ ਦਾ ਵਿਸਥਾਰ ਕੋਈ ਗੁਰਬਾਣੀ ਵਿਚ ਐਨਾ ਜ਼ਿਆਦਾ ਨਹੀਂ ਮਿਲਦਾ ਕਿਉਂਕਿ ਬੰਦਗੀ ਕਰਨ ਵਾਲੇ ਗੁਰੂ ਦੀ ਦਰਗਾਹ ਵਿਚ ਜਾਇਆ ਕਰਦੇ ਹਨ। ਸਵਰਗਾਂ ਦੇ ਬਾਰੇ ਹੋਰ ਪੁਰਾਣਾਂ ਵਗੈਰਾ ਵਿਚ ਜ਼ਿਕਰ ਆਉਂਦੇ ਹਨ। ਕੁਰਾਨ ਸ਼ਰੀਫ ਵਿਚ ਵੀ ਆਉਂਦੇ ਹਨ। ਗੁਰਮੁਖਿ ਪਿਆਰੇ ਸਵਰਗ ਦੇ ਸੁਖ ਨੂੰ ਓਛਾ ਸੁਖ ਜਾਣਿਆ ਕਰਦੇ ਹਨ। ਸੋ ਗੁਰਮੁਖ ਪਿਆਰੇ ਉਸ ਅਵਸਥਾ ਨੂੰ ਲੋਚਦੇ ਹਨ ਜਿਥੋਂ ਫੇਰ ਦੁਬਾਰਾ ਗਿਰਨਾ ਨਾ ਹੋਵੇ। ਜਿਸ ਤਰ੍ਹਾਂ ਦਸਿਆ ਗਿਆ ਹੈ ਕਿ ਸਚਖੰਡ ਵਿਚ ਨਿਰੰਕਾਰ ਜੀ ਦਾ ਵਾਸਾ ਹੈ। ਉਥੇ ਸਾਰੀਆਂ ਸ੍ਰਿਸ਼ਟੀਆਂ ਤੋਂ ਭਗਤ ਜਨ ਆ ਕੇ ਨਿਵਾਸ ਕਰਦੇ ਹਨ, ਮੁਕਤੀਆਂ ਬਾਰੇ ਤਾਂ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਚਾਰ ਕਿਸਮ ਦੀਆਂ ਮੁਕਤੀਆਂ ਹੋਇਆ ਕਰਦੀਆਂ ਹਨ। ਉਸ ਦਰਗਾਹ ਵਿਚ ਕਿਸ ਤਰ੍ਹਾਂ ਦਾ ਵਰਤਾਰਾ ਹੈ? ਕੌਣ ਲੋਕ ਉਥੇ ਰਹਿੰਦੇ ਹਨ? ਉਥੇ ਕੀ ਦ੍ਰਿਸ਼ਟੀ ਆਉਂਦਾ ਹੈ? ਨਿਰੰਕਾਰ ਦਾ ਦੇਸ਼ ਕਿਹੋ ਜਿਹਾ ਹੈ ਕਿਉਂਕਿ ਗੁਰੂ ਤੇ ਨਿਰੰਕਾਰ ਦੀ ਦਰਗਾਹ ਇਕੋ ਹੋਇਆ ਕਰਦੀ ਹੈ। ਗੁਰੂ ਨਾਨਕ ਪਾਤਸ਼ਾਹ ਆਪ ਪ੍ਰਮੇਸ਼ਰ ਹਨ। ਗਿਣਨ ਵਾਸਤੇ ਦੱਸ ਜੋਤਾਂ ਸਨ ਪਰ ਸੀ ਇਕੋ ਹੀ ਜੋਤ। ਉਨ੍ਹਾਂ ਦੀ ਦਰਗਾਹ ਨਿਰੰਕਾਰ ਜੀ ਦੀ ਦਰਗਾਹ ਹੈ। ਕਿਉਂਕਿ ਜਿਹੋ ਜਿਹੀ ਕਿਸੇ ਦੀ ਭਾਵਨਾ ਹੈ ਨਿਰੰਕਾਰ ਭਾਵਨਾ ਪੂਰੀ ਕਰਦਾ ਹੈ, ਓਹੋ ਜਿਹਾ ਹੀ ਦ੍ਰਿਸ਼ਟੀ ਆਉਂਦਾ ਹੈ। ਹੁਣ ਹੈ ਇਹ ਵੀਚਾਰ ਕਿ ਉਥੇ ਕਿਹੋ ਜਿਹਾ ਵਰਤਾਰਾ ਵਰਤਿਆ ਜਾਂਦਾ ਹੈ। ਸਾਖੀਆਂ ਤਾਂ ਬਹੁਤ ਆਉਂਦੀਆਂ ਹਨ ਕਿ ਜੀਵ ਦਰਗਾਹ ਵਿਚ ਚਲਿਆ ਗਿਆ। ਅਸੀਂ ਅਰਦਾਸ ਕਰਦੇ ਹਾਂ ਕਿ ਆਪਣੀ ਦਰਗਾਹ ਵਿਚ ਵਾਸਾ ਦੇਵੋ, ਅਸੀਂ ਉਸ ਜੀਵ ਦੇ ਗੁਣ ਔਗੁਣ ਨਹੀਂ ਦੇਖਦੇ। ਉਹ ਦਰਗਾਹ ਕਿਹੋ ਜਿਹੀ ਹੈ, ਉਸ ਦੇ ਬਾਰੇ ਗੁਰਬਾਣੀ ਵਿਚ ਬਹੁਤ ਹੀ ਸੰਖੇਪ ਰੂਪ ਵਿਚ ਇਸ਼ਾਰੇ ਹਨ। ਇੰਦਰ ਲੋਕ, ਸ਼ਿਵ ਲੋਕ ਬਾਰੇ ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਇੰਦ੍ਰ ਲੋਕ ਸਿਵ ਲੋਕਹਿ ਜੈਬੋ॥*
*ਓਛੇ ਤਪ ਕਰਿ ਬਾਹੁਰਿ ਐਬੋ॥*
*ਕਿਆ ਮਾਂਗਉ ਕਿਛੁ ਥਿਰੁ ਨਾਹੀ॥*
*ਰਾਮ ਨਾਮ ਰਖੁ ਮਨ ਮਾਹੀ॥* *ਪੰਨਾ – 692*

ਪਰ ਸਚਖੰਡ ਜਿਸ ਨੂੰ ਆਖਿਆ ਗਿਆ ਹੈ ਉਸ ਦੇ ਬਾਰੇ ਅੱਖਰਾਂ ਵਿਚ ਕਹਿਣਾ ਬਿਲਕੁਲ ਔਖਾ ਹੈ ਕਿਉਂਕਿ ਉਹ ਅਗੰਮ ਅਗੋਚਰ ਦਾ ਦੇਸ਼ ਹੈ। ਇਸ ਸਰੀਰ ਵਿਚ ਲੱਗੇ ਹੋਏ ਗਿਆਨ ਇੰਦਰੇ ਬਹੁਤ ਹੀ ਅਲਪੱਗ ਹਨ। ਇਹ ਤਾਂ ਸੰਸਾਰ ਵਿਚ ਹੀ ਨਹੀਂ ਦੇਖ ਸਕਦੇ ਕਿ ਕਲ੍ਹ ਨੂੰ ਕੀ ਹੋਣ ਵਾਲਾ ਹੈ। ਜਦੋਂ ਜਗਿਆਸੂ ਬੰਦਗੀ ਕਰਦਾ ਹੈ ਉਸ ਵੇਲੇ ਇਸ ਦੀ ਸੁਰਤ ਸੂਖਸ਼ਮ ਹੁੰਦੀ ਹੋਈ ਐਨੀ ਬਾਰੀਕ (ਲਤੀਫ) ਹੋ ਜਾਂਦੀ ਹੈ ਕਿ ਉਹ ਰੂਹਾਨੀ ਮੰਡਲ ਵਿਚ ਪ੍ਰਵੇਸ਼ ਕਰਨ ਦੇ ਕਾਬਲ ਹੋ ਜਾਂਦੀ ਹੈ। ਜੋ ਅਸਾਡੇ

ਕੋਲ ਹੋਸ਼ ਹੈ, ਬੁੱਧੀ ਹੈ, ਇਹ ਪ੍ਰਕ੍ਰਿਤਕ ਹੈ, ਇਹ ਖਾਧ ਖੁਰਾਕ 'ਚੋਂ, ਵਾਤਾਵਰਣ 'ਚੋਂ ਉਪਜੀ ਹੋਸ਼ ਹੈ, ਇਸ ਦੀ ਉਡਾਰੀ ਪ੍ਰਕ੍ਰਿਤੀ ਤੋਂ ਅੱਗੇ ਨਹੀਂ ਜਾਂਦੀ। ਸਾਇੰਸਦਾਨਾਂ ਨੇ ਪ੍ਰਕ੍ਰਿਤੀ ਦੀ ਬਹੁਤ ਖੋਜ ਕਰ ਲਈ ਅਤੇ ਕੰਮਪਿਊਟਰ ਵਰਗੀਆਂ ਕਾਢਾਂ ਕੱਢ ਲਈਆਂ। Remote control ਵਰਗੇ tool (ਸੰਦ) ਇਨ੍ਹਾਂ ਨੂੰ ਲੱਭ ਗਏ। ਆਦਮੀ ਦੇ ਅੰਦਰਲੀਆਂ ਗੁਪਤ ਗੱਲਾਂ ਜਾਨਣ ਵਾਲੇ detector ਵੀ ਇਨ੍ਹਾਂ ਨੇ ਕੱਢ ਲਏ, ਕਰੋੜਾਂ ਰਕਮਾਂ ਦਾ ਇਕ ਸਕਿੰਟ ਤੋਂ ਵੀ ਘੱਟ ਸਮੇਂ ਵਿਚ ਹਿਸਾਬ ਕੱਢਣ ਵਾਲੇ ਤਰੀਕੇ ਕੱਢ ਲਏ। ਅਸਮਾਨ ਵਿਚ ਇੰਟਰਨੈਟ ਰਾਹੀਂ ਜਿਸ ਦਾ ਵੀ ਜੀ ਕਰਦਾ ਹੈ Key ਦੇ ਅੱਖਰ ਵਰਤ ਕੇ ਉਸ ਸੂਖਸ਼ਮ ਸੁਨੇਹੇ ਨੂੰ ਸਾਕਾਰ ਕਰ ਸਕਦਾ ਹੈ।

ਮੈਨੂੰ ਦੂਰ ਤੋਂ ਟੈਲੀਫੋਨ ਆਇਆ, ਉਥੇ ਸਾਡੀ ਹੀ ਬੀਬੀ ਬੋਲ ਰਹੀ ਸੀ। ਉਹ ਕਹਿਣ ਲੱਗੇ ਕਿ ਮਾਮਾ ਜੀ! ਅਸੀਂ ਤੁਹਾਡਾ ਕੀਰਤਨ ਹਰ ਰੋਜ਼ ਸੁਣ ਲੈਂਦੇ ਹਾਂ ਕਿਉਂਕਿ ਤੁਹਾਡੀਆਂ ਵੀਡੀਓ ਫਿਲਮਾਂ ਇੰਟਰਨੈਟ ਤੇ ਪਹੁੰਚ ਗਈਆਂ ਹਨ। ਅਸੀਂ ਸਵੇਰੇ ਉਠਦੇ ਹੀ ਲਾ ਦਿੰਦੇ ਹਾਂ। ਕਿੱਡੀ ਵੱਡੀ ਪ੍ਰਕ੍ਰਿਤਕ ਪ੍ਰਾਪਤੀ ਹੈ ਕਿ ਆਦਮੀ ਦੀ ਹੋਸ਼ ਗੁੰਮ ਹੋ ਜਾਂਦੀ ਹੈ। ਪਰ ਇਨ੍ਹਾਂ ਖੋਜਾਂ ਦੇ ਬਾਵਜੂਦ ਪ੍ਰਕ੍ਰਿਤਕ ਮੰਡਲ ਤੋਂ ਅੱਗੇ ਝਾਂਕਣ ਵਾਲੀ ਗੱਲ ਇਸ ਕੋਲ ਨਹੀਂ ਹੈ ਜੋ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦੀ ਹੈ। ਸੰਸਾਰ ਸਾਰਾ ਤਿੰਨ dimensions ਵਿਚ ਵਰਤ ਰਿਹਾ ਹੈ ਅਤੇ ਮਹਾਂਪੁਰਸ਼ ਕਿੰਨੀਆਂ dimensions ਵਿਚ ਰਹਿੰਦੇ ਹਨ, ਇਸ ਦਾ ਅਨੁਮਾਨ ਲਾਉਣਾ ਮੁਸ਼ਕਲ ਹੈ। ਇਹ ਪ੍ਰਕ੍ਰਿਤੀ ਦੀਆਂ ਕਾਢਾਂ ਉਪਰਲੀਆਂ ਗੱਲਾਂ ਹਨ ਜਿਸ ਨੂੰ ਆਤਮਾ ਦਾ ਮੰਡਲ ਕਿਹਾ ਜਾਂਦਾ ਹੈ।

ਜਦੋਂ ਮੇਰਾ ਜਨਮ ਨਹੀਂ ਹੋਇਆ ਸੀ ਉਸ ਵੇਲੇ ਮੇਰੀ ਪਤਨੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਸਾਡੇ ਪਿੰਡ ਆਏ ਹੋਏ ਸਨ। ਸਾਡੇ ਮਾਤਾ ਜੀ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀ ਛੁਟੀ ਬਹੁਤ ਸੋਹਣੀ ਕੱਟੀ ਹੈ। ਤੁਸੀਂ ਵੀ ਸਾਡੀ ਸੇਵਾ ਬਹੁਤ ਦੁੱਧ ਵਗੈਰਾ ਪਿਲਾ ਕੇ ਕੀਤੀ ਹੈ। ਮੈਂ ਤੁਹਾਨੂੰ ਇਕ ਭੇਤ ਦੀ ਗੱਲ ਦਸ ਰਿਹਾ ਹਾਂ। ਉਹ ਇਹ ਹੈ ਕਿ ਤੁਹਾਡੇ ਘਰ ਪੁਤਰ ਆਉਣੇ ਹਨ ਉਨ੍ਹਾਂ ਦੀ ਮੈਂ ਗੱਲ ਨਹੀਂ ਕਰਦਾ। ਉਨ੍ਹਾਂ ਤੋਂ ਪਿਛੋਂ ਅੱਜ ਤੋਂ ਅੱਠ ਸਾਲ ਬਾਅਦ ਤੁਹਾਡੇ ਘਰ ਇਕ ਪੁੱਤਰ ਆਵੇਗਾ। ਉਸੇ ਸਮੇਂ ਮੇਰੇ ਘਰ ਵੀ ਇਕ ਲੜਕੀ ਜਨਮ ਲਵੇਗੀ। ਉਨ੍ਹਾਂ ਦੋਹਾਂ ਦਾ ਸੰਜੋਗ ਹੈ। ਉਸ ਲੜਕੀ ਨੇ ਤੁਹਾਡੇ ਪੁੱਤਰ ਦੀ ਪਹਿਲੇ ਜਨਮ ਵਿਚ ਵੀ ਸੇਵਾ ਕੀਤੀ ਹੋਈ ਹੈ। ਹੁਣ ਤੁਸੀਂ ਮੇਰੀ ਸੇਵਾ ਕੁਝ ਦਿਨ ਕੀਤੀ ਹੈ, ਇਸ ਦੇ ਬਦਲੇ ਉਹ ਸਾਰੀ ਉਮਰ ਤੁਹਾਡੀ ਸੇਵਾ ਕਰੇਗੀ। ਇਨ੍ਹਾਂ ਦਾ ਸੰਜੋਗ ਧੁਰ ਦਰਗਾਹ ਤੋਂ ਲਿਖਿਆ ਹੋਇਆ ਹੈ। ਇਸ ਕਰਕੇ ਤੁਸੀਂ ਇਸ ਲੜਕੇ ਦਾ ਕਿਤੇ ਹੋਰ ਮੰਗਣਾ ਨਾ ਕਰਨਾ। ਸਾਡੇ ਮਾਤਾ ਜੀ ਦਸਿਆ ਕਰਦੇ ਸਨ ਕਿ ਤੁਹਾਡਾ ਦੋਹਾਂ ਦੇ ਜਨਮ ਬਾਰੇ ਬੀਬੀ ਰਣਜੀਤ ਕੌਰ ਦੇ ਪਿਤਾ ਜੀ ਦਸ ਗਏ ਸਨ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਉਹ ਕਿਹੜੀ dimension ਸੀ ਜਿਥੇ ਭਵਿੱਖਤ ਨੂੰ ਪੂਰੀ ਤਰ੍ਹਾਂ ਵਾਚ ਲਿਆ ਜਾਂਦਾ ਹੈ। ਮਹਾਂਪੁਰਸ਼ਾਂ ਸਾਮ੍ਹਣੇ ਭਵਿੱਖਤ ਦਾ ਕੋਈ ਪੜਦਾ ਨਹੀਂ ਰਹਿੰਦਾ। ਭੂਤਕਾਲ ਵਿਚ ਹੋ ਚੁੱਕੀ ਗੱਲ ਉਨ੍ਹਾਂ ਦੇ ਵਰਤਮਾਨ ਵਿਚ ਸਾਕਾਰ ਹੋ ਜਾਂਦੀ ਹੈ। ਭਾਰਤ ਵਾਸੀਆਂ ਨੂੰ ਇਕ ਦੋਸ਼ ਲਾਇਆ ਜਾਂਦਾ ਹੈ ਕਿ ਜੇ ਇਨ੍ਹਾਂ ਨੇ ਆਪਣਾ ਇਤਿਹਾਸ ਲਿਖਿਆ ਹੁੰਦਾ ਤਾਂ ਬਹੁਤ ਪੁਰਾਣੀ ਸੋਝੀ ਪੈ ਜਾਣੀ ਸੀ। ਉਸ ਦਾ ਕਾਰਨ ਹੈ ਕਿ ਇਨ੍ਹਾਂ ਨੂੰ ਇਤਿਹਾਸ ਲਿਖਣ ਦੀ ਲੋੜ ਨਹੀਂ ਸੀ। ਉਹ ਜਦੋਂ ਵੀ ਚਾਹੁੰਦੇ ਸਨ ਉਹ ਭੂਤਕਾਲ ਦੀ ਗੱਲ ਨੂੰ ਵਰਤਮਾਨ ਵਿਚ ਪਲਟ ਲਿਆ ਕਰਦੇ ਸਨ। ਜਿਵੇਂ ਅਸੀਂ ਫਿਲਮ ਦੇਖਦੇ ਹਾਂ, ਇਸ ਤਰ੍ਹਾਂ ਸਾਰੀਆਂ ਚੀਜ਼ਾਂ ਸਾਮ੍ਹਣੇ ਆ ਜਾਇਆ ਕਰਦੀਆਂ ਸਨ। ਫਿਲਮ reverse ਕਰਕੇ ਭੂਤਕਾਲ ਪਰਤੱਖ ਹੋ ਜਾਇਆ ਕਰਦਾ ਹੈ ਅਤੇ ਐਡਵਾਂਸ ਕਰਕੇ ਭਵਿੱਖਤ ਸਾਖਸ਼ਾਤ ਹੋ ਜਾਇਆ ਕਰਦਾ ਹੈ। ਜਿਸ ਨੇ ਆਤਮ ਸਾਖਸ਼ਾਤ ਕਰ ਲਿਆ ਉਸ ਨੂੰ ਸਰਬ ਵਿਦਿਆ ਦਾ ਗਿਆਨ ਆਪੇ ਹੀ ਹੋ ਜਾਇਆ ਕਰਦਾ ਹੈ ਕਿਉਂਕਿ ਸਭ ਕੁਝ ਆਤਮਾ ਵਿਚ ਹੈ ਅਤੇ ਆਤਮਾ ਸਭ ਵਿਚ ਹੈ। ਆਤਮ ਗਿਆਨੀ ਭੂਤ ਭਵਿਖਤ ਵਰਤਮਾਨ ਦੇ ਪਰਦਿਆਂ ਦੇ ਅਸਰਾਂ ਤੋਂ ਨਿਰਲੇਪ ਹੁੰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਬਚਿਤ੍ਰ ਨਾਟਕ ਵਿਚ ਆਪਣੇ ਵੰਸ ਪੂਰਵਜਾਂ ਬਾਰੇ ਦਸਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ ਪ੍ਰਭੂ ਬਲ ਨਾਲ ਮੈਂ ਉਨ੍ਹਾਂ ਦੇ ਨਾਮ ਦਸ ਰਿਹਾ ਹਾਂ ਜਿਸ ਤਰ੍ਹਾਂ ਕਿ –

***ਕਹਾ ਲਗੇ ਤੇ ਬਰਨ ਸੁਨਾਊਂ॥***
***ਤਿਨ ਕੇ ਨਾਮ ਨ ਸੰਖਯਾ ਪਾਊਂ॥***
***ਹੋਤ ਚਹੂੰ ਜੁਗ ਮੈ ਜੇ ਆਏ॥***
***ਤਿਨ ਕੇ ਨਾਮ ਨ ਜਾਤ ਗਨਾਏ॥***
***ਜੋ ਅਬ ਤਉ ਕ੍ਰਿਪਾ ਬਲ ਪਾਊਂ॥***
***ਨਾਮ ਜਥਾ ਮਤਿ ਭਾਖ ਸੁਨਾਊਂ॥*** ***ਬਚਿਤ੍ਰ ਨਾਟਕ***

ਇਥੇ ਦਸ਼ਮੇਸ਼ ਪਿਤਾ ਜੀ ਕਿਸੇ ਪੁਸਤਕ ਤੋਂ ਜਾਣਕਾਰੀ ਪ੍ਰਾਪਤ ਕਰਨ ਦਾ ਬਚਨ ਨਹੀਂ ਕਰ ਰਹੇ ਪਰ ਉਹ ਬ੍ਰਹਮ ਲੀਨਤਾ 'ਚੋਂ ਪ੍ਰਾਪਤ ਸੋਝੀ ਦੇ ਬਚਨ ਪ੍ਰਗਟ ਕਰ ਰਹੇ ਹਨ। ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਸਮੇਂ ਨੂੰ ਅੱਗੇ ਪਿਛੇ ਕਰ ਲਿਆ ਕਰਦੇ ਸਨ ਜਿਸ ਦੀਆਂ ਬਹੁਤ ਉਦਾਹਰਣਾਂ ਗ੍ਰੰਥਾਂ ਵਿਚ ਮਿਲਦੀਆਂ ਹਨ।

ਕ੍ਰਿਸ਼ਨ ਮਹਾਰਾਜ ਜੀ ਅਰਜਨ ਸਮੇਤ ਮਹਾਂਭਾਰਤ ਦੇ ਮੈਦਾਨ ਵਿਚ ਯੁੱਧ ਵਾਸਤੇ ਡਟੀਆਂ ਹੋਈਆਂ ਫੌਜਾਂ ਦਾ, ਦੋਹਾਂ ਪਾਸਿਆਂ ਦਾ ਨਰੀਖਣ ਕਰ ਰਹੇ ਸਨ। ਉਸ ਵੇਲੇ ਅਰਜਨ ਸਭ ਪਾਸੀਂ ਆਪਣੇ ਰਿਸ਼ਤੇਦਾਰ ਦੇਖ ਕੇ ਸ਼ੋਕ ਵਿਚ ਆ ਗਿਆ ਅਤੇ ਆਪਣਾ ਗੰਡੀਵ ਧਨੁਸ਼ ਰਖ ਦਿਤਾ ਅਤੇ ਭਗਵਾਨ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ ਕਿ ਮੇਰੇ ਵਿਚ ਬਲ ਨਹੀਂ ਰਿਹਾ ਕਿ ਮੈਂ ਆਪਣੇ ਮਾਮੇ, ਚਾਚੇ, ਤਾਏ, ਮਾਮਾ ਸਹੁਰੇ ਪਿਤਾ ਨੂੰ ਮਾਰਾਂ ਅਤੇ ਇਹ ਆਪਣੇ ਰਿਸ਼ਤੇਦਾਰਾਂ ਨੂੰ ਮਾਰਨ। ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਅਤਿ ਉਤਮ ਗਿਆਨ ਗੀਤਾ ਵਿਚ ਬਚਨ ਬਿਲਾਸ ਰਾਹੀਂ ਸੁਣਾਇਆ ਇਸੇ ਗਿਆਨ ਨੂੰ ਵੇਦ ਵਿਆਸ ਜੀ ਨੇ ਭੂਤਕਾਲ ਨੂੰ ਵਰਤਮਾਨ ਵਿਚ ਬਦਲ ਕੇ ਗੀਤਾ ਲਿਖੀ। ਇਸੇ ਤਰ੍ਹਾਂ ਨਾਲ ਜਦੋਂ ਜਨਮੇਜਾ ਨਾਲ ਬਚਨ ਬਿਲਾਸ ਕਰ ਰਹੇ ਸਨ ਤਾਂ ਜਨਮੇਜੇ ਨੇ ਜੋ ਅਰਜਨ ਦਾ ਪੋਤਾ ਸੀ, ਸ਼ਕਾਇਤ ਕੀਤੀ ਕਿ ਦਾਦਾ ਜੀ! ਆਪ ਵਰਗੇ ਮਹਾਨ ਰਿਸ਼ੀਆਂ ਦੇ ਹੁੰਦਿਆਂ ਹੋਇਆਂ, ਕ੍ਰਿਸ਼ਨ ਮਹਾਰਾਜ ਜੀ ਵਰਗੇ 16 ਕਲਾਂ ਸੰਪੂਰਨ ਅਵਤਾਰ ਹੁੰਦਿਆਂ ਹੋਇਆਂ, ਗੁਰੂ ਕ੍ਰਿਪਾਚਾਰੀਅਯ, ਗੁਰੂ ਦਰੋਣਾਚਾਰੀਆ ਦੇ ਹੁੰਦਿਆਂ ਹੋਇਆਂ ਇਹ ਮਹਾਂਭਾਰਤ ਦਾ ਯੁੱਧ ਕਿਉਂ ਲੜਨ ਦਿਤਾ। ਉਸ ਵੇਲੇ ਆਪ ਨੇ ਕਿਹਾ ਕਿ ਜਨਮੇਜਾ –

***ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁੱਧ।***

ਇਹ ਯੁੱਧ ਨੇ ਹੋਣਾ ਹੀ ਸੀ, ਮੈਂ ਵੀ ਬਹੁਤ ਜ਼ੋਰ ਲਾਇਆ ਅਤੇ ਇਸ ਦੇ ਪਰਿਣਾਮਾਂ ਬਾਰੇ ਗਿਆਤ ਦਿਤੀ। ਕ੍ਰਿਸ਼ਨ ਮਹਾਰਾਜ ਜੀ ਦੂਤ ਬਣ ਕੇ ਆਏ, ਸਮਝੌਤਾ ਕਰਾਉਣ ਵਾਲੇ ਬਣ ਕੇ ਆਏ। ਪਰ ਉਨ੍ਹਾਂ ਦੀ ਕੋਈ ਗੱਲ ਨਾ ਸੁਣੀ। ਦੁਰਯੋਧਨ ਹੰਕਾਰੀ ਹੋ ਗਿਆ ਸੀ। ਉਸ ਨੇ ਇਥੋਂ ਤਕ ਕਿਹਾ ਕਿ ਕ੍ਰਿਸ਼ਨ ਮਹਾਰਾਜ ਨੂੰ ਕੈਦ ਕਰ ਦਿਓ। ਕ੍ਰਿਸ਼ਨ ਮਹਾਰਾਜ ਜੀ ਕੋਲ 4000 ਯੋਧਾ ਸੀ, ਉਹ ਉਸ ਥਾਂ ਤੋਂ ਉਠ ਕੇ ਚਲ ਕੇ ਬਾਹਰ ਆ ਗਏ। ਜਨਮੇਜਾ! ਉਸ ਸਮੇਂ ਕੌਰਵ ਕੋਈ ਗੱਲ ਨਹੀਂ ਸੀ ਸੁਣਦੇ ਕਿਉਂਕਿ ਰਾਜ ਭਾਗ ਦਾ ਹੱਕ ਪਾਂਡਵਾਂ ਦਾ ਸੀ। ਧ੍ਰਿਤਰਾਸ਼ਟਰ ਦੇ ਬੱਚਿਆਂ ਨੇ ਧੋਖੇ ਨਾਲ ਰਾਜ ਹਥਿਆ ਲਿਆ। ਪਾਂਡਵ 13 ਸਾਲ ਦਾ ਸੰਕਟਮਈ ਬਨਵਾਸ ਕੱਟ ਕੇ ਆਏ ਉਨ੍ਹਾਂ ਨੂੰ ਇਥੋਂ ਤਕ ਕਹਿ ਦਿਤਾ ਕਿ ਇਕ ਸੂਈ ਦੇ ਨੱਕੇ ਜਿੰਨਾਂ ਵੀ ਥਾਂ ਇਨ੍ਹਾਂ ਨੂੰ ਨਹੀਂ ਦੇਣਾ। ਭਾਵੇਂ ਰਾਜਾ ਧ੍ਰਿਤਰਾਸ਼ਟਰ ਸੀ ਪਰ ਹੁਕਮ ਅਭਿਮਾਨੀ ਦੁਰਯੋਧਨ ਦਾ ਹੋਇਆ ਕਰਦਾ ਸੀ। ਆਪਣੇ ਹੱਕ ਨੂੰ ਪ੍ਰਾਪਤ ਕਰਨਾ ਧਰਮ ਹੋਇਆ ਕਰਦਾ ਹੈ। ਪਾਂਡਵਾ ਦਾ ਯੁੱਧ ਕਰਨਾ ਹੱਕ ਨੂੰ ਪ੍ਰਾਪਤ ਕਰਨਾ ਸੀ। ਦੁਰਯੋਧਨ ਦਾ ਯੁਧ ਕਰਨਾ ਇਕ ਅਨੁਆਇ ਤੇ ਅਧਾਰਿਤ ਸੀ, ਸਮਝੋਤਿਆਂ ਦੇ ਹੀਲੇ ਬਹਾਨੇ ਸਭ ਖਤਮ ਹੋ ਚੁਕੇ ਸਨ। ਜਦੋਂ ਜੀਉਣ ਦਾ ਕੋਈ ਸਾਧਨ ਨਾ ਬਚੇ ਫੇਰ ਯੁੱਧ ਕਰਨਾ ਆਦਮੀ ਦਾ ਹੱਕ ਹੈ, ਇਸ ਕਰਕੇ ਇਹ ਯੁੱਧ ਹੋਇਆ। ਹੋਣਾ ਹੀ ਸੀ, ਟਲ ਨਹੀਂ ਸੀ ਸਕਣਾ।

ਰਾਜਾ ਜਨਮੇਜਾ ਕਹਿਣ ਲੱਗਾ, "ਮਹਾਂਰਿਸ਼ੀ ਜੀ! ਮੈਂ ਪੂਰੇ ਸਤਿਕਾਰ ਨਾਲ ਇਸ ਉਪਰ ਤਰਕ ਕਰਦਾ ਹਾਂ ਕਿ ਜੇ ਮੈਨੂੰ ਪਤਾ ਹੋਵੇ ਕਿ ਐਡੀ ਭਿਆਨਕ ਸਮਸਿਆ ਆ ਜਾਵੇਗੀ ਤਾਂ ਮੈਂ ਕਦੇ ਵੀ ਯੁੱਧ ਨਾ ਹੋਣ ਦਿੰਦਾ। ਸਾਡੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਇਸ ਕਰਕੇ ਅਚੇਤ ਹੀ ਦੁਖ ਵਿਚ ਆਉਣ ਵਾਲੀਆਂ ਘਟਨਾਵਾਂ ਵਿਚ ਅਸੀਂ ਫਸ ਜਾਂਦੇ ਹਾਂ।" ਜਦੋਂ ਨਾ ਮੰਨਿਆ ਤਾਂ ਵੇਦ ਵਿਆਸ ਜੀ ਬੈਠ ਗਏ। ਸੁਰਤ ਖਿਚੀ ਅਤੇ ਆਉਣ ਵਾਲਾ ਭਵਿੱਖ ਸਾਰਾ ਦੇਖ ਲਿਆ ਅਤੇ ਕਿਹਾ ਕਿ ਜਨਮੇਜਾ ਤੂੰ ਕੋਹੜੀ ਹੋ ਕੇ ਮਰੇਂਗਾ। ਇਸ ਨੇ ਕਿਹਾ ਕਿ ਕੋਹੜ ਹੋਵੇਗਾ ਕਿਵੇਂ? ਵੇਦ ਵਿਆਸ ਜੀ ਕਹਿਣ ਲੱਗੇ ਕਿ ਸਾਰੀਆਂ ਗੱਲਾਂ ਲਿਖ ਲੈ। ਅਸੀਂ ਤੈਨੂੰ ਦੱਸ ਵੀ ਜਾਵਾਂਗੇ ਪਰ ਤੂੰ ਉਸ ਤੋਂ ਉਲਟ ਚਲੇਂਗਾ। ਭਾਗਵਤ ਕਥਾ ਵੀ ਅਸੀਂ ਹੀ ਆ ਕੇ ਸੁਣਾਵਾਂਗੇ ਪਰ ਤੂੰ ਇਕ ਗੱਲ ਮੰਨਣ ਤੋਂ ਇਨਕਾਰੀ ਹੋ ਜਾਵੇਂਗਾ ਅਤੇ ਤੇਰੇ ਨੱਕ ਤੇ ਕੋਹੜ ਰਹਿ ਜਾਵੇਗਾ ਜਿਸ ਨਾਲ ਤੇਰੀ ਮੌਤ ਹੋ ਜਾਵੇਗੀ। ਮੈਂ ਤੈਨੂੰ ਦਸਾਂਗਾ ਵੀ ਕਿ ਇਸ ਕਥਾ ਨੂੰ ਝੂਠੀ ਨਾ ਮੰਨੀਂ ਪਰ ਤੂੰ ਹੋਣੀ ਦੇ ਵਸ ਹੋਣ ਕਰਕੇ ਨਾਂਹ ਕਰ ਦੇਣੀ ਹੈ। ਤੇਰੀ ਮੌਤ ਹੋ ਜਾਣੀ ਹੈ। ਆਪ ਨੇ ਕਿਹਾ ਕਿ ਕਾਗਜ਼ ਮੰਗਾਓ, ਲਿਖ ਲਓ। ਉਸ ਵੇਲੇ ਵੇਦ ਵਿਆਸ ਜੀ ਲਿਖਾਉਣ ਲੱਗ ਗਏ, ਆਪ ਨੇ ਕਿਹਾ ਕਿ ਰਾਜਨ! ਤੂੰ ਬਹੁਤ ਸੋਹਣੀ ਘੋੜੀ ਖਰੀਦੇਂਗਾ, ਉਸ ਉਪਰ ਚੜ੍ਹ ਕੇ ਦੱਖਣ ਦਿਸ਼ਾ ਨੂੰ ਜਾਵੇਂਗਾ, ਉਥੇ ਕੁਝ ਅਨਾਰੀਅਨ ਕੁਲ ਦੀਆਂ ਕੁਝ ਸੁੰਦਰੀਆਂ ਤੈਨੂੰ ਮਿਲਣਗੀਆਂ। ਤੂੰ ਪਾਣੀ ਦੀ ਪਿਆਸ ਬੁਝਾਉਣ ਵਾਸਤੇ ਉਨ੍ਹਾਂ ਵਿਚੋਂ ਜੋ ਸਭ ਤੋਂ ਖੂਬਸੂਰਤ ਹੋਵੇਗੀ ਉਸ ਨੂੰ ਪਾਣੀ ਲਿਆਉਣ ਲਈ ਕਹੇਂਗਾ। ਉਹ ਪਾਣੀ ਪਿਲਾਵੇਗੀ, ਤੂੰ ਪਾਣੀ ਪੀਂਦਾ-ਪੀਂਦਾ ਉਸ ਉਪਰ ਮੋਹਤ ਹੋ ਜਾਵੇਂਗਾ। ਉਹ ਵੀ ਤੇਰੇ ਉਪਰ ਮੋਹਿਤ ਹੋ ਜਾਵੇਗੀ, ਤੂੰ ਉਸ ਨੂੰ ਆਪਣੇ ਘਰ ਲੈ ਜਾਵੇਂਗਾ। ਜਿਸ ਕਰਕੇ ਆਰੀਅਨ ਤੇਰੀ ਵਿਰੋਧਤਾ ਕਰਨਗੇ ਅਤੇ ਇਸ ਸ਼ਾਦੀ ਨੂੰ ਬਹੁਤ ਬੁਰਾ ਮੰਨਣਗੇ। ਤੂੰ ਇਸੇ ਸਬੰਧ ਵਿਚ ਕਾਲੇ ਕੰਨਾਂ ਵਾਲੇ ਚਿੱਟੇ ਘੋੜੇ ਰਾਹੀਂ ਅਸ਼੍ਵਮੇਧ ਯੱਗ ਵਾਸਤੇ ਸਾਰੇ ਦੇਸ਼ਾਂ ਵਿਚ ਇਸ ਘੋੜੇ ਨੂੰ ਫੇਰੇਂਗਾ ਕਿਸੇ ਨੇ ਇਸ ਘੋੜੇ ਦੀ ਬਾਗ ਨਹੀਂ ਫੜਨੀ। ਤੂੰ ਰਾਜਸੀ ਅਸ਼੍ਵਮੇਧ ਯੱਗ ਆਰੰਭ ਕਰ ਦੇਵੇਂਗਾ ਪਰ ਕੋਈ ਵੀ ਆਰੀਅਨ ਬ੍ਰਾਹਮਣ ਯੱਗ ਵਿਚ ਸ਼ਾਮਲ ਨਹੀਂ ਹੋਵੇਗਾ। ਉਸ ਵੇਲੇ ਵਿਦਿਆਲੇ ਤੋਂ 18 ਗੋਤਰਾਂ ਦੇ ਵਿਦਿਆਰਥੀ ਯੱਗ ਦੀ ਸੰਪੂਰਨਤਾ ਵਾਸਤੇ ਲਿਆਵੇਂਗਾ। ਕੋਈ ਐਸੀ ਘਟਨਾ ਵਾਪਰੇਗੀ ਕਿ ਤੂੰ ਉਨ੍ਹਾਂ ਸਾਰਿਆਂ ਨੂੰ ਮਾਰ ਦੇਵੇਂਗਾ, ਤੈਨੂੰ ਕੋਹੜ ਹੋ ਜਾਵੇਗਾ। ਮੈਂ ਤੈਨੂੰ ਭਗਵਤ ਦੀ ਕਥਾ ਸੁਣਾਉਣ ਆਵਾਂਗਾ, ਤੂੰ ਇਕ ਬਚਨ ਨੂੰ ਨਹੀਂ ਮੰਨੇਗਾ ਜਿਸ ਕਰਕੇ ਤੇਰੀ ਮੌਤ ਹੋ ਜਾਵੇਗੀ।

ਰਾਜਾ ਜਨਮੇਜੇ ਨੇ ਉਸੇ ਵੇਲੇ ਸੈਨਾਪਤੀ ਬੁਲਾਏ ਅਤੇ ਆਪਣੇ ਉਤੇ ਆਉਣ ਵਾਲੀ ਸਾਰੀ ਭਾਵੀ ਦੀ ਕਥਾ ਸੁਣਾਈ। ਇਸ ਤੋਂ ਬਚਣ ਲਈ ਕਿਹਾ ਕਿ ਘੋੜੇ ਨਹੀਂ ਖਰੀਦਣੇ। ਉਸ ਵੇਲੇ ਸੈਨਾਪਤੀਆਂ ਨੇ ਕਿਹਾ ਕਿ ਆਪਣੀ ਜੋ ਘੋੜਸਵਾਰ ਫੌਜ ਹੈ ਇਹ ਤੇਜ਼ੀ ਨਾਲ ਦੌੜ ਨਹੀਂ ਸਕੇਗੀ। ਜੇ ਕੋਈ ਹਮਲਾਵਰ (ਆਕਰਮਣਕਾਰੀ) ਆ ਗਿਆ ਤਾਂ ਅਸਾਨੂੰ ਯੁੱਧ ਕਰਨ ਵਿਚ ਬਹੁਤ ਮੁਸ਼ਕਲ ਹੋਵੇਗੀ। ਇਸ ਕਰਕੇ ਘੋੜੇ ਖਰੀਦਣ ਦੀ ਆਗਿਆ ਦੇ ਦੇਵੋ। ਉਸ ਵੇਲੇ ਉਨ੍ਹਾਂ ਨੇ ਘੋੜੇ ਖਰੀਦ ਲਏ। ਉਸ ਵਪਾਰੀ ਪਾਸ ਇਕ ਬਹੁਤ ਹੀ ਸੁੰਦਰ ਘੋੜੀ ਸੀ ਜੋ ਹਵਾ

ਦੀ ਚਾਲ ਤੋਂ ਵੀ ਅੱਗੇ ਭਜ ਸਕਦੀ ਸੀ। ਉਸ ਘੋੜੀ ਦਾ ਕੱਦ ਕਾਠ ਬਹੁਤ ਹੀ ਢੁਕਵਾਂ ਅਤੇ ਰੰਗ ਤਿੱਖਾ ਸੀ। ਉਸ ਦੀ ਚਾਲ ਹਵਾ ਨੂੰ ਮਾਤ ਪਾਉਂਦੀ ਸੀ। ਉਹ ਘੋੜੀ ਅਜਿਹੇ ਛਲ ਵਲ ਦਿਖਾ ਰਹੀ ਸੀ, ਉਸ ਦੇ ਸੁੰਮਾਂ ਦੀ ਗਰਦ ਸੂਰਜ ਦੇ ਚਿਹਰੇ ਨੂੰ ਬੇਆਬ ਕਰ ਰਹੀ ਸੀ। ਉਸ ਨੂੰ ਦੇਖਣ ਲਈ ਸ਼ਹਿਰ ਇਕੱਠਾ ਹੋ ਗਿਆ। ਰਾਜੇ ਨੂੰ ਖਬਰ ਕੀਤੀ ਗਈ ਕਿ ਇਹੋ ਜਿਹੀ ਘੋੜੀ ਸਿਰਫ ਆਪ ਨੂੰ ਹੀ ਸ਼ੋਭਦੀ ਹੈ। ਆਪ ਉਸ ਨੂੰ ਜ਼ਰੂਰ ਲੈ ਲਵੋ ਪਰ ਸਵਾਰੀ ਉਸਦੀ ਨਾ ਕਰੋ। ਰਾਜਾ ਜਨਮੇਜਾ ਕਿਉਂਕਿ ਭਾਵੀ ਦੇ ਵਸ ਵਿਚ ਸੀ, ਉਸ ਨੇ ਬਹੁਤੀ ਵਿਚਾਰ ਨਾ ਕਰਦਿਆਂ ਉਸ ਘੋੜੀ ਨੂੰ ਵੇਖਣ ਚਲਿਆ ਗਿਆ। ਜਦੋਂ ਦੇਖਿਆ ਤਾਂ ਉਸ ਦਾ ਸਰੀਰ ਉਸ ਨੂੰ ਪਰੀਆਂ ਵਰਗਾ ਲੱਗਿਆ, ਉਸ ਵਿਚ ਹਿਰਨੀ ਜਿਹਾ ਵਲ ਛਲ ਅਤੇ ਬਿਜਲੀ ਜਿੰਨੀ ਤੇਜ਼ੀ ਸੀ। ਉਸ ਨੇ ਉਸ ਨੂੰ ਮੁੱਲ ਲੈ ਲਿਆ। ਘੋੜੀ ਉਪਰ ਤੁਰੰਤ ਸਵਾਰ ਹੋ ਗਿਆ, ਬੈਠਣ ਦੀ ਦੇਰ ਸੀ ਕਿ ਉਹ ਹਵਾ ਦੇ ਵੇਗ ਵਿਚ ਹਿਰਨ ਦੀ ਤਰ੍ਹਾਂ ਭੱਜਣ ਲੱਗੀ। ਉਹ ਇਸ ਨੂੰ ਅਜਿਹੇ ਜੰਗਲ ਵਿਚ ਲੈ ਗਈ ਜੋ ਬਹੁਤ ਹੀ ਭਿਆਨਕ ਜੰਗਲ ਸੀ ਜਿਥੇ ਕੰਡਿਆਲੇ ਬਿਰਛ ਇੰਨੇ ਜ਼ਿਆਦਾ ਸਨ ਕਿ ਰਾਜੇ ਨੂੰ ਤੁਰਨਾ ਵੀ ਕਠਿਨ ਸੀ। ਰਾਜਾ ਬਹੁਤ ਘਬਰਾਇਆ। ਇਧਰ ਉਧਰ ਨਜ਼ਰ ਮਾਰੀ ਤਾਂ ਕੀ ਦੇਖਿਆ ਇਕ ਨਵੀਂ ਨਵੇਲੀ ਛੈਲ ਛਬੀਲੀ ਕੰਵਾਰੀ ਲੜਕੀ ਜਿਸ ਦੀ ਸੁੰਦਰਤਾ ਨੂੰ ਦੇਖ ਕੇ ਸੂਰਜ ਵੀ ਮਾਤ ਪੈਂਦਾ ਸੀ। ਉਹ ਮੋਰ ਦੀ ਤਰ੍ਹਾਂ ਉਸ ਜੰਗਲ ਵਿਚ ਘੁੰਮਦੀ ਫਿਰਦੀ ਸੀ। ਉਸ ਨੇ ਰਾਜੇ ਨੂੰ ਦੇਖਿਆ। ਉਸ ਦੇ ਨੇਤਰ ਦੇਖ ਕੇ ਰਾਜਾ ਜਨਮੇਜਾ ਘਾਇਲ ਹੋ ਗਿਆ, ਸਭ ਕੁਝ ਭੁੱਲ ਗਿਆ। ਬੁੱਧੀ, ਸੰਤੋਖ, ਸੱਤਾ ਅਤੇ ਧੀਰਜ ਸਭ ਕੁਝ ਭੁੱਲ ਗਿਆ। ਬਗੈਰ ਕੁਝ ਸੋਚੇ ਸਮਝੇ ਤੋਂ ਉਸ ਲੜਕੀ ਕੋਲ ਚਲਿਆ ਗਿਆ। ਪੁੱਛਣ ਲੱਗਿਆ ਕਿ ਤੂੰ ਇਸ ਜੰਗਲ ਵਿਚ ਕਿਉਂ ਘੁੰਮ ਰਹੀ ਹੈਂ, ਉਸ ਨੇ ਅਜਿਹੇ ਭਾਵਾਂ ਵਿਚ ਗੱਲ ਕੀਤੀ ਕਿ ਰਾਜੇ ਜਨਮੇਜੇ ਦੀ ਪੂਰੀ ਤਰ੍ਹਾਂ ਨਾਲ ਮੱਤ ਮਾਰੀ ਗਈ। ਉਨ੍ਹਾਂ ਦਿਨਾਂ ਵਿਚ ਅਣਵਿਆਹੀ ਔਰਤ ਨੂੰ ਕੋਈ ਚੁੱਕ ਕੇ ਨਹੀਂ ਸੀ ਲਿਆਇਆ ਕਰਦਾ, ਵਿਆਹ ਕਰਨਾ ਲਾਜ਼ਮੀ ਹੋਇਆ ਕਰਦਾ ਸੀ। ਉਸ ਨੇ ਜੰਗਲ ਵਿਚ ਪਉਣ, ਪਾਣੀ, ਪੰਛੀਆਂ ਨੂੰ ਜਾਮਨ ਰੱਖ ਕੇ ਆਖਿਆ ਕਿ ਤੁਸੀਂ ਸਾਰੇ ਜਾਮਨ ਹੋਂ, ਮੈਂ ਇਸ ਨਾਲ ਸ਼ਾਦੀ ਕਰ ਰਿਹਾ ਹਾਂ। ਉਸ ਨੂੰ ਪਤਨੀ ਬਣਾ ਕੇ ਘੋੜੇ ਤੇ ਬਿਠਾ ਕੇ ਆਪਣੇ ਰਾਜ ਵਿਚ ਲੈ ਆਇਆ ਅਤੇ ਇਸ ਨੇ ਦੂਜੀਆਂ ਰਾਣੀਆਂ ਤੋਂ ਵੀ ਸੁੰਦਰ ਮਹੱਲ ਵਿਚ ਇਸ ਨੂੰ ਰੱਖਿਆ, ਉਸ ਉਤੇ ਅਜਿਹਾ ਮੋਹਤ ਹੋਇਆ ਕਿ ਇਸ ਨੇ ਰਾਜਸੀ ਕੰਮਾਂ ਨੂੰ ਵੀ ਪਿਛੇ ਪਾ ਦਿਤਾ। ਸਾਰਾ ਦਿਨ ਉਸ ਦੇ ਪਾਸ ਹੀ ਬੈਠਾ ਰਹਿੰਦਾ ਸੀ। ਇਸ ਗੱਲ ਨੂੰ ਪਰਜਾ ਨੇ ਚੰਗਾ ਨਾ ਜਾਣਿਆ ਅਤੇ ਰਾਜੇ ਦੇ ਖਿਲਾਫ ਪਰਜਾ ਵਿਦਰੋਹ ਕਰਨ ਤਕ ਤਿਆਰ ਹੋ ਗਈ। ਇਸ ਨੇ ਉਸ ਨੂੰ ਦਬਾਉਣ ਵਾਸਤੇ ਰਾਜਸੂ ਯੱਗ ਕੀਤਾ। ਸਾਰੇ ਭਾਰਤ ਵਰਸ਼ ਵਿਚ ਘੋੜਾ ਫੇਰਿਆ ਅਤੇ ਯੱਗ ਦਾ ਐਲਾਨ ਕਰ ਦਿਤਾ ਪਰ ਬ੍ਰਾਹਮਣ ਉਸ ਦੇ ਯੱਗ ਵਿਚ ਨਾ ਆਏ। ਉਹ ਵਿਦਿਆਲੇ ਵਿਚੋਂ ਪੜ੍ਹਨ ਵਾਲੇ ਬੱਚਿਆਂ ਨੂੰ ਲੈ ਆਇਆ। ਜਦੋਂ ਰਾਜਾ ਪੰਗਤਾਂ ਵਿਚ ਫਿਰ ਰਿਹਾ ਸੀ, ਉਸ ਦੀ ਰਾਣੀ ਅਨੇਕ ਤਰ੍ਹਾਂ ਦੇ ਹਾਵ ਭਾਵ, ਅਨੇਕ ਤਰ੍ਹਾਂ ਦੇ ਸੁਗੰਧੀਆਂ ਭਰੇ ਵਸਤਰਾਂ ਨਾਲ ਘੁੰਮ ਰਹੀ ਸੀ, ਉਸ ਦੀਆਂ ਪਜੇਬਾਂ ਦੀ ਛਣਕਾਰ ਇਕ ਰਾਗ ਪੈਦਾ ਕਰਦੀ ਸੀ। ਬੱਚੇ ਉਸ ਰਾਣੀ ਨੂੰ ਦੇਖ ਕੇ ਅਚਾਨਕ ਹਸ ਪਏ, ਹੱਸੇ ਤਾਂ ਉਹ ਆਪਣੀ ਕਿਸੀ ਗੱਲ ਤੇ ਸੀ ਪਰ ਰਾਣੀ ਨੂੰ ਇਸ ਤਰ੍ਹਾਂ ਭਾਸਿਆ ਕਿ ਮੈਨੂੰ ਦੇਖ ਕੇ ਹੱਸੇ ਹਨ। ਰਾਜਾ ਜਨਮੇਜਾ ਇਹ ਦੇਖ ਕੇ ਬ੍ਰਾਹਮਣ ਬੱਚਿਆਂ ਉਪਰ ਕ੍ਰੋਧਵਾਨ ਹੋ ਗਿਆ। ਜਲਾਦਾਂ ਨੂੰ ਇਸ਼ਾਰਾ ਕਰ ਦਿਤਾ ਕਿ ਸਭ ਨੂੰ ਕਤਲ ਕਰ ਦਿਤਾ ਜਾਵੇ, ਕੁਝ ਨੂੰ ਕੜਾਹਿਆਂ ਵਿਚ ਸੁੱਟ ਦਿਤਾ ਗਿਆ, ਕੁਝ ਨੂੰ ਭੱਠਾਂ ਵਿਚ ਸੁਟ ਦਿਤਾ। ਕ੍ਰੋਧ ਅਤੇ ਪਾਗਲਪਣ ਵਿਚ ਉਨ੍ਹਾਂ ਨਿਰਦੋਸ਼ੀਆਂ ਨੂੰ ਕਤਲ ਤਾਂ ਕਰਵਾ ਦਿਤਾ ਪਰ ਜਦ ਜਨਮੇਜੇ ਨੂੰ ਹੋਸ਼ ਆਈ ਤਾਂ ਬ੍ਰਹਮ ਹਤਿਆ ਦੇ ਦੰਡ ਦਾ ਖਿਆਲ ਕਰਕੇ ਕੰਬ ਉਠਿਆ। ਸੰਸਾਰ ਦੀ ਬਰਬਾਦੀ ਅਤੇ ਪਰਲੋਕ ਵਿਚ ਮੂੰਹ ਤੇ ਕਾਲਖ ਦਾ ਧਿਆਨ ਕਰਕੇ ਸੋਗਵਾਨ ਹੋ ਗਿਆ। ਸ਼ਰਮ ਦੇ ਮਾਰੇ ਉਸ ਦੀ ਗਰਦਨ ਝੁਕ ਗਈ।

ਐਨ ਉਸੇ ਵੇਲੇ ਵਿਆਸ ਜੀ ਪ੍ਰਗਟ ਹੋ ਗਏ ਅਤੇ ਕਹਿਣ ਲੱਗੇ ਕਿ ਬੇਟਾ! ਤੈਨੂੰ ਤਾਂ ਅਸੀਂ ਗੱਲ ਸਮਝਾ ਦਿਤੀ ਸੀ, ਫੇਰ ਵੀ ਤੂੰ ਪ੍ਰਮਾਤਮਾ ਦੇ ਵਰਤ ਰਹੇ ਹੁਕਮ ਦਾ ਕੋਈ ਇਲਾਜ ਨਾ ਕਰ ਸਕਿਆ। ਉਹ ਅਤਿਅੰਤ ਸ਼ਰਮਿੰਦਗੀ ਨਾਲ ਗਿੜਗਿੜਾ ਕੇ ਬੋਲਿਆ ਕਿ ਮਹਾਰਾਜ! ਮੈਂ ਆਪਣੇ ਬਚਨਾਂ ਅਤੇ ਕਰਤੂਤ ਉਤੇ ਅਤਿਅੰਤ ਸ਼ਰਮਿੰਦਾ ਹਾਂ। ਹੁਣ ਮੈਨੂੰ ਕੋਈ ਅਜਿਹਾ ਉਪਾਓ ਦੱਸੋ ਜਿਸ ਤੋਂ ਇਸ ਬੱਜਰ ਪਾਪ ਦਾ ਪ੍ਰਾਸ਼ਚਿਤ ਹੋ ਸਕੇ ਅਤੇ ਮੈਂ ਪ੍ਰਲੋਕ ਵਿਚ ਇਸ ਪਾਪ ਦੇ ਦੰਡ ਨੂੰ ਭੁਗਤਣ ਤੋਂ ਬਚ ਜਾਵਾਂ। ਵਿਆਸ ਦੇਵ ਜੀ ਨੇ ਪ੍ਰਾਸ਼ਚਿਤ ਦੇ ਤੌਰ ਤੇ ਬਹੁਤ ਕੁਝ ਦਾਨ ਦੇਣ ਦੀ ਹਦਾਇਤ ਕੀਤੀ, ਉਸ ਵੇਲੇ ਭਾਗਵਤ ਪੁਰਾਣ ਜਿਸ ਵਿਚ ਮਹਾਂਭਾਰਤ ਦਾ ਵੀ ਹਾਲ ਹੈ, ਉਸ ਦੀ ਕਥਾ ਕਰਨ ਵਾਸਤੇ ਹੁਕਮ ਦਿਤਾ। ਉਸ ਵੇਲੇ ਵਿਆਸ ਜੀ ਨੇ ਸਨਾਤਨ ਨਾਮ ਦਾ ਸ਼ਿਸ਼ ਕਥਾ ਕਰਨ ਵਾਸਤੇ ਨਿਯੁਕਤ ਕਰ ਦਿਤਾ। ਭਗਵਤ ਪਰਾਣ ਦੀ ਕਥਾ ਸ਼ੁਰੂ ਹੋ ਗਈ। ਜਿਉਂ-ਜਿਉਂ ਰਾਜਾ ਜਨਮੇਜਾ ਸੁਣਦਾ ਗਿਆ, (ਸੁਣਿਐ ਦੂਖ ਪਾਪ ਕਾ ਨਾਸ) ਅਨੁਸਾਰ ਸਰੀਰ ਦਾ ਕੋਹੜ ਦੂਰ ਹੁੰਦਾ ਗਿਆ। ਜਿਉਂ-ਜਿਉਂ ਇਹ ਰਾਜ਼ੀ ਹੁੰਦਾ ਗਿਆ ਤਿਉਂ-ਤਿਉਂ ਨਿਯਮਪੂਰਵਕ ਰਾਜ ਪ੍ਰਬੰਧ ਵਲ ਵੀ ਇਸ ਨੇ ਧਿਆਨ ਦੇਣਾ ਸ਼ੁਰੂ ਕਰ ਦਿਤਾ। ਜਦੋਂ ਕਥਾ ਸੁਣਦੇ-ਸੁਣਦੇ ਇਹ ਜ਼ਿਕਰ ਆਇਆ ਕਿ ਭੀਮ ਦੁਸ਼ਮਣਾਂ ਵਿਚ ਘਿਰ ਗਿਆ, ਉਸ ਪਾਸ ਨਾ ਗਦਾ ਸੀ, ਨਾ ਕਮਾਨ ਸੀ, ਨਾ ਕੋਈ ਸ਼ਸ਼ਤਰ ਸੀ, ਉਸ ਵੇਲੇ ਉਸ ਨੂੰ ਹਾਥੀਆਂ ਨੇ ਘੇਰਾ ਪਾ ਲਿਆ। ਭੀਮਸੈਨ ਨੇ ਮੰਤਰ ਬਲ ਨਾਲ ਹਾਥੀ ਉਪਰਲੀ space ਵਿਚ ਘੁੰਮਾ ਮਾਰੇ। ਰਾਜੇ ਜਨਮੇਜੇ ਨੇ ਕਿਹਾ ਕਿ ਇਹ ਗੱਲ ਮੈਂ ਨਹੀਂ ਮੰਨ ਸਕਦਾ। ਆਦਮੀ ਵਿਚ ਐਨਾ ਬਲ ਕਿਥੋਂ ਆ ਗਿਆ ਕਿ ਹਾਥੀਆਂ ਨੂੰ ਅਸਮਾਨਾਂ ਵਿਚ ਸੁੱਟ ਦੇਵੇ। ਵੇਦ ਵਿਆਸ ਜੀ ਨੇ ਕਿਹਾ ਕਿ ਜਿਵੇਂ ਅਸੀਂ ਕਿਹਾ ਸੀ ਉਸੇ ਤਰ੍ਹਾਂ ਹੀ ਹੋਇਆ ਨਾ। ਤੂੰ ਨੱਕ ਮਾਰਿਆ, ਤੇਰੇ ਨੱਕ ਉਪਰ ਕੋਹੜ ਰਹਿ ਗਿਆ ਇਸ ਨਾਲ ਹੀ ਤੇਰੀ ਮੌਤ ਹੋਵੇਗੀ। ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ ਕਿ ਕਿਸੇ ਤੋਂ ਕਿਰਤ ਨਹੀਂ ਮਿਟਾਈ ਜਾਂਦੀ, ਪਰਾਲਬਧ ਕਰਮ ਭੁਗਤਣੇ ਪੈਂਦੇ ਹਨ। ਜ਼ੋਰ ਨਾਲ ਅਸੀਂ ਪਰਾਲਬਧ ਕਰਮਾਂ ਤੋਂ ਬਚ ਨਹੀਂ ਸਕਦੇ। ਇਸ ਨੂੰ ਭਾਵੀ ਅਮੇਟ ਕਹਿੰਦੇ ਹਨ ਫੁਰਮਾਨ ਹੈ –

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***

ਸੋ ਇਹ ਜਨਮੇਜਾ 84 ਸਾਲ ਦਾ ਸਮਾਂ ਰਾਜ ਕਰਨ ਉਪਰੰਤ ਆਪਣੇ ਪੁੱਤਰ ਅਸਮੰਦ ਨੂੰ ਭਾਰਤ ਵਰਸ਼ ਦੀ ਰਾਜਗੱਦੀ ਤੇ ਬਿਠਾ ਕੇ ਚੜ੍ਹਾਈ ਕਰ ਗਿਆ। ਜੋ ਬਚਨ ਮੈਂ ਕਰ ਰਿਹਾ ਹਾਂ ਉਹ ਇਹ ਹੈ ਕਿ ਸਾਰਾ ਸੰਸਾਰ ਤਿੰਨ dimensions ਵਿਚ ਰਹਿੰਦਾ ਹੈ; ਦੇਸ਼, ਕਾਲ, ਵਸਤੂ ਪਰ ਉਹ ਕਿਹੜੀ ਅਵਸਥਾ ਹੈ ਜਿਥੇ ਭੂਤ, ਭਵਿੱਖਤ ਵੀ ਦੇਖਿਆ ਜਾ ਸਕਦਾ ਹੈ। ਭਵਿੱਖਤ ਪੁਰਾਣ ਵਿਚ ਲਿਖਿਆ ਹੋਇਆ ਸੀ ਕਿ ਜਦੋਂ ਭਾਰਤ ਵਰਸ਼ ਵਿਚ ਧਰਮ ਪਤਿਤ ਹੋਣ ਲਗ ਜਾਵੇਗਾ। ਉਸ ਵੇਲੇ ਬੇਦੀ ਵੰਸ਼ ਵਿਚ ਗੁਰੂ ਨਾਨਕ ਨਾਮ ਦੇ ਅਤਿ ਵਲੀ ਗੁਰੂ ਪ੍ਰਮੇਸ਼ਰ ਪ੍ਰਗਟ ਹੋਣਗੇ। ਇਸੇ ਤਰ੍ਹਾਂ ਨਾਲ ਬਾਈਬਲ ਵਿਚ ਲਿਖਿਆ ਹੋਇਆ ਹੈ ਕਿ ਅੱਜ ਤੋਂ ਸਤਾਰਵੀਂ ਸਦੀ ਵਿਚ ਇਕ ਬਹੁਤ ਵੱਡੇ ਅਵਤਾਰ ਆ ਰਹੇ ਹਨ ਜਿਨ੍ਹਾਂ ਦੇ ਕੰਧੇ ਉਪਰ ਕਮਾਨ ਅਤੇ ਤੀਰਾਂ ਦਾ ਭੱਥਾ ਹੋਵੇਗਾ। ਲੱਕ ਨਾਲ ਤਲਵਾਰ ਲਟਕਦੀ ਹੋਵੇਗੀ। ਸਿਰ ਉਪਰ ਕਲਗੀ, ਦਸਤਾਰ ਹੋਵੇਗੀ। ਉਨ੍ਹਾਂ ਨੂੰ ਦੁਨੀਆਂ ਸੱਚੇ ਪਾਤਸ਼ਾਹ ਕਿਹਾ ਕਰੇਗੀ। ਇਹ ਭਵਿੱਖਤ ਬਾਣੀ ਦੋ ਥਾਂ ਲਿਖੀ ਹੈ। ਦਸਵੇਂ ਪਾਤਸ਼ਾਹ ਬਾਰੇ ਪ੍ਰਤੱਖ ਰੂਪ ਵਿਚ ਹੈ ਉਹ ਕਿਹੜੀ ਸ਼ਕਤੀ ਸੀ ਜਿਸ ਕਰਕੇ 1700 ਸਾਲ ਪਹਿਲਾਂ ਹੀ ਆਪ ਦੇ ਆਗਮਨ ਬਾਰੇ ਲਿਖ ਲਿਆ।

ਪੀਰ ਭੀਖਣਸ਼ਾਹ ਜੀ ਅੰਮ੍ਰਿਤ ਵੇਲੇ ਸਮਾਧੀ ਸਥਿਤ ਬੈਠੇ ਸਨ, ਉਨ੍ਹਾਂ ਨੇ ਇਕ ਮਹਾਨ ਸਖਸ਼ ਦੇ ਦਰਸ਼ਨ ਕੀਤੇ। ਉਹ ਮਹਾਨ ਸਖਸ਼ ਪਟਨੇ ਵਿਚ ਉਤਰਿਆ। ਉਸ ਵੇਲੇ ਪੀਰ ਜੀ ਨੇ ਉਹ ਸਥਾਨ ਵੀ ਦੇਖ ਲਿਆ ਜਿਸ ਘਰ ਵਿਚ ਉਹ ਪ੍ਰਕਾਸ਼ ਉਤਰਿਆ ਅਤੇ ਦੂਸਰਿਆਂ ਨੂੰ ਵੀ ਪਛਾਣ ਲਿਆ। ਆਪ ਨੇ ਨਮਾਜ਼ ਪੱਛਮ ਵਲ ਨਹੀਂ ਪੜ੍ਹੀ, ਪੂਰਬ ਵਲ ਮੁਖ ਕਰਕੇ ਪੜ੍ਹੀ। ਮੁਰੀਦਾਂ ਦੇ ਪੁਛਣ ਤੇ ਉਨ੍ਹਾਂ ਨੇ ਦਸਿਆ ਕਿ ਸਾਧਕੋ! ਅੱਜ ਅੱਲਾਹ ਦੀ ਦਰਗਾਹ ਵਿਚੋਂ ਇਸ ਧਰਤੀ ਤੇ ਮਹਾਨ ਨੂਰ ਨੇ ਪ੍ਰਵੇਸ਼ ਕੀਤਾ ਹੈ, ਉਹ ਕਿਸਦਾ ਪੱਖ ਕਰੇਗਾ, ਇਹ ਗੱਲ ਜਾਨਣ ਦੀ ਲੋੜ ਹੈ। ਪੀਰ ਨੇ ਛੇਤੀ ਹੀ ਉਸ ਅਵਤਾਰ ਦੇ ਦਰਸ਼ਨ ਕਰਨ ਲਈ ਪ੍ਰਬੰਧ ਕਰ ਲਿਆ ਅਤੇ ਮੁਰੀਦਾਂ ਸਮੇਤ ਪਟਨੇ ਵਿਚ ਪਹੁੰਚਿਆ। ਜਿਸ ਹਵੇਲੀ ਵਿਚ ਬਾਲਕ ਰੂਪ ਵਿਚ ਆਪ ਸਨ। ਲਗਾਤਾਰ ਤਿੰਨ ਦਿਨ, ਤਿੰਨ ਰਾਤਾਂ ਭੁੱਖਾ ਪਿਆਸਾ ਬੈਠਾ ਰਿਹਾ। ਅਖੀਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਾਏ ਗਏ। ਉਹ ਦੋ ਬਰਤਨ ਮਠਿਆਈ ਦੇ ਢੱਕ ਕੇ ਲੈ ਆਇਆ ਸੀ। ਉਸ ਨੇ ਨੇੜੇ ਰੱਖ ਦਿਤੇ। ਗੁਰੂ ਮਹਾਰਾਜ ਜੀ ਨੇ ਇਕ ਉਲ੍ਹਾਰ ਜਿਹਾ ਖਾਧਾ ਅਤੇ ਹੱਥ ਦੋਹਾਂ ਬਰਤਨਾਂ ਉਪਰ ਰੱਖ ਦਿਤੇ। ਉਸ ਪੀਰ ਵਲ ਅਜਿਹੀ ਭੇਤ ਭਰੀ ਦ੍ਰਿਸ਼ਟੀ ਕੀਤੀ ਉਸ ਦਾ ਅੰਦਰ ਠੰਢਾ ਠਾਰ ਹੋ ਗਿਆ। ਇਕ ਅਤਿ ਮਿੱਠੀ ਸ਼ਾਂਤ ਜੋਤ ਦਾ ਲਿਸ਼ਕਾਰਾ ਵਜਿਆ ਜਿਸ ਰਾਹੀਂ ਆਪ ਨੇ ਮਹਾਨ ਭੇਤ ਨੂੰ ਜਾਣ ਲਿਆ ਕਿ ਇਹ ਹਿੰਦੂ ਸਿੱਖ ਦੋਹਾਂ ਦਾ ਸਾਂਝਾ, ਕੇਵਲ ਜ਼ੁਲਮ ਨਾਲ ਟਾਕਰਾ ਕਰਨ ਵਾਲਾ ਮਹਾਨ ਪੈਗੰਬਰ ਸੰਸਾਰ ਵਿਚ ਆਇਆ ਹੈ। ਇਹ ਸਾਰੀਆਂ ਘਟਨਾਵਾਂ ਇਸ ਕਰਕੇ ਲਿਖੀਆਂ ਹਨ ਕਿ ਸਾਡੀ ਜੋ ਦੁਨੀਆਂ ਹੈ ਇਹ ਪ੍ਰਕ੍ਰਿਤਕ ਦੁਨੀਆਂ ਹੈ ਇਥੇ ਜੋ tools ਅੱਖ, ਨੱਕ, ਕੰਨ ਸਾਨੂੰ ਮਿਲੇ ਹਨ ਉਹ ਪ੍ਰਕ੍ਰਿਤੀ ਤੋਂ ਅੱਗੇ ਨਹੀਂ ਜਾਣ ਅਤੇ ਦੇਖ ਸਕਦੇ। ਚਿੱਤ ਵਿਚ ਚੇਤਨਤਾ ਹੈ ਪਰ ਉਹ ਪ੍ਰਕ੍ਰਿਤੀ ਦੇ ਅਸਰ ਤੋਂ ਅੱਗੇ ਨਹੀਂ ਦੇਖ ਸਕਦੀ।

ਗੁਰੂ ਦੀ ਦਰਗਾਹ ਜਿਸਨੂੰ ਪ੍ਰਮੇਸ਼ਰ ਦੀ ਦਰਗਾਹ ਆਖਿਆ ਜਾਂਦਾ ਹੈ ਗੁਰੂ ਮਹਾਰਾਜ ਜੀ ਨੇ ਸਚਖੰਡ ਕਹਿ ਕੇ ਜਪੁਜੀ ਸਾਹਿਬ ਵਿਚ ਫੁਰਮਾਨ ਕੀਤਾ ਹੈ ਉਸਦੇ ਬਾਰੇ ਕਹਿਣਾ ਬਹੁਤ ਹੀ ਮੁਸ਼ਕਲ ਹੈ। ਕੋਈ ਸਮਰੱਥ ਪੁਰਸ਼ ਹੋਵੇ ਤਾਂ ਵੀ ਉਹ ਕਹਿ ਨਹੀਂ ਸਕਦਾ। ਉਹ ਅੱਖਰ ਨਹੀਂ ਹਨ ਜਿਸ ਨਾਲ ਉਹ ਬਿਆਨਿਆ ਜਾ ਸਕੇ। ਬਹੁਤ ਸਾਰੇ ਵਿਦਵਾਨਾਂ ਨੇ ਕਥਨ ਦਾ ਯਤਨ ਕੀਤਾ ਹੈ ਪਰ ਨਾਲ ਦੀ ਨਾਲ ਕਹਿ ਰਹੇ ਹਨ ਕਿ ਅਸੀਂ ਕੁਝ ਟੋਹਾਂ ਲਾ ਰਹੇ ਹਾਂ, ਪੂਰਾ ਅਨੁਮਾਨ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਭੇਤਾਂ ਨੂੰ ਥੋੜ੍ਹਾ ਜਿਹਾ ਪ੍ਰਗਟ ਕਰਕੇ ਰੂਪਮਾਨ ਕੀਤਾ ਹੈ ਜਿਸ ਦੇ ਬਾਰੇ ਬਾਣੀ ਵਿਚ ਸੁਖ ਮਹਿਲ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਹੈ –

*ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥*
*ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥*
*ਸਹਜ ਕੀ ਅਕਥ ਕਥਾ ਹੈ ਨਿਰਾਰੀ॥*
*ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥*
*ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥*
*ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ॥*
***ਪੰਨਾ – 333***

ਉਸ ਸੁਖ ਮਹੱਲ ਵਿਚ, ਪ੍ਰਮੇਸ਼ਰ ਵਿਚ ਪੂਰਨ ਰੂਪ ਵਿਚ ਲੀਨਤਾ ਹੋਇਆ ਕਰਦੀ ਹੈ। ਜਿਸਦੇ ਬਾਰੇ ਫੁਰਮਾਨ ਹੈ –

*ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥*
*ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥*
*ਬਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ*
*ਸਰਬ ਕੀ ਰਖਾ ਕਰੈ ਆਪੇ ਹਰਿ ਪਤਿ॥*
*ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ॥*
*ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ॥*
*ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ*
*ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ॥* ***ਪੰਨਾ – 1385***

ਉਹ ਥਾਂ ਦਾ ਅੰਦਾਜ਼ਾ ਕਿਸੇ ਤਰ੍ਹਾਂ ਵੀ ਨਹੀਂ ਲਾਇਆ ਜਾ ਸਕਦਾ। ਭਗਤ ਪ੍ਰਮੇਸ਼ਰ ਦਾ ਰੂਪ ਵੀ ਨਜ਼ਰ ਆਉਂਦੇ ਹਨ, ਪ੍ਰਮੇਸ਼ਰ ਵਿਚ ਲੀਨ ਵੀ ਨਜ਼ਰ ਆਉਂਦੇ ਹਨ ਅਤੇ ਸਮੁੰਦਰ ਦੀਆਂ ਲਹਿਰਾਂ ਵਾਂਗੂੰ ਵੱਖ-ਵੱਖ ਵੀ ਦਿਸਦੇ ਹਨ ਇਹ ਅਗੰਮ ਅਥਾਹ ਨੂੰ ਕੋਈ ਵਰਨਣ ਨਹੀਂ ਕਰ ਸਕਦਾ –

*ਕੁਦਰਤਿ ਹੈ ਕੀਮਤਿ ਨਹੀ ਪਾਇ॥*
*ਜਾ ਕੀਮਤਿ ਪਾਇ ਤ ਕਹੀ ਨ ਜਾਇ॥* ***ਪੰਨਾ – 84***

ਇਹ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* ***ਪੰਨਾ – 1***

ਦਾ ਮੰਡਲ ਹੈ। ਜਿਥੇ ਸੰਸਾਰ ਸਾਜਿਆ ਜਾ ਰਿਹਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਸੁੰਨਿ ਕਲਾ ਅਪਰੰਪਰਿ ਧਾਰੀ॥*
*ਆਪਿ ਨਿਰਾਲਮੁ ਅਪਰ ਅਪਾਰੀ॥*
*ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥*
*ਪਉਣੁ ਪਾਣੀ ਸੁੰਨੈ ਤੇ ਸਾਜੇ॥*
*ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥*
*ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥*
***ਪੰਨਾ – 1037***

ਗੁਰੂ ਮਹਾਰਾਜ ਜੀ ਇਸ ਮੰਡਲ ਬਾਰੇ ਦਸਦੇ ਗੁਰਬਾਣੀ

ਵਿਚ ਫੁਰਮਾਨ ਕਰਦੇ ਹਨ ਕਿ –

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥* *ਪੰਨਾ – 8*

ਇਹ ਖੰਡ ਐਸਾ ਹੈ ਜਿਥੋਂ ਸਾਰੇ ਬ੍ਰਹਿਮੰਡ, ਸਾਰੀਆਂ ਸ੍ਰਿਸ਼ਟੀਆਂ, ਸਾਰੇ ਜੀਵ ਜੰਤੂ ਅਨੇਕ ਰੰਗਾਂ ਵਿਚ ਇਕ ਦੂਸਰੇ ਦੇ ਅੰਤਰਗਤ ਅਤੇ ਅਨੇਕ ਅਭੌਤਿਕ ਪਦਾਰਥ ਦਿਸਦੇ ਤੇ ਭਾਸਦੇ ਹਨ। ਇਸ ਥਾਂ ਤੇ ਵਸਣ ਵਾਲੇ ਪ੍ਰਕਾਸ਼ ਦੀ ਹੋਂਦ ਵਿਚ ਭਾਸਦੇ ਹਨ ਸਰੀਰ ਉਨ੍ਹਾਂ ਦਾ ਕੋਈ ਨਹੀਂ ਹੁੰਦਾ। ਫੁਰਮਾਨ ਹੈ –

*ਕੋਟਿ ਸੂਰ ਜਾ ਕੈ ਪਰਗਾਸ ॥*
*ਕੋਟਿ ਮਹਾਦੇਵ ਅਰੁ ਕਬਿਲਾਸ ॥*
*ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥*
*ਬ੍ਰਹਮਾ ਕੋਟਿ ਬੇਦ ਉਚਰੈ ॥*
*ਜਉ ਜਾਚਉ ਤਉ ਕੇਵਲ ਰਾਮ ॥*
*ਆਨ ਦੇਵ ਸਿਉ ਨਾਹੀ ਕਾਮ ॥*
*ਕੋਟਿ ਚੰਦ੍ਰਮੇ ਕਰਹਿ ਚਰਾਕ ॥*
*ਸੁਰ ਤੇਤੀਸਉ ਜੇਵਹਿ ਪਾਕ ॥*
*ਨਵ ਗ੍ਰਹ ਕੋਟਿ ਠਾਢੇ ਦਰਬਾਰ ॥*
*ਧਰਮ ਕੋਟਿ ਜਾ ਕੈ ਪ੍ਰਤਿਹਾਰ ॥*
*ਪਵਨ ਕੋਟਿ ਚਉਬਾਰੇ ਫਿਰਹਿ ॥*
*ਬਾਸਕ ਕੋਟਿ ਸੇਜ ਬਿਸਥਰਹਿ ॥*
*ਸਮੁੰਦ ਕੋਟਿ ਜਾ ਕੇ ਪਾਨੀਹਾਰ ॥*
*ਰੋਮਾਵਲਿ ਕੋਟਿ ਅਠਾਰਹ ਭਾਰ ॥*
*ਕੋਟਿ ਕਮੇਰ ਭਰਹਿ ਭੰਡਾਰ ॥*
*ਕੋਟਿਕ ਲਖਮੀ ਕਰੈ ਸੀਗਾਰ ॥*
*ਕੋਟਿਕ ਪਾਪ ਪੁੰਨ ਬਹੁ ਹਿਰਹਿ ॥*
*ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥*
*ਛਪਨ ਕੋਟਿ ਜਾ ਕੈ ਪ੍ਰਤਿਹਾਰ ॥*
*ਨਗਰੀ ਨਗਰੀ ਖਿਅਤ ਅਪਾਰ ॥*
*ਲਟ ਛੂਟੀ ਵਰਤੈ ਬਿਕਰਾਲ ॥*
*ਕੋਟਿ ਕਲਾ ਖੇਲੈ ਗੋਪਾਲ ॥*
*ਕੋਟਿ ਜਗ ਜਾ ਕੈ ਦਰਬਾਰ ॥*
*ਗੰਧ੍ਰਬ ਕੋਟਿ ਕਰਹਿ ਜੈਕਾਰ ॥*
*ਬਿਦਿਆ ਕੋਟਿ ਸਭੈ ਗੁਨ ਕਹੈ ॥*
*ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥*
*ਬਾਵਨ ਕੋਟਿ ਜਾ ਕੈ ਰੋਮਾਵਲੀ ॥*
*ਰਾਵਨ ਸੈਨਾ ਜਹ ਤੇ ਛਲੀ ॥*
*ਸਹਸ ਕੋਟਿ ਬਹੁਤ ਕਹਤ ਪੁਰਾਨ ॥*
*ਦੁਰਜੋਧਨ ਕਾ ਮਥਿਆ ਮਾਨੁ ॥*
*ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥*
*ਅੰਤਰ ਅੰਤਰਿ ਮਨਸਾ ਹਰਹਿ ॥*
*ਕਹਿ ਕਬੀਰ ਸੁਨਿ ਸਾਰਿਗਪਾਨ ॥*
*ਦੇਹਿ ਅਭੈ ਪਦੁ ਮਾਂਗਉ ਦਾਨ ॥* *ਪੰਨਾ – 1163*

ਅਤੇ ਕੁਝ ਗਿਣਤੀ ਬਾਰੇ ਭੇਤ ਦਿੰਦੇ ਹਨ ਫੁਰਮਾਨ ਕਰਦੇ ਹਨ–

*ਸਤਰਿ ਸੈਇ ਸਲਾਰ ਹੈ ਜਾ ਕੇ ॥*
*ਸਵਾ ਲਾਖੁ ਪੈਕਾਬਰ ਤਾ ਕੇ ॥*
*ਸੇਖ ਜੁ ਕਹੀਅਹਿ ਕੋਟਿ ਅਠਾਸੀ ॥*
*ਛਪਨ ਕੋਟਿ ਜਾ ਕੇ ਖੇਲ ਖਾਸੀ ॥*
*ਮੋ ਗਰੀਬ ਕੀ ਕੋ ਗੁਜਰਾਵੈ ॥*
*ਮਜਲਸਿ ਦੂਰਿ ਮਹਲੁ ਕੋ ਪਾਵੈ ॥*
*ਤੇਤੀਸ ਕਰੋੜੀ ਹੈ ਖੇਲ ਖਾਨਾ ॥*
*ਚਉਰਾਸੀ ਲਖ ਫਿਰੈ ਦਿਵਾਨਾਂ ॥* *ਪੰਨਾ – 1161*

ਅਨੇਕ ਰੂਹਾਂ ਅਨੇਕ ਗ੍ਰਹਿਾਂ ਤੋਂ ਆਤਮਕ ਤਰੱਕੀ ਕਰਕੇ ਇਥੇ ਪਹੁੰਚਦੀਆਂ ਹਨ। ਇਸ ਥਾਂ ਉਪਰ ਜਿਨ੍ਹਾਂ ਨੇ ਇਕ ਸੁਆਸ ਵੀ ਵਾਹਿਗੁਰੂ ਨੂੰ ਨਹੀਂ ਭੁਲਾਇਆ ਜਿਨ੍ਹਾਂ ਨੇ ਸੰਸਾਰ ਵਿਚ ਇਕ ਰਸ ਬਿਰਤੀ ਰੱਖ ਕੇ ਵਾਹਿਗੁਰੂ ਦਾ ਭਜਨ ਕੀਤਾ ਹੈ ਅਤੇ ਉਸਦੀ ਦੁਨੀਆਂ ਨੂੰ ਉਸ ਦਾ ਰੂਪ ਜਾਣ ਕੇ ਭਰਮ ਤੋਂ ਰਹਿਤ ਰਹਿੰਦੇ ਹਨ, ਉਸਦਾ ਵਾਸਾ ਇਥੇ ਹੁੰਦਾ ਹੈ ਜਿਸ ਨੂੰ ਸੰਤ ਮੰਡਲ ਆਖਿਆ ਜਾਂਦਾ ਹੈ। ਇਸ ਥਾਂ ਬਾਰੇ ਫੁਰਮਾਨ ਕਰਦੇ ਹਨ –

*ਸੰਤ ਮੰਡਲ ਮਹਿ ਹਰਿ ਮਨਿ ਵਸੈ ॥*
*ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥*
*ਸੰਤ ਮੰਡਲ ਮਹਿ ਨਿਰਮਲ ਰੀਤਿ ॥*
*ਸੰਤਸੰਗਿ ਹੋਇ ਏਕ ਪਰੀਤਿ ॥*
*ਸੰਤ ਮੰਡਲੁ ਤਹਾ ਕਾ ਨਾਉ ॥*
*ਪਾਰਬ੍ਰਹਮ ਕੇਵਲ ਗੁਣ ਗਾਉ ॥*
*ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥*
*ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥*
*ਸੰਤਸੰਗਿ ਹੋਇ ਨਿਰਮਲ ਬਾਣੀ ॥*
*ਸੰਤ ਮੰਡਲ ਮਹਿ ਨਾਮੁ ਵਖਾਣੀ ॥*
*ਸੰਤ ਮੰਡਲ ਕਾ ਨਿਹਚਲ ਆਸਨੁ ॥*
*ਸੰਤ ਮੰਡਲ ਮਹਿ ਪਾਪ ਬਿਨਾਸਨੁ ॥*
*ਸੰਤ ਮੰਡਲ ਮਹਿ ਨਿਰਮਲ ਕਥਾ ॥*
*ਸੰਤਸੰਗਿ ਹਉਮੈ ਦੁਖ ਨਸਾ ॥*
*ਸੰਤ ਮੰਡਲ ਕਾ ਨਹੀ ਬਿਨਾਸੁ ॥*
*ਸੰਤ ਮੰਡਲ ਮਹਿ ਹਰਿ ਗੁਣਤਾਸੁ ॥*
*ਸੰਤ ਮੰਡਲ ਠਾਕੁਰ ਬਿਸ੍ਰਾਮੁ ॥*
*ਨਾਨਕ ਓਤਿ ਪੋਤਿ ਭਗਵਾਨੁ ॥* *ਪੰਨਾ – 1146*

ਇਸ ਮਹੱਲ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ –

*ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥*
*ਧਨੁ ਵਾਪਾਰੀ ਨਾਨਕਾ ਜਿਨਾ ਨਾਮ ਧਨੁ ਖਟਿਆ ਆਇ ॥*
*ਪੰਨਾ – 511*

*ਮਹਲ ਮਹਿ ਬੈਠੇ ਅਗਮ ਅਪਾਰ ॥*
*ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ*
*ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥* *ਪੰਨਾ – 1256*

ਇਸ ਅਦ੍ਰਿਸ਼ ਦ੍ਰਿਸ਼ ਨੂੰ ਦੇਖਣ ਵਾਸਤੇ ਹੋਰ ਅੱਖਾਂ ਦੀ ਲੋੜ ਹੈ ਇਹ ਅੱਖਾਂ ਉਥੇ ਅੰਨ੍ਹੀਆਂ ਹਨ –

*ਅਗਮ ਦ੍ਰਗਮ ਗੜਿ ਰਚਿਓ ਬਾਸ ॥*
*ਜਾ ਮਹਿ ਜੋਤਿ ਕਰੇ ਪਰਗਾਸ ॥*
*ਬਿਜੁਲੀ ਚਮਕੈ ਹੋਇ ਅਨੰਦੁ ॥*
*ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥* *ਪੰਨਾ – 1162*

ਉਸ ਦੇ ਬਾਰੇ ਹੋਰ ਸੋਝੀ ਦਿੰਦਿਆਂ ਹੋਇਆਂ ਫੁਰਮਾਨ ਹੈ–

*ਹਰਿ ਕੇ ਸੰਗ ਬਸੇ ਹਰਿ ਲੋਕ ॥*
*ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ*

*ਅਨਦ ਸਹਜ ਧੁਨਿ ਝੋਕ॥*
*ਦਰਸਨ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ॥*
*ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ॥*
*ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥*
*ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ॥*
*ਪੰਨਾ - 1253*

ਉਸ ਗਲ ਨੂੰ ਦੇਖਣ ਉਪਰੰਤ ਗੁਰੂ ਮਹਾਰਾਜ ਜੀ ਨੇ ਸੋਦਰ ਦਾ ਸ਼ਬਦ ਉਚਾਰ ਕੇ ਅਸਾਨੂੰ ਦਸਿਆ ਕਿ ਉਥੇ ਕਿੰਨੇ ਗਾ ਰਹੇ ਹਨ, ਇਨ੍ਹਾਂ ਤੋਂ ਹੋਰ ਵਧੀਕ ਵੀ ਗਾ ਰਹੇ ਹਨ ਜੋ ਸਿਮਰਤੀ 'ਚ ਨਹੀਂ ਆ ਰਹੇ। ਜੋ ਕੁਝ ਉਹ ਪ੍ਰਭੂ ਕਰਦਾ ਹੈ ਇਸੇ ਸ਼ਬਦ ਵਿਚ ਦਸਿਆ ਗਿਆ ਹੈ -

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥*
*ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥*
*ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾ ਮਛ ਪਇਆਲੇ॥*
*ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥*
*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥*
*ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥*
*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥*
*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥*
*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥*
*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥*
*ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥*
*ਪੰਨਾ - 6*

ਵਾਹਿਗੁਰੂ ਜੀ ਦੀ ਦਰਗਾਹ ਵਿਚ ਅਨੇਕਾਂ ਅਤੇ ਅਸੰਖਾਂ ਉਸਦੇ ਗੁਣ ਗਾਉਣ ਵਾਲੇ ਹਨ। ਪ੍ਰਕ੍ਰਿਤੀ ਦੇ ਸਾਰੇ ਤੱਤ ਉਸਦੀ ਮਹਿਮਾਂ ਨੂੰ ਗਾ ਰਹੇ ਹਨ। ਚਿਤ੍ਰਗੁਪਤ ਜੋ ਹਰ ਜੀਵ ਦਾ ਹਿਸਾਬ ਕਿਤਾਬ ਰਖਦੇ ਹਨ। ਧਰਮਰਾਜੇ ਸਮੇਤ ਈਸ਼ਰ, ਬ੍ਰਹਮਾ, ਦੇਵੀ, ਦੇਵਤੇ ਸਾਰੇ ਉਸ ਦੇ ਗੁਣ ਅਨੇਕ ਤਰੀਕਿਆਂ ਨਾਲ ਗਾ ਰਹੇ ਹਨ। ਸਮਾਧੀਆਂ ਦੇ ਵਿਚ ਸਥਿਤ ਹੋਏ ਸਿੱਧ ਲੋਕ, ਜਤੀ ਸਤੀ, ਉਹ ਯੋਧੇ ਜਿਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਆਸੁਰੀ ਸੰਪਰਦਾ ਨੂੰ ਜਿੱਤ ਲਿਆ, ਕਰਨੀ ਕਮਾਈ ਵਾਲੇ ਵਿਦਵਾਨ, ਵੱਡੇ-ਵੱਡੇ ਰਿਸ਼ੀ ਮੁਨੀ ਵੇਦਾਂ ਸਮੇਤ ਜੁਗਾਂ ਜੁਗਾਂਤਰਾਂ ਤੋਂ ਗੱਲਾਂ ਕਰ ਰਹੇ ਹਨ। ਮਨ ਨੂੰ ਮੋਹਣ ਵਾਲੀਆਂ ਮੋਹਣੀਆਂ, ਸੁਰਗ, ਧਰਤੀ ਅਤੇ ਅਕਾਸ਼, ਬੇਅੰਤ ਅਵਿਅਕਤ ਰੂਹਾਂ, 68 ਤੀਰਥਾਂ ਦੇ ਦੇਵਤੇ ਪੈਦਾ ਕੀਤੇ ਹੋਏ ਰਤਨਾਂ ਦੀ ਖੂਬਸੂਰਤੀ ਤੀਰਥਾਂ ਸਮੇਤ, ਵੱਡੇ-ਵੱਡੇ ਯੋਧੇ ਮਹਾਂਬਲੀ ਸੂਰਮੇ, ਚਾਰੇ ਖਾਣੀਆਂ, ਸਾਰੇ ਖੰਡ ਬ੍ਰਹਿਮੰਡ ਮੰਡਲ ਉਸ ਦੀ ਮਹਿਮਾਂ ਨੂੰ ਆਪਣੇ-ਆਪਣੇ ਢੰਗ ਨਾਲ ਗਾ ਰਹੇ ਹਨ। ਜੇ ਇਹ ਕਹਿ ਦੇਈਏ ਕਿ ਸਾਰਿਆਂ ਵਿਚ ਇਕੋ ਸ਼ਬਦ ਧੁਨ ਪਰੀਪੂਰਨ ਹੈ ਜਿਸ ਨੂੰ ਪੰਚ ਸ਼ਬਦ ਧੁਨ ਆਖਿਆ ਜਾਂਦਾ ਹੈ ਜਿਸ ਨੂੰ ਅੱਖਰਾਂ ਦੇ ਵਿਚ '੧ਓ' ਕਹਿ ਕੇ ਵਰਣਨ ਕੀਤਾ ਹੈ, ਉਸ ਧੁਨੀ ਰਾਹੀਂ ਦ੍ਰਿਸ਼ਟ ਅਦ੍ਰਿਸ਼ਟ ਜੜ੍ਹ ਜੰਗਮ ਕੁਦਰਤ ਦੀ ਹਰ ਸ਼ਕਤੀ ਇਸ ਦਰ ਤੇ ਗਾ ਰਹੀ ਹੈ, ਕਿੰਨੇ ਕੁ ਗਾ ਰਹੇ ਹਨ, ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਾ ਸਕਦਾ। ਵਾਹਿਗੁਰੂ ਜੀ ਸਦਾ ਹੀ ਆਪਣੀ ਅਨੰਤ ਮਹਿਮਾ ਵਿਚ ਸਥਿਤ ਹਨ, ਬੇਅੰਤ ਕਿਸਮਾਂ ਬੇਅੰਤ ਜਿਨਸਾਂ ਦੀ ਉਤਪਤੀ ਕਰਕੇ ਆਪ ਵੇਖ ਰਿਹਾ ਹੈ ਜੋ ਉਸ ਨੂੰ ਭਾਉਂਦਾ ਹੈ ਉਸ ਦਾ ਕਰੜਾ ਹੁਕਮ ਉਸ ਦੀ ਕਾਰ ਕਮਾਉਂਦਾ ਹੈ। ਉਸ ਨਾਲ ਮੇਲ ਕਰਕੇ ਹੀ ਕੂੜ ਦੀ ਕੰਧ ਟੁੱਟ ਸਕਦੀ ਹੈ। ਇਸ ਤਰ੍ਹਾਂ ਅੱਖਰਾਂ ਵਿਚ ਉਸ ਦੀ ਮਹਿਮਾ ਅਤੇ ਉਸ ਦੇ ਸਥਾਨ ਨੂੰ ਪ੍ਰਗਟ ਕਰਨਾ ਪ੍ਰਕ੍ਰਿਤਕ ਯਤਨ ਹੈ, ਬੁੱਧੀ ਦਾ ਤਰਲਾ ਹੈ ਪਰ ਜਿਸ ਨੇ ਦੇਖ ਲਿਆ ਹੈ ਉਸ ਕੋਲ ਅੱਖਰ ਨਹੀਂ ਹੈ ਕਿ ਕੁਝ ਉਸ ਦੇ ਬਾਰੇ ਕਹਿ ਸਕੇ ਅਤੇ ਉਹ ਅਨਹਤ ਧੁਨ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਰਤਿਆ ਜਾਂਦਾ ਹੈ, ਉਸ ਵਰਗਾ ਹੀ ਹੋ ਜਾਂਦਾ ਹੈ। ਸੁਣਿਆ ਦਸਿਆ ਜਾ ਹੀ ਨਹੀਂ ਸਕਦਾ, ਇਹ ਤਾਂ ਖੇਲ੍ਹ ਹੀ ਹੋ ਰਿਹਾ ਇਹ ਖੇਲ੍ਹ ਦੇ ਦੋਹੀਂ ਪਾਸੀ ਉਹ ਆਪ ਹੀ ਹੈ ਜਾਂ ਐਉਂ ਕਹਿ ਲਓ ਜਾਦੂਗਰ ਦੀ ਸ਼ਕਤੀ ਵਾਂਗੂੰ ਖੇਲ੍ਹ ਹੁੰਦੀ ਪ੍ਰਤੀਤ ਦੇ ਰਹੀ ਹੈ -

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥*
*ਭ੍ਰਮ ਛੂਟੇ ਤੇ ਏਕੰਕਾਰ॥*
*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ਪੰਨਾ - 736*

ਸੋ ਇਹ ਇਕ ਭਾਵ ਅਤੇ ਅਭਾਵ, ਅੱਖਰ ਅਤੇ ਅਨਖਸ਼ਰ ਦੀ ਪ੍ਰਕ੍ਰਿਆ ਨੂੰ ਕੌਣ ਗਾ ਸਕਦਾ ਹੈ, ਕੌਣ ਹੈ ਜੋ ਸਚਖੰਡ ਬਾਰੇ ਕਹਿ ਸਕੇ ਕਿਉਂਕਿ ਉਹ ਸਰਬ ਥਾਂ ਪਸਰਿਆ ਹੋਇਆ ਖੰਡ ਸਭ ਦੇ ਅੰਦਰ ਹੁੰਦਾ ਹੋਇਆ ਵੀ ਅਤਿ ਸੂਖਸ਼ਮ ਹੋਣ ਕਰਕੇ ਸਰੀਰਕ ਪੰਜ ਇੰਦ੍ਰੀਆਂ ਦੀ ਸੂਝ ਤੋਂ ਬਹੁਤ ਅਗਾਹਾਂ ਹੈ। ਜੇ ਇਸ ਨੂੰ ਹੋਰ ਵਧੇਰੇ ਸਮਝ ਕੇ ਦਸ ਲੈਣ ਦਾ ਯਤਨ ਕਰਨਾ ਹੈ ਤਾਂ ਇਥੇ ਇਕ ਅਨੁਭਵ ਉਚੀ ਉਡਾਰੀ ਦਾ ਅਨੁਭਵ ਦਸ ਦੇਣਾ ਕੁਥਾਹ ਨਹੀਂ ਹੋਵੇਗਾ।

*'ਚਲਦਾ'*

L L L L L L L

# ਯੋਗ ਵਸਿਸ਼ਟ

*ਡਾ. ਵੇਦ ਭਾਰਤੀ ਜੀ*

ਯੋਗ ਵਸਿਸ਼ਟ ਬਾਰੇ ਦੱਸਣ ਤੋਂ ਭਾਵ ਹੈ ਕਿ ਉਸ ਸਥਿਤੀ ਨੂੰ ਸਮਝਿਆ ਜਾਵੇ ਜਿਸ ਸਮੇਂ ਜਿਸ ਥਾਂ ਤੇ ਘਟਨਾ ਘਟੀ ਹੋਵੇ।

ਇਕ ਵਾਰੀ ਦੀ ਗੱਲ ਹੈ ਇਕ ਪਦਮਾ ਨਾਮ ਦਾ ਰਾਜਾ ਸੀ। ਉਹ ਬੜਾ ਹੀ ਲਾਇਕ ਰਾਜਾ ਸੀ ਤੇ ਉਹ ਬੜੇ ਸੋਹਣੇ ਗੁਣਾਂ ਦਾ ਮਾਲਕ ਸੀ, ਉਸ ਦੀ ਪਤਨੀ ਵੀ ਓਨੀ ਹੀ ਗੁਣਵਾਨ ਸੀ, ਉਹ ਕਦੇ ਸੁਪਨੇ ਵਿਚ ਵੀ ਪਤੀ ਤੋਂ ਵੱਖਰੇ ਹੋਣ ਦਾ ਨਹੀਂ ਸੀ ਸੋਚ ਸਕਦੀ, ਜਦੋਂ ਦੋ ਸਾਥੀ ਇਕੋ ਰੰਗ ਵਿਚ ਰੱਤੇ ਹੋਣ ਜਿਨ੍ਹਾਂ ਦੀ ਆਤਮਾ ਇਕ ਹੋਵੇ, ਉਹ ਵੱਖਰੇ ਜੀਵਨ ਅਨੁਭਵ ਬਾਰੇ ਸੋਚ ਵੀ ਨਹੀਂ ਸਕਦੇ, ਆਤਮਾ ਨਾਲ ਮਿਲੇ ਮਨੁੱਖਾਂ ਦਾ ਰਿਸ਼ਤਾ ਜਨਮਾਂ ਜਨਮਾਂ ਦਾ ਹੁੰਦਾ ਹੈ।

ਇਕ ਦਿਨ ਲੀਲਾ ਨੇ ਰਾਜ ਦੇ ਸਾਰੇ ਪੰਡਤਾਂ ਨੂੰ ਬੁਲਾਇਆ ਤੇ ਕਹਿਣ ਲੱਗੀ, "ਪੰਡਤ ਜੀ! ਮੈਨੂੰ ਤੁਸੀਂ ਇਹ ਦੱਸੋ ਕਿ ਕੀ ਕੋਈ ਇਹੋ ਜਿਹਾ ਤਰੀਕਾ ਹੈ ਜਿਸ ਨਾਲ ਮਨੁੱਖ ਇਸ ਸੰਸਾਰ ਤੋਂ ਨਾ ਜਾਵੇ, ਕਾਲ ਉਸ ਨੂੰ ਨਾ ਖਾ ਸਕੇ।" ਪੰਡਤ ਕਹਿਣ ਲੱਗੇ, "ਬਿਲਕੁਲ ਨਹੀਂ, ਕਦਾਪੀ ਨਹੀਂ, ਇਹ ਤਾਂ ਹੋ ਹੀ ਨਹੀਂ ਸਕਦਾ ਕਿ ਮਨੁੱਖ ਇਸ ਸੰਸਾਰ ਵਿਚ ਆਵੇ ਤੇ ਜਾਏ ਨਾ। ਜਿਹੜਾ ਮਨੁੱਖ ਸੰਸਾਰ ਵਿਚ ਆਇਆ ਹੈ, ਜਿਸ ਨੇ ਜਨਮ ਲਿਆ ਹੈ, ਉਸ ਦਾ ਅੰਤ ਹੋਣਾ ਬਹੁਤ ਜ਼ਰੂਰੀ ਹੈ, ਜਿਸ ਦਾ ਜਨਮ ਹੋਇਆ ਹੈ ਉਸ ਦਾ ਮਰਨਾ ਲਾਜ਼ਮੀ ਹੈ।"

ਸੋ ਲੀਲਾ ਬਹੁਤ ਉਦਾਸ ਹੋ ਗਈ। ਉਸ ਨੇ ਸਰਸਵਤੀ ਦੀ ਅਰਾਧਨਾ ਸ਼ੁਰੂ ਕੀਤੀ, ਸਰਸਵਤੀ ਗਿਆਨ ਦੀ ਦੇਵੀ ਹੈ। ਜਦੋਂ ਅਰਾਧਨਾ ਕਰਦਿਆਂ ਉਸ ਨੂੰ ਕਾਫੀ ਦੇਰ ਹੋ ਗਈ ਸਰਸਵਤੀ ਪ੍ਰਗਟ ਹੋਈ ਤੇ ਕਹਿਣ ਲੱਗੀ, "ਮੈਂ ਤੇਰੇ ਤੇ ਨਿਹਾਲ ਹੋਈ ਹਾਂ, ਮੰਗ ਜੋ ਮੰਗਣਾ ਹੈਂ।" ਲੀਲਾ ਕਹਿਣ ਲੱਗੀ, "ਜੇ ਉਸ ਦੇ ਪਤੀ ਨੇ ਉਸ ਤੋਂ ਪਹਿਲਾਂ ਚਲਾਣਾ ਕਰ ਜਾਣਾ ਹੈ ਤਾਂ ਉਸ ਦੀ ਰੂਹ ਉਸੇ ਕਮਰੇ ਵਿਚ ਰਹਿਣੀ ਚਾਹੀਦੀ ਹੈ।" ਦੇਵੀ ਕਹਿਣ ਲੱਗੀ, "ਬਹੁਤ ਅੱਛਾ। ਐਨਾ ਕਹਿ ਕੇ ਦੇਵੀ ਅਲੋਪ ਹੋ ਗਈ, ਸਮਾਂ ਆਇਆ ਰਾਜਾ ਚੜ੍ਹਾਈ ਕਰ ਗਿਆ, ਰਾਣੀ ਲੀਲਾ ਬਹੁਤ ਰੁਦਨ ਕਰਦੀ ਹੈ, ਜਦੋਂ ਰਾਣੀ ਬਹੁਤ ਵਰਲਾਪ ਕਰਦੀ ਹੈ ਤਾਂ ਆਕਾਸ਼ ਵਾਣੀ ਹੁੰਦੀ ਹੈ, "ਤੂੰ ਐਨਾ ਵਰਲਾਪ ਨਾ ਕਰ, ਤੇਰੇ ਪਤੀ ਦੀ ਰੂਹ ਤਾਂ ਤੇਰੇ ਕਮਰੇ ਵਿਚ ਹੀ ਹੈ, ਤੈਨੂੰ ਰਾਜੇ ਦਾ ਸਰੀਰ ਬਿਲਕੁਲ ਠੀਕ ਰਖਣਾ ਚਾਹੀਦਾ ਹੈ, ਜਦੋਂ ਤਕ ਉਸ ਦੀ ਰੂਹ ਉਸ ਦੇ ਸਰੀਰ ਅੰਦਰ ਨਹੀਂ ਪੈ ਜਾਂਦੀ ਤੇ ਉਹ ਮੁੜ ਕੇ ਜੀਵਤ ਨਹੀਂ ਹੋ ਜਾਂਦਾ।" ਲੀਲਾ ਕਹਿਣ ਲੱਗੀ, "ਮੈਨੂੰ ਦੱਸੋ, ਏਸ ਵੇਲੇ ਮੇਰਾ ਪਤੀ ਕਿਥੇ ਹੈ?" ਦੇਵੀ ਕਹਿਣ ਲੱਗੀ, "ਇਥੇ ਏਸੇ ਕਮਰੇ ਵਿਚ ਹੈ ਪਰ ਉਹ ਕਿਸੇ ਹੋਰ ਰੂਪ ਵਿਚ ਹੈ, ਉਹ ਸੂਖਸ਼ਮ ਸਰੀਰ ਵਿਚ ਹੈ, ਅਤਿ ਸੂਖਸ਼ਮ ਸਰੀਰ ਦੇ ਅੰਦਰ ਇਕ ਹੋਰ ਸਰੀਰ ਹੈ, ਉਸ ਦੇ ਅੰਦਰ ਇਕ ਹੋਰ ਹੈ, ਇਹ ਇਕ ਬੇਅੰਤ ਕਿਰਿਆ ਹੈ। ਕੀ ਤੁਸੀਂ ਇਕ ਅਣੂ ਹੋਣ ਬਾਰੇ ਸੋਚ ਸਕਦੇ ਹੋ? ਕੀ ਤੁਸੀਂ ਉਸ ਬਾਰੇ ਸੋਚ ਸਕਦੇ ਹੋ ਜਿਸ ਲਈ ਸੂਰਜ ਇਕ ਅਣੂ ਦੇ ਬਰਾਬਰ ਹੈ। ਇਕ ਪੁਲਾੜ ਲਈ ਦੂਸਰੇ ਪੁਲਾੜ ਦੀ ਹੋਂਦ ਬੜੀ ਖਾਲੀ ਹੈ, ਪਰ ਇਹ ਜ਼ਰੂਰ ਹੋ ਸਕਦਾ ਹੈ ਕਿ ਸਿਧੀ ਪ੍ਰਾਪਤ ਕਰਕੇ ਦੂਸਰੇ ਪੁਲਾੜ ਵਿਚ ਜਾ ਕੇ ਉਥੇ ਦਾ ਸਾਰਾ ਕੁਝ ਦੇਖਿਆ ਜਾ ਸਕਦਾ ਹੈ। ਲੀਲਾ ਹੁਣ ਬਹੁਤ ਹੀ ਉਤਾਵਲੀ ਸੀ ਕਿ ਉਹ ਆਪਣੇ ਪਤੀ ਨੂੰ ਦੂਸਰੇ ਰੂਪ ਵਿਚ ਦੇਖ ਸਕੇ, ਦੇਵੀ ਸਰਸਵਤੀ ਨੇ ਉਸ ਨੂੰ ਉਹ ਸਿੱਧੀ ਸਿਖਾ ਦਿਤੀ ਜਿਸ ਨਾਲ ਉਹ ਦੂਸਰੇ ਰੂਪ ਵਿਚ ਪ੍ਰਵੇਸ਼ ਕਰ ਸਕਦੀ ਸੀ। ਸਰਸਵਤੀ ਤੇ ਰਾਣੀ ਲੀਲਾ ਦੋਨੋਂ ਇਕੱਠੀਆਂ ਹੀ ਦੂਸਰੇ ਰੂਪ ਵਿਚ ਪ੍ਰਵੇਸ਼ ਕਰਦੀਆਂ ਹਨ ਜਿਥੇ ਲੀਲਾ ਦੇ ਪਤੀ ਹਨ, ਉਹ ਉਸ ਸਮੇਂ ਆਪਣੀ ਵਾਸ਼ਨਾ ਅਨੁਸਾਰ, ਸੰਸਕਾਰਾਂ ਅਨੁਸਾਰ ਕਰਮ ਭੋਗ ਰਿਹਾ ਹੈ।

ਦੇਵੀ ਸਰਸਵਤੀ ਤੇ ਰਾਣੀ ਲੀਲਾ ਕੀ ਦੇਖਦੀਆਂ ਹਨ ਕਿ ਰਾਜਾ ਇਕ ਸੋਲ੍ਹਾਂ ਸਾਲ ਦਾ ਬਾਲਕ ਰਾਜਾ ਬਣਿਆ ਹੋਇਆ ਹੈ। ਕਿੰਨੀ ਵਚਿਤਰ ਗੱਲ ਹੈ ਕਿ ਥੋੜ੍ਹੀਆਂ ਜਿਹੀਆਂ ਘੜੀਆਂ ਹੀ ਹੋਈਆਂ ਹਨ ਉਸ ਨੂੰ ਸਰੀਰ ਛੱਡਿਆਂ। ਇਥੇ ਇਸ ਜਗ੍ਹਾ ਤੇ ਇਹ ਇਕ ਸੋਲ੍ਹਾਂ ਸਾਲ ਦਾ ਬੱਚਾ ਤਖਤ ਤੇ ਬੈਠਾ ਹੈ, ਦੂਸਰੇ ਪਾਸੇ ਸੋਲ੍ਹਾਂ ਸਾਲ ਬੀਤ ਗਏ ਹੋਣ। ਇਥੇ ਜਨਮ ਲਿਆ ਹੋਵੇਗਾ, ਸੋਲ੍ਹਾਂ ਸਾਲ ਕਿਵੇਂ ਹੋ ਗਏ? ਇਹ ਸਾਰੀ ਗੱਲ ਬੜੀ ਹੀ ਵਚਿੱਤਰ ਹੈ, ਮਨ ਨੂੰ ਬਹੁਤ ਹੀ ਬੌਖਲਾ ਦੇਣ ਵਾਲੀ ਹੈ, ਇਹ ਤਾਂ ਕੇਵਲ ਸਥਾਨ ਹੀ ਨਹੀਂ ਬਦਲਿਆ ਹੋਇਆ ਹੈ। ਅਸੀਂ ਹਾਂ ਕਿਥੇ? ਇਹ ਕਿਥੇ ਦਾ ਰਾਜ ਹੈ? ਸਰਸਵਤੀ ਜਵਾਬ ਦਿੰਦੀ ਹੈ ਕਿ ਇਹ ਕੇਵਲ ਇਸ ਕਮਰੇ ਵਿਚ ਹੀ ਹੈ ਇਹ ਸਾਰਾ ਰਾਜਪਾਠ। ਹਾਂ, ਇਹ ਸਭ ਕੁਝ ਅੰਦਰ ਹੀ ਹੈ। ਹਰੇਕ ਅਣੂ ਵਿਚ ਸਮਾਂ, ਸਥਾਨ ਸਭ ਕੁਝ ਵਖਰਾ ਹੀ ਨਹੀਂ ਇਕ ਘਟਨਾ ਜਿਹੜੀ ਇਕ ਸਥਾਨ ਤੇ ਇਕ ਘੜੀ ਲੈਂਦੀ ਹੈ, ਉਨੇ ਵਿਚ ਤੁਸੀਂ ਦੂਸਰੀ ਜਗ੍ਹਾ ਪਹੁੰਚ ਜਾਂਦੇ ਹੋ। ਜਿਵੇਂ ਤੁਸੀਂ ਪਲੰਘ ਤੇ ਲੇਟੇ ਹੋਏ ਸੁਪਨੇ ਦੇਖਦੇ ਹੋ, ਬਿਲਕੁਲ ਉਹ ਹੀ ਹਾਲ ਹੈ। ਦੇਵੀ ਸਰਸਵਤੀ ਕਹਿਣ ਲੱਗੀ, "ਤੂੰ ਇਕੋ ਹੀ ਗੱਲ ਤੇ ਆਪਣੇ ਪਤੀ ਦੇ ਪ੍ਰਵੇਸ਼ ਤੇ ਹੈਰਾਨ ਹੈਂ ਪਰ ਸਾਰੇ ਬ੍ਰਹਿਮੰਡਾਂ ਵਿਚ ਇਕੋ ਹੀ ਗੱਲ ਹੈ। ਹੁਣੇ ਥੋੜ੍ਹੀ ਦੇਰ ਪਹਿਲਾਂ ਤੇਰੇ ਪਤੀ ਇਕ ਬ੍ਰਾਹਮਣ ਸੀ, ਤੂੰ ਉਸ ਦੀ ਪਤਨੀ ਸੀ, ਇਥੇ ਹੁਣ ਕੀ ਹੈ, ਤੂੰ ਦੇਖ ਹੀ ਰਹੀ ਹੈਂ। ਲੀਲਾ ਨੂੰ ਵਿਸ਼ਵਾਸ਼ ਨਹੀਂ ਹੁੰਦਾ। ਦੇਵੀ ਸਰਸਵਤੀ ਕਹਿੰਦੀ ਹੈ, ਕੋਈ ਨਹੀਂ, ਜੇ ਤੈਨੂੰ ਵਿਸ਼ਵਾਸ਼ ਨਹੀਂ ਹੁੰਦਾ, ਅੱਗੇ ਚਲਦੇ ਹਾਂ, ਉਹ ਅਗਲੇ ਰਾਜ ਵਿਚ ਜਾਂਦੇ ਹਨ। ਉਥੋਂ ਅੱਗੇ ਇਕ ਕੁਟੀਆ ਵਿਚ ਜਾਂਦੇ ਹਨ, ਜਿਥੇ ਇਕ ਬ੍ਰਾਹਮਣ ਰਹਿੰਦਾ ਸੀ, ਉਹ ਕੁਟੀਆ ਹੁਣ ਖਾਲੀ ਪਈ ਹੈ, ਉਸਦੇ ਪੁੱਤਰ, ਪੋਤਰੇ, ਧੀਆਂ, ਜਵਾਈ ਸਾਰੇ ਆਪਣੇ ਪਿਤਾ ਵਸ਼ਿਸ਼ਟ ਤੇ ਅਰੁਨਿਤੀ ਦਾ ਦੁਖ ਮਨਾ ਰਹੇ ਹਨ। ਸਰਸਵਤੀ ਲੀਲਾ ਨੂੰ ਥੋੜ੍ਹੇ ਜਿਹੇ ਕਦਮ ਪਿਛੇ ਲੈ ਕੇ ਜਾਂਦੀ ਹੈ ਤੇ ਦੇਖਦੀ ਹੈ ਕਿ ਉਹ ਹੁਣ ਬ੍ਰਾਹਮਣ ਦੀ ਪਤਨੀ ਹੈ, ਇਕ ਦਿਨ ਬ੍ਰਾਹਮਣ ਵਸ਼ਿਸ਼ਟ ਤੇ ਉਸ ਦੀ ਪਤਨੀ ਸ਼ਹਿਰ ਵਿਚ ਤੁਰੇ ਜਾਂਦੇ ਹਨ। ਉਹ ਇਕ ਰਾਜਕੁਮਾਰ ਨੂੰ ਦੇਖਦੇ ਹਨ ਤੇ ਇਕ ਰਾਜੇ ਦਾ ਜਲੂਸ ਦੇਖਦੇ ਹਨ, ਜਲੂਸ ਬਹੁਤ ਸੋਹਣਾ ਸਜਿਆ ਹੋਇਆ ਹੈ। ਬ੍ਰਾਹਮਣ ਦੇ ਮਨ ਵਿਚ ਵਿਚਾਰ ਆਉਂਦਾ ਹੈ, "ਕਾਸ਼! ਮੈਂ ਰਾਜਾ ਹੁੰਦਾ, ਰਾਜਾ ਬਣਨਾ ਕਿੰਨਾ

ਵਧੀਆ ਹੈ, ਮੇਰੇ ਵਲ ਦੇਖੋ! ਮੈਂ ਇਕ ਝੌਂਪੜੀ ਵਿਚ ਰਹਿ ਰਿਹਾ ਹਾਂ, ਇਹ ਫੁਰਨਾ ਕਰਨ ਦੀ ਦੇਰ ਸੀ, ਇਸ ਦਾ ਸੰਸਕਾਰ ਬਣ ਕੇ ਅੰਦਰ ਪੱਕ ਗਿਆ ਤੇ ਹੁਣ ਇਹ ਬ੍ਰਾਹਮਣ ਇਥੇ ਬੈਠਾ ਹੈ, ਬ੍ਰਾਹਮਣ ਦੀ ਪਤਨੀ ਅਰੁਨਿਤੀ ਪਤੀਵਰਤਾ ਸੀ, ਉਸਦਾ ਪਤੀ ਵਸ਼ਿਸ਼ਟ ਸੀ। ਅਰੁਨਿਤੀ ਨੇ ਬਹੁਤ ਦੇਰ ਤਕ ਸਰਸਵਤੀ ਦੀ ਅਰਾਧਨਾ ਕੀਤੀ ਸੀ ਤੇ ਸਰਸਵਤੀ ਨੇ ਉਸ ਨੂੰ ਪੁਛਿਆ ਸੀ ਕਿ ਉਹ ਕੀ ਚਾਹੁੰਦੀ ਹੈ। ਉਸ ਨੇ ਮੰਗਿਆ ਕਿ ਉਸ ਦਾ ਪਤੀ ਅਮਰ ਰਹੇ। ਜਦੋਂ ਇਹ ਦਸਿਆ ਗਿਆ ਕਿ ਇਹ ਨਹੀਂ ਹੋ ਸਕਦਾ ਤਾਂ ਉਸ ਨੇ ਮੰਗਿਆ ਕਿ ਮਰਨ ਉਪਰਾਂਤ ਉਸ ਦੇ ਪਤੀ ਦੀ ਆਤਮਾ ਇਸ ਕਮਰੇ ਵਿਚ ਹੀ ਰਹਿਣੀ ਚਾਹੀਦੀ ਹੈ। ਜਦੋਂ ਬ੍ਰਾਹਮਣ ਚਲਾਣਾ ਕਰ ਗਿਆ, ਉਸ ਦੀ ਪਤਨੀ ਵੀ ਉਸਦੇ ਨਾਲ ਹੀ ਸਤੀ ਹੋ ਗਈ। ਹੁਣ ਇਹ ਬ੍ਰਾਹਮਣ ਆਪਣੇ ਫੁਰਨੇ ਕਾਰਨ ਨੰਬਰ ਇਕ ਸ੍ਰਿਸ਼ਟੀ ਵਿਚ ਪੈਦਾ ਹੋਏ ਤੇ ਤੂੰ ਆਪਣੇ ਮੋਹ ਕਾਰਣ ਉਸ ਦੀ ਰਾਣੀ ਬਣੀ। ਇਨ੍ਹਾਂ ਸੰਸਕਾਰਾਂ ਦੇ ਕਾਰਣ ਹੀ ਤੂੰ ਉਹ ਹੀ ਆਰਾਧਨਾ ਕੀਤੀ ਤੇ ਉਹ ਹੀ ਵਰਦਾਨ ਮੰਗਿਆ, ਉਹ ਹੀ ਤੈਨੂੰ ਪ੍ਰਾਪਤ ਹੋਇਆ ਤੇ ਇਥੇ ਰਾਣੀ ਜਾਨਣਾ ਚਾਹੁੰਦੀ ਹੈ ਕਿ ਉਹ ਪਹਿਲਾਂ ਕੀ ਸੀ, ਉਸ ਤੋਂ ਪਹਿਲਾਂ ਕੀ ਸੀ। ਯੋਗ ਵਸ਼ਿਸ਼ਟ ਵਿਚ ਇਹ ਬਹੁਤ ਵਿਸਤਾਰ ਨਾਲ ਦਸਿਆ ਗਿਆ ਹੈ, ਕਿਵੇਂ ਉਸ ਰਾਣੀ ਨੂੰ ਯਾਦ ਹੈ ਉਹ ਪਹਿਲਾ ਕੀ ਸੀ ਉਸਦੇ ਕਿਹੜੇ-ਕਿਹੜੇ ਜਨਮ ਸਨ।

ਹੁਣ ਬ੍ਰਾਹਮਣ ਬਣਨ ਤੋਂ ਬਾਅਦ ਉਹ ਦੂਸਰੇ ਨੰਬਰ ਦੀ ਸ੍ਰਿਸ਼ਟੀ ਵਿਚ ਆ ਗਏ ਜਿਥੇ ਸੋਲ੍ਹਾਂ ਸਾਲ ਦਾ ਰਾਜਾ ਵਿਦੁਰਧਾ ਰਾਜ ਕਰਦਾ ਸੀ ਜਦੋਂ ਉਹ ਵਾਪਸ ਮੁੜੇ ਤਾਂ ਦੇਖਿਆ ਕਿ ਰਾਜਾ ਸੱਤਰ ਸਾਲ ਦਾ ਬੁੱਢਾ ਸੀ ਤੇ ਉਸ ਦੀ ਪਤਨੀ ਲੀਲਾ ਸੀ। ਇਸ ਤੋਂ ਵੱਧ ਤੁਸੀਂ ਕੀ ਜਾਨਣਾ ਚਾਹੁੰਦੇ ਹੋ। ਇਹ ਤਾਂ ਅੱਗੇ ਤੋਂ ਅੱਗੇ ਹੈ।

## ਇਸ ਸੰਸਾਰ ਤੋਂ ਪਰ੍ਹੇ ਦੀਆਂ ਬਾਤਾਂ

ਇਸ ਸੰਸਾਰ ਤੋਂ ਪਰ੍ਹੇ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਰਿਸ਼ੀ ਵਸ਼ਿਸ਼ਟ ਦੀ ਯੋਗ ਸਿਖਿਆ ਆਉਂਦੀ ਹੈ, ਮੈਂ ਦੇਖਿਆ ਹੈ ਕਿ ਯੋਗ ਵਸ਼ਿਸ਼ਟ ਵਿਚ 25000 ਤੋਂ 26000 ਸਲੋਕ ਹਨ। (ਹੁਣ ਮੈਂ 32000 ਤਕ ਪੜ੍ਹ ਚੁਕਿਆ ਹਾਂ), ਯੋਗ ਵਸ਼ਿਸ਼ਟ ਬਹੁਤ ਪੁਰਾਣਾ ਹੈ ਪਰ 19ਵੀਂ ਸਦੀ ਵਿਚ ਇਸ ਗ੍ਰੰਥ ਦਾ ਕਸ਼ਮੀਰੀ ਵਿਚ ਸਾਰਾਂਸ਼ ਛਪਿਆ ਹੋਇਆ ਹੈ, ਉਸ ਵਿਚ 6000 ਸ਼ਲੋਕ ਸਨ। ਮੈਂ ਇਹ ਗੱਲ ਮੰਨਦਾ ਹਾਂ ਕਿ ਇਸ ਦੀ ਰਚਨਾ ਕੋਈ ਪੰਜਵੀਂ ਛੇਵੀਂ ਸਦੀ AD ਵਿਚ ਹੋਈ ਹੋਵੇਗੀ, ਰਾਮ ਚੰਦਰ ਜੀ ਦੀ ਗਾਥਾ ਤੋਂ ਬਾਅਦ ਬੁੱਧ ਦੀ ਗਾਥਾ ਹੈ। ਰਾਮ ਚੰਦਰ ਜੀ ਏਸ਼ੀਆਂ ਵਿਚ ਸਾਰੇ ਜਾਣੇ ਜਾਂਦੇ ਹਨ। ਯੋਗ ਵਸ਼ਿਸ਼ਟ ਇਹੋ ਜਿਹੀ ਸ਼ੈਲੀ ਵਿਚ ਲਿਖਿਆ ਹੈ ਜੋ ਸਾਰੇ ਪੱਛਮੀ ਭਾਰਤ ਦੀ ਬੜੀ ਆਮ ਸ਼ੈਲੀ ਹੈ ਜਿਸ ਵਿਚ ਕਹਾਣੀ ਦੱਸੀ ਜਾਂਦੀ ਹੈ ਤੇ ਅਖੀਰ ਵਿਚ ਉਸ ਦੀ ਸਿਖਿਆ ਦਸੀ ਜਾਂਦੀ ਹੈ। ਇਸ ਵਿਚ ਸਿਖਿਆ ਦੇ ਕੋਈ 1000 ਸ਼ਲੋਕ ਹਨ। ਇਕ ਹੋਰ ਗੱਲ ਵੀ ਹੈ ਇਸ ਵਿਚ ਤੁਹਾਨੂੰ ਕਹਾਣੀ ਦੇ ਅੰਦਰ ਤੀਸਰੀ ਕਹਾਣੀ ਫੇਰ ਉਸ ਦੇ ਅੰਦਰ ਦੂਸਰੀ ਕਹਾਣੀ ਮਿਲਦੀ ਹੈ ਜਿਵੇਂ ਕਿ ਪੰਚ ਤੰਤਰ ਦੀਆਂ ਕਹਾਣੀਆਂ ਵਿਚ ਹੈ, ਬਹੁਤ ਘੱਟ ਲੋਕੀ ਹਨ ਜਿਨ੍ਹਾਂ ਨੇ ਪੂਰਾ ਯੋਗ ਵਸ਼ਿਸ਼ਟ ਪੜ੍ਹਿਆ ਹੋਵੇਗਾ। ਯੋਗ ਵਸ਼ਿਸ਼ਟ ਬਹੁਤ ਲੰਬਾ ਹੈ। ਦੇਹਰਾਦੂਨ ਵਿਚ ਡਾਕਟਰ ਬੀ. ਐਲ ਅਤਰੇ ਹਨ, ਉਨ੍ਹਾਂ ਦਾ ਆਸ਼ਰਮ ਹੈ, ਉਨ੍ਹਾਂ ਨੂੰ ਸਵਾਮੀ ਰਾਮ ਨੇ ਦੀਖਿਆ ਦਿਤੀ ਸੀ ਉਨ੍ਹਾਂ ਯੋਗ ਵਸ਼ਿਸ਼ਟ ਤੇ ਇਤਿਹਾਸ ਤੇ ਕੰਮ ਕੀਤਾ ਸੀ, ਮੈਂ ਸ਼ਾਇਦ ਉਹ ਸਾਰਾ ਕੁਝ ਤੁਹਾਨੂੰ ਨਾ ਦਸ ਸਕਾਂ। ਪਰ ਮੈਂ ਚਾਹਵਾਂਗਾ ਕਿ ਤੁਸੀਂ ਉਸ ਨੂੰ ਪੜ੍ਹੋ। ਜੇ ਤੁਸੀਂ ਪੜ੍ਹ ਲਓ, ਉਹ ਕੀ ਹੈ? ਕਿਸ ਤਰ੍ਹਾਂ ਦਾ ਗ੍ਰੰਥ ਹੈ, ਹੋਰ ਵੱਧ ਤੋਂ ਵੱਧ ਲੋਕੀ ਸੁਨਣਾ ਚਾਹੁੰਣਗੇ, ਜਾਨਣਾ ਚਾਹੁੰਣਗੇ ਕਿਉਂਕਿ ਇਹ ਇਕ ਬਹੁਤ ਹੀ ਵਚਿਤ੍ਰ ਗ੍ਰੰਥ ਹੈ। ਇਸ ਵਿਚ ਬਹੁਤ ਹੀ ਰੌਚਿਕ ਕਹਾਣੀਆਂ ਹਨ ਬਹੁਤ ਸੋਹਣੀਆਂ ਮਿਸਾਲਾਂ ਹਨ, ਮੇਰੇ ਕੋਲ ਇਸ ਦਾ ਹਿੰਦੀ ਵਿਚ ਸਾਰਾਂਸ ਹੈ ਪਰ ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਰਹਿ ਜਾਣਗੀਆਂ। ਮੈਂ ਤੁਹਾਨੂੰ ਪਹਿਲੇ ਅਧਿਆਇ ਤੋਂ ਹੀ ਦਸਦਾ ਹਾਂ। ਮੈਂ ਤੁਹਾਨੂੰ ਉਸ ਦਾ ਇਕ ਇਕ ਅੱਖਰ ਦਸਦਾ ਹਾਂ। ਉਸ ਨਾਲ ਤੁਹਾਨੂੰ ਉਸ ਦੀ ਸ਼ੈਲੀ ਦਾ ਪਤਾ ਲਗ ਜਾਏਗਾ। ਫੇਰ ਮੈਂ ਤੁਹਾਨੂੰ ਚੋਣਵੇਂ-ਚੋਣਵੇਂ ਲੇਖਾਂ ਵਿਚ ਲੈ ਜਾਵਾਂਗਾ, ਜਿਥੇ ਸਭ ਦੀ ਰੁਚੀ ਬੰਨੀ ਰਹੇਗੀ ਕਿਤੇ ਕੋਈ ਛੋਟੀ ਕਹਾਣੀ ਹੋਵੇਗੀ ਕਿਤੇ ਕੋਈ ਵੱਡੀ ਕਹਾਣੀ। ਇਕ ਰਾਜਾ ਸੀ ਉਸ ਦੇ ਤਿੰਨ ਪੁੱਤਰ ਸਨ, ਤਿੰਨਾਂ ਨੇ ਇਹ ਫੈਸਲਾ ਕੀਤਾ ਕਿ ਉਹ ਸਭ ਤੋਂ ਵੱਡਾ ਇਹ ਕਰ ਸਕਦੇ ਹਨ ਕਿ ਇਸ ਸਰੀਰ ਨਾਲ ਉਪਰ ਵਲ ਅਰਥਾਤ ਆਰੰਭ ਕਾਲ ਨੂੰ ਦੇਖ ਲੈਣ, ਉਹ ਪਿਛਲੇ ਬੰਨੇ 1,07000 ਮੀਲ ਦੀ ਰਫਤਾਰ ਨਾਲ ਚਲੀ ਜਾ ਰਹੇ ਹਨ ਪਰ ਉਹ ਹਾਲੇ ਤਕ ਸੰਸਾਰ ਦੇਖਣ ਲਈ ਨਹੀਂ ਪਹੁੰਚੇ।

ਇਕ ਵਾਰੀ ਦੀ ਗੱਲ ਹੈ ਇਕ ਰਾਜਾ ਸੀ ਉਸ ਦਾ ਨਾਂ ਭਾਸਾ ਸੀ, ਭਾਸਾ ਤੋਂ ਭਾਵ ਹੈ ਚਮਕਣਾ। ਉਹ ਹਵਣ ਕੁੰਡ ਵਿਚੋਂ ਜਨਮਿਆਂ ਸੀ, ਇਕ ਵਾਰੀ ਉਹ ਪਿਛਲੇ ਜਨਮ ਦੇ ਅਨੁਭਵ ਸੁਣਾ ਰਿਹਾ ਸੀ। ਉਹ ਕਹਿਣ ਲੱਗਾ ਉਸ ਨੇ ਇਕ ਵਾਰੀ ਆਕਾਸ਼ ਤੋਂ ਇਕ ਧਰਤੀ ਦਾ ਟੁਕੜਾ ਇਕ ਪਹਾੜ ਜਿਹਾ ਡਿਗਦਾ ਦੇਖਿਆ, ਉਹ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਪ੍ਰਮਾਤਮਾ ਦਾ ਇਕ ਅੰਡਾ ਡਿੱਗਾ ਹੋਵੇ ਤੇ ਉਹ ਬ੍ਰਹਿਮੰਡ ਵਿਚ ਫਟਿਆ ਹੋਵੇ। ਜਿਵੇਂ ਹੀ ਡਿਗਿਆ ਉਸ ਨੇ ਬਹੁਤ ਸਾਰੀ ਥਾਂ ਰੋਕ ਲਈ ਜਿਵੇਂ ਹੀ ਇਸ ਤਰ੍ਹਾਂ ਹੋਇਆ ਚੰਡੀ ਦੇਵੀ ਉਸ ਨੂੰ ਤੋੜਿਆ ਪਰ ਭਾਸਾ ਹੈਰਾਨ ਹੋ ਕੇ ਦੇਖਣ ਲਗ ਪਏ ਕਿ ਇਹ ਹੈ ਕੀ? ਉਨ੍ਹਾਂ ਨੇ ਵੱਡੇ ਵੱਡੇ ਦੇਵਤੇ ਬੁਲਾ ਲਏ ਜਿਵੇਂ ਅਗਨੀ ਦੇਵ। ਉਨ੍ਹਾਂ ਨੇ ਅਗਨੀ ਦੇਵ ਨੂੰ ਪੁਛਿਆ ਇਹ ਕੀ ਹੈ ਤੇ ਫੇਰ ਅਗਨੀ ਦੇਵ ਨੇ ਦਸਣਾ ਸ਼ੁਰੂ ਕਰ ਦਿਤਾ। ਇਕ ਵਾਰੀ ਦੀ ਗੱਲ ਹੈ (ਇਹ ਕਹਾਣੀ ਅੰਦਰ ਹੋਰ ਕਹਾਣੀ ਹੈ) ਇਕ ਸ਼ਿਕਾਰੀ ਸੀ ਉਹ ਸ਼ਿਕਾਰੀ ਸਾਰੇ ਅਸ਼ਾਂਤੀ ਫੈਲਾ ਰਿਹਾ ਸੀ, ਜੰਗਲ ਵਿਚ ਸਭ ਨੂੰ ਤੰਗ ਕਰੀ ਜਾ ਰਿਹਾ ਸੀ, ਜੰਗਲ ਵਿਚ ਆਸ਼ਰਮ ਸੀ। ਇਹ ਸ਼ਿਕਾਰੀ ਉਥੇ ਜਾ ਪਹੁੰਚਾ ਤੇ ਰਿਸ਼ੀਆਂ ਨੂੰ ਤੰਗ ਕਰਨ ਲਗ ਪਿਆ, ਰਿਸ਼ੀ ਬੜੇ ਆਰਾਮ ਨਾਲ ਜੰਗਲ ਵਿਚ ਰਿਹਾ ਕਰਦੇ ਸਨ, ਆਮ ਤੌਰ ਤੇ ਕੋਈ ਸ਼ਿਕਾਰੀ ਆਸ਼ਰਮ ਦੇ ਨੇੜੇ ਨਹੀਂ ਆਉਂਦੇ, ਬੜੀ ਦੇਰ ਬਾਅਦ ਰਿਸ਼ੀ ਨੂੰ ਗੁੱਸਾ ਚੜ੍ਹਿਆ ਤੇ ਉਸ ਨੇ ਉਸ ਸ਼ਿਕਾਰੀ ਨੂੰ ਸਰਾਪ ਦੇ ਦਿਤਾ, ਤੂੰ ਮੱਛਰ ਬਣ ਜਾਏ। ਉਸ ਸਰਾਪ ਦੇ ਕਾਰਣ ਉਹ ਮੱਛਰ ਬਣ ਗਿਆ ਤੇ ਫੇਰ ਉਹ ਮਰ ਗਿਆ। ਫੇਰ ਉਹ ਇਕ ਹਿਰਨ ਦੇ ਰੂਪ ਵਿਚ ਪੈਦਾ ਹੋਇਆ, ਇਕ ਜੰਗਲ ਵਿਚ ਉਸ ਨੇ ਜਨਮ ਲਿਆ ਤੇ ਜੰਗਲ ਵਿਚ ਰਹਿੰਦਾ

ਰਿਹਾ। ਉਸ ਤੋਂ ਬਾਅਦ ਜਦੋਂ ਉਹ ਮਰਿਆ, ਉਸ ਨੇ ਇਕ ਸ਼ਿਕਾਰੀ ਦਾ ਜਨਮ ਲਿਆ, ਕਰਮਾਂ ਅਨੁਸਾਰ ਉਸ ਨੇ ਇਕ ਸ਼ਿਕਾਰੀ ਦਾ ਜਨਮ ਲਿਆ ਪਰ ਇਸ ਵਾਰੀ ਉਹ ਰਿਸ਼ੀ ਦਾ ਉਪਦੇਸ਼ ਸੁਣਨ ਨੂੰ ਤਿਆਰ ਸੀ, ਉਹ ਰਿਸ਼ੀ ਕੋਲ ਪਹੁੰਚਿਆ, ਰਿਸ਼ੀ ਕਹਿਣ ਲੱਗੇ, ਸੁਣ ਤੂੰ ਇਸ ਤਰ੍ਹਾਂ ਹੀ ਲੱਗਾ ਰਹੇਂਗਾ, ਤੂੰ ਚੌਰਾਸੀ ਦੇ ਗੇੜੇ ਵਿਚ ਲੱਗਾ ਰਹੇਂਗਾ ਜੇ ਤੂੰ ਬ੍ਰਹਮ ਗਿਆਨ ਪ੍ਰਾਪਤ ਕਰ ਲਵੇਂ, ਜਿਸ ਨੂੰ ਪ੍ਰਾਪਤ ਕਰਨ ਲਈ ਤੈਨੂੰ ਬਹੁਤ ਸਾਰੀ ਸ਼ੁਧੀ ਕਰਨੀ ਪਵੇਗੀ, ਜਦੋਂ ਤੂੰ ਬਹੁਤ ਸਾਰੀ ਤਪਸਿਆ ਕਰ ਲਵੇਂਗਾ ਤੇਰੀ ਸ਼ੁਧੀ ਹੋ ਜਾਵੇਗੀ ਤੇ ਮਨ ਚਿੱਤ ਸੁੱਧ ਹੋ ਜਾਵੇਗਾ। ਜਦੋਂ ਉਸ ਨੇ ਤਪਸਿਆ ਕਰਕੇ ਸ਼ੁਧੀ ਕਰ ਲਈ ਫੇਰ ਪ੍ਰਸ਼ਨ ਪੈਦਾ ਹੋਇਆ ਕਿ ਬਾਹਰ ਦਾ ਸੰਸਾਰ ਕਿਸ ਤਰ੍ਹਾਂ ਹੈ, ਕਿਸ ਤਰ੍ਹਾਂ ਦੇ ਢਾਂਚੇ ਹਨ, ਕਿਸ ਤਰ੍ਹਾਂ ਦੇ ਸੰਕਲਪ ਹਨ, ਕਿਸ ਤਰ੍ਹਾਂ ਦਾ ਸੰਕਲਪ ਜਗਤ ਹੈ, ਕਿਸ ਤਰ੍ਹਾਂ ਦੇ ਭੈ ਜਗਤ ਵਿਚ ਹਨ, ਇੱਛਾ ਸ਼ਕਤੀ ਦਾ ਜਗਤ ਕਿਸ ਤਰ੍ਹਾਂ ਦਾ ਹੈ, ਵਿਚਾਰਾਂ ਦਾ ਸੰਸਾਰ ਕਿਸ ਤਰ੍ਹਾਂ ਦਾ ਹੈ, ਇਨ੍ਹਾਂ ਦਾ ਮੇਲ ਕਿਸ ਤਰ੍ਹਾਂ ਹੋ ਸਕਦਾ ਹੈ, ਕਿਥੇ ਇਹ ਇਕ ਹਨ? ਕਿਥੇ ਇਹ ਫਰਕ ਰਖਦੇ ਹਨ ਇਹ ਕਿਵੇਂ ਸਥਾਪਤ ਕੀਤਾ ਜਾ ਸਕਦਾ ਹੈ। ਇਕ ਵਾਰੀ ਦੀ ਗੱਲ ਹੈ ਮੈਂ ਆਪਣੇ ਮਨ ਨੂੰ ਸੌਂਦਿਆ ਦੇਖਿਆ। ਇਸ ਰਿਸ਼ੀ ਕੋਲ ਇਹ ਸ਼ਕਤੀ ਸੀ ਕਿ ਇਹ ਦੂਸਰਿਆਂ ਦੇ ਸਰੀਰ ਵਿਚ ਜਾ ਸਕਦੇ ਸਨ, ਉਨ੍ਹਾਂ ਦੇ ਮਨ ਦੇ ਅੰਦਰ ਜਾ ਸਕਦੇ ਸੀ। ਮੇਰੇ ਮਨ ਦੇ ਅੰਦਰ ਇਹ ਜਗਿਆਸਾ ਸੀ ਕਿ ਇਹ ਕੀ ਦੇਖ ਰਹੇ ਹਨ, ਕੀ ਸੁਪਨਾ ਲੈ ਰਹੇ ਹਨ, ਜਦੋਂ ਤੁਸੀਂ ਕਿਸੇ ਸਾਥੀ ਨਾਲ ਸਫਰ ਕਰਦੇ ਹੋ, ਤੁਸੀਂ ਉਹ ਹੀ ਅਨੁਭਵ ਦੇਖਦੇ ਹੋ ਪਰ ਤੁਸੀਂ ਕਿਸੇ ਦੇ ਸੁਪਨੇ ਤਾਂ ਸਾਂਝੇ ਨਹੀਂ ਕਰ ਸਕਦੇ। ਜੀਵਨ ਮੇਰੇ ਮਨ ਵਿਚ ਹੈ। ਮੈਂ ਦਸਣਾ ਚਾਹੁੰਦਾ ਹਾਂ ਕੀ ਜੀਵਨ ਸੁਪਨਾ ਹੈ, ਸੁਪਨਾ ਕੀ ਹੈ? ਮੈਂ ਆਪਣੀ ਪਰਮ ਸ਼ਕਤੀ ਨਾਲ ਉਸਦੇ ਮਨ ਦੇ ਅੰਦਰ ਜਾ ਕੇ ਦੇਖਿਆ। ਮੈਨੂੰ ਇਕ ਛੋਟੇ ਵਜੂਦ ਦੀ ਲੋੜ ਸੀ। ਮੈਂ ਆਪਣਾ ਵਿਅਕਤੀਤ੍ਵ ਉਸ ਵਿਚ ਬਦਲੀ ਕਰ ਦਿਤਾ। ਮੈਂ ਉਸਦੀਆਂ ਸੋਚਾਂ ਦੇ ਸੰਸਾਰ ਵਿਚ ਜਾ ਕੇ ਦੇਖਿਆ, ਉਸ ਦੇ ਸੰਕਲਪ ਸੰਸਾਰ ਵਿਚ ਜਾ ਕੇ ਦੇਖਿਆ, ਜਦੋਂ ਮੈਂ ਉਥੇ ਗਿਆ ਮੈਂ ਉਥੇ ਬੇਅੰਤ ਸੰਸਾਰ ਦੇਖਿਆ, ਬਹੁਤ ਪਸਰਿਆ ਹੋਇਆ ਫੈਲਿਆ ਹੋਇਆ। ਮੈਂ ਸੋਚਿਆ, "ਇਹ ਤਾਂ ਬੜਾ ਹੀ ਲੁਭਾਇਮਾਨ ਸੰਸਾਰ ਹੈ, ਮੈਂ ਦੇਖਾਂ ਤਾਂ ਸਹੀ ਇਹ ਕੀ ਹੈ। ਮੈਂ ਦੇਖਣ ਲਗ ਪਿਆ, ਖੋਜਣ ਲਗ ਪਿਆ, ਮੈਂ ਬਹੁਤ ਕੁਝ ਦੇਖਿਆ, ਬਹੁਤ ਸਾਰੀਆਂ ਘਟਨਾਵਾਂ ਦੇਖੀਆਂ, ਮੈਂ ਉਥੇ ਇਕ ਸੌ ਸਾਲ ਰਿਹਾ ਤੇ ਮੈਂ ਬਿਲਕੁਲ ਭੁੱਲ ਗਿਆ ਮੈਂ ਕੌਣ ਹਾਂ, ਜਦੋਂ ਕਿ ਮੈਂ ਕਿਸੇ ਹੋਰ ਦੇ ਸੁਪਨਿਆਂ ਦੇ ਕੋਸ਼ ਵਿਚ ਤੁਰ ਫਿਰ ਰਿਹਾ ਸੀ। ਜਦੋਂ ਮੈਂ ਉਸ ਸੰਸਾਰ ਵਿਚ ਸੀ ਮੈਂ ਇਕ ਜੰਗਲ ਵਿਚ ਪੁਜਿਆ ਜਿਥੇ ਇਕ ਬਹੁਤ ਵੱਡਾ ਰਿਸ਼ੀ ਰਹਿੰਦਾ ਸੀ। ਉਹ ਕਹਿਣ ਲੱਗੇ, "ਕੀ ਤੂੰ ਜਾਣਦਾ ਹੈਂ, ਤੂੰ ਕੌਣ ਹੈਂ? ਤੂੰ ਕਿਥੋਂ ਆਇਆ ਹੈਂ? ਤੇਰਾ ਵਾਸਤਵਿਕ ਸੰਸਾਰ ਕਿਹੜਾ ਹੈ? ਇਥੇ ਤੂੰ ਸੁਪਨੇ ਦੇ ਸੰਸਾਰ ਵਿਚ ਹੈਂ। ਫੇਰ ਉਹ ਜਤਨ ਕਰਕੇ ਸੁਪਨੇ ਦੇ ਸੰਸਾਰ ਤੋਂ ਬਾਹਰ ਨਿਕਲਿਆ ਤੇ ਆਪਣੇ ਵਿਅਕਤੀਤ੍ਵ ਵਿਚ ਵਾਪਸ ਆਇਆ ਉਦੋਂ ਤਕ ਇਕ ਸੌ ਸਾਲ ਬੀਤ ਚੁਕਾ ਸੀ, ਕੀ ਉਹ ਸੌ ਸਾਲ ਸੁੱਤਾ ਰਿਹਾ? ਉਹ ਕਹਿਣ ਲੱਗਾ, "ਮੈਂ ਤਾਂ ਕੇਵਲ ਇਕ ਖਿੰਨ ਹੀ ਉਸ ਦੇ ਮਨ ਦੇ ਅੰਦਰ ਬਿਤਾਇਆ ਸੀ ਪਰ ਸੁਪਨਿਆਂ ਦੇ ਦੇਸ਼ ਵਿਚ ਉਹ ਇਕ ਸੌ ਸਾਲ ਸੀ।" ਉਸ ਸ਼ਿਕਾਰੀ ਨੂੰ ਸਮਝ ਨਹੀਂ ਆਈ ਕਿ ਉਹ ਰਿਸ਼ੀ ਕੀ ਕਹਿ ਰਹੇ ਸਨ। ਰਿਸ਼ੀ ਕਹਿਣ ਲੱਗੇ, "ਤੈਨੂੰ ਸਮਝ ਨਹੀਂ ਆ ਰਹੀ ਮੈਂ ਤੇਰੇ ਬਾਰੇ ਕੀ ਗੱਲ ਕਰ ਰਿਹਾ ਹਾਂ। ਜਾਹ, ਜਾ ਕੇ ਸੋਝੀ ਨਾਲ ਹੋਰ ਅਭਿਆਸ ਕਰ, ਆਪਣੇ ਆਪ ਨੂੰ ਪਵਿੱਤਰ ਕਰ ਤੇ ਜਦੋਂ ਤੇਰੇ ਇਸ਼ਟ ਤੇਰੇ ਅੱਗੇ ਪ੍ਰਗਟ ਹੋ ਜਾਣ ਤਾਂ ਤੂੰ ਉਨ੍ਹਾਂ ਤੋਂ ਵਰਦਾਨ ਮੰਗੀ ਕਿ ਤੇਰਾ ਸਰੀਰ ਐਡਾ ਵੱਡਾ ਹੋ ਜਾਏ, ਜਿੱਡਾ ਸਾਰਾ ਸੰਸਾਰ ਤੇ ਜਿਹੜਾ ਸਾਰਾ ਸੰਸਾਰ ਢਕ ਲਵੇ। ਉਸ ਨੇ ਬਹੁਤ ਸਾਧਨਾ ਕੀਤੀ, ਅਭਿਆਸ ਕੀਤਾ ਤੇ ਅੰਤ ਉਸ ਦੇ ਇਸ਼ਟ ਪ੍ਰਗਟ ਹੋਏ, ਉਸ ਨੇ ਵਰਦਾਨ ਮੰਗਿਆ ਤੇ ਕਿਹਾ ਮੈਨੂੰ ਐਡਾ ਵੱਡਾ ਸਰੀਰ ਪ੍ਰਦਾਨ ਕਰੋ ਜੋ ਸਾਰੇ ਵਿਸ਼ਵ ਵਿਚ ਫੈਲ ਜਾਵੇ, ਸਾਰੇ ਵਿਸ਼ਵ ਜਿੱਡਾ ਹੋਵੇ, ਉਸ ਨੂੰ ਉਹ ਸਰੀਰ ਮਿਲ ਗਿਆ ਅੰਤ ਉਸ ਸਰੀਰ ਨੇ ਵੀ ਇਕ ਦਿਨ ਖਤਮ ਹੋਣਾ ਸੀ ਤੇ ਉਹ ਸਰੀਰ ਖਤਮ ਹੋਇਆ ਤੇ ਉਹ ਵਿਸ਼ਵ ਜਿਹੀ ਵਿਸ਼ਾਲ ਦੇਹ ਖਤਮ ਹੋ ਗਈ, ਫੇਰ ਇਹ ਮਨੁੱਖ ਇਕ ਰਾਜਾ ਦੇ ਘਰ ਜਨਮ ਲੈਂਦਾ ਹੈ ਤੇ ਉਥੇ ਉਸ ਦੇ ਗਿਆਨੀ ਮੰਤਰੀ ਉਸ ਨੂੰ ਗਿਆਨ ਦਿੰਦੇ ਹਨ ਤੇ ਹੁਣ ਉਹ ਮੁਕਤ ਹੋ ਗਿਆ ਹੈ।

ਇਹੋ ਜਿਹੀਆਂ ਕਹਾਣੀਆਂ ਯੋਗ ਵਸ਼ਿਸ਼ਟ ਵਿਚ ਦਰਜ ਹਨ, ਇਹ ਸਾਰਾ ਗ੍ਰੰਥ ਨਹੀਂ। ਪਰ ਇਹੋ ਜਿਹੀਆਂ ਕਹਾਣੀਆਂ ਵਿਚ ਤੁਹਾਨੂੰ ਪੂਰੀ ਫਿਲੋਸਫੀ ਮਿਲ ਜਾਂਦੀ ਹੈ ਤੇ ਬਹੁਤ ਵਿਸਥਾਰ ਦੇ ਤਰੀਕੇ ਵੀ ਮਿਲ ਜਾਂਦੇ ਹਨ। ਫੇਰ ਸ਼ਿਸ਼ ਦੇ ਮਨ ਵਿਚ ਇਕ ਪ੍ਰਸ਼ਨ ਉਠਦਾ ਹੈ ਤੇ ਗੁਰੂ ਦਸਦਾ ਹੈ ਇਸ ਪ੍ਰਸ਼ਨ ਦਾ ਉਤਰ ਦੇਣ ਲਈ ਇਕ ਕਹਾਣੀ ਸੁਣਾਈ ਜਾ ਸਕਦੀ ਹੈ ਤੇ ਫੇਰ ਉਹ ਕਹਾਣੀ ਸੁਣਾਉਂਦਾ ਹੈ ਤੇ ਸਾਰੇ ਅਨੁਭਵ ਦਸਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਸਮੇਂ-ਸਮੇਂ ਸਿਰ ਵਾਧਾ ਕੀਤਾ ਗਿਆ ਹੈ। ਮਿਸਾਲ ਵਜੋਂ ਇਸ ਗ੍ਰੰਥ ਵਿਚ ਭਗਵਤ ਗੀਤਾ ਦਾ ਨਵਾਂ ਰੂਪ ਹੈ ਜਿਸ ਵਿਚ ਕੇਵਲ 300 ਸ਼ਲੋਕ ਹਨ। ਤੁਸੀਂ ਸਾਰੇ ਜਾਣਦੇ ਹੋ ਕਿ ਗੀਤਾ ਵਿਚ 700 ਸ਼ਲੋਕ ਹਨ। ਵਿਚਾਰ ਖਿੰਡੇ ਪਏ ਹਨ ਕੋਈ ਇਥੇ ਕੋਈ ਓਥੇ, ਇਕ ਵਾਰੀ ਮੈਂ ਸੋਚਿਆ ਸੀ ਕਿ ਮੈਂ ਸ਼ੁਰੂ ਤੋਂ ਸ਼ੁਰੂ ਕਰਾਂਗਾ ਪਰ ਹੁਣ ਮੈਂ ਵਿਚੋਂ ਵਿਚੋਂ ਗੀਤਾ ਪੜ੍ਹਾਂਗਾ।

ਰਾਮ ਚੰਦਰ ਜੀ ਵਸ਼ਿਸ਼ਟ ਦੇ ਸ਼ਿਸ਼ ਬਣ ਕੇ ਜਾਂਦੇ ਹਨ, ਵਸ਼ਿਸ਼ਟ ਜੀ ਉਨ੍ਹਾਂ ਦੇ ਗੁਰੂ ਹਨ। ਪੁਰਾਣੇ ਸਮਿਆਂ ਵਿਚ ਮੰਤਰੀ ਵੀ ਸਿਆਣੇ ਲੋਕ ਹੁੰਦੇ ਸਨ ਉਹ ਰਾਜੇ ਨੂੰ ਸਲਾਹ ਦਿੰਦੇ ਸਨ ਤੇ ਰਾਜ ਕੁਮਾਰਾਂ ਨੂੰ ਸਿਖਿਆ ਦਿੰਦੇ ਸਨ। ਰਾਮ ਚੰਦਰ ਜੀ ਨੇ ਬਚਪਨ ਵਿਚ ਹੀ ਅਵਤਾਰ ਦਾ ਰੂਪ ਧਾਰਨ ਕਰ ਲਿਆ ਸੀ। ਉਨ੍ਹਾਂ ਦਾ ਮੰਤਵ ਸੀ ਜੀਵਨ ਦੇ ਹਰੇਕ ਰਿਸ਼ਤੇ, ਹਰੇਕ ਪਹਿਲੂ ਨੂੰ ਇਕ ਸੰਪੂਰਨ ਰੂਪ ਵਿਚ ਦਰਸਾਉਣਾ, ਇਕ ਆਦਰਸ਼ਕ ਰਾਜ ਕੁਮਾਰ, ਇਕ ਆਦਰਸ਼ਕ ਪਤੀ, ਇਕ ਆਦਰਸ਼ਕ ਪੁੱਤਰ ਤੇ ਹੋਰ ਸਾਰੇ ਰਿਸ਼ਤੇ ਜਿੰਨੇ ਵੀ ਹਨ, ਉਨ੍ਹਾਂ ਵਿਚ ਆਦਰਸ਼ਤਾ ਲਿਆਉਣੀ ਤੇ ਪ੍ਰਗਟ ਕਰਨੀ। ਰਾਮਾਇਣ ਦੀ ਕਹਾਣੀ ਵਿਸਥਾਰ ਦੀ ਫਿਲੋਸਫੀ ਵਿਚ ਨਹੀਂ ਜਾਂਦੀ, ਰਾਮ ਚੰਦਰ ਜੀ ਨੂੰ ਵਸ਼ਿਸ਼ਟ ਦੇ ਆਸ਼ਰਮ ਵਿਚ ਭੇਜਿਆ ਗਿਆ ਜੋ ਓਦੋਂ ਦਾ ਰਿਵਾਜ ਤਰੀਕਾ ਸੀ ਕਿ ਬੱਚੇ ਨੂੰ ਗੁਰੂ ਚਰਨਾਂ ਵਿਚ ਭੇਜਿਆ ਜਾਵੇ, ਜਿਥੇ ਬੈਠ ਕੇ ਉਹ

ਸਭ ਕੁਝ ਗੁਰੂ ਕੋਲੋਂ ਸਿੱਖੇ। ਗੁਰੂ ਵਸ਼ਿਸ਼ਟ ਨੇ ਰਾਮ ਚੰਦਰ ਜੀ ਨੂੰ ਵੇਦਾਂਤ ਦੀ ਫਿਲੋਸਫੀ ਪੜ੍ਹਾਈ, ਉਹ ਯੋਗ ਵਸ਼ਿਸ਼ਟ ਵਿਚ ਦਰਜ ਹੈ। ਯੋਗ ਵਸ਼ਿਸ਼ਟ ਦਾ ਨਾਮ, ਜਗ੍ਹਾ ਹਰੇਕ ਸਾਸ਼ਤਰ ਵਿਚ ਲਿਆ ਗਿਆ ਹੈ ਇਸ ਵਿਚੋਂ ਸ਼ੰਕਰਾਚਾਰੀਆ ਨੇ ਵੀ ਅੰਸ਼ ਦਿਤੇ ਹਨ। ਯੋਗ ਵਸ਼ਿਸ਼ਟ ਦਾ ਪਹਿਲਾ ਅਧਿਆਇ, 'ਬੈਰਾਗ ਪਰਾਕਰਣ' ਹੈ। ਪੂਰਾ ਅਧਿਆਇ ਬੈਰਾਗ ਤੇ ਹੀ ਹੈ। ਜਿਹੜਾ ਅਸੀਂ ਯੋਗ ਸੂਤਰ ਵਿਚ ਵੀ ਪੜ੍ਹਦੇ ਰਹੇ ਹਾਂ। ਉਹ ਜਿਸ ਵਿਚੋਂ ਸਾਰੇ ਪੈਦਾ ਹੋਏ ਹਨ ਜਿਸ ਵਿਚ ਸਾਰੇ ਸਮਾਏ ਹੋਏ ਹਨ, ਜਿਸ ਵਿਚ ਸਭ ਨੇ ਮਿਲ ਜਾਣਾ ਹੈ, ਉਹ ਸਤਿ ਆਤਮਾ ਹੈ, ਉਹ ਆਤਮਾ ਜੋ ਸਤਿ ਹੈ ਮੇਰਾ ਪਰਿਣਾਮ ਹੈ, ਮੈਂ ਉਸ ਨੂੰ ਸਤਿਕਾਰਦਾ ਹਾਂ। ਉਹ ਜਿਹੜਾ ਜਾਣਦਾ ਹੈ ਉਹ ਹੀ ਗਿਆਨ ਹੈ ਉਹ ਹੀ ਗਿਆਨ ਧਾਰਨ ਕਰਨ ਵਾਲਾ ਹੈ। ਉਹ ਜਿਹੜਾ ਦੇਖਦਾ ਹੈ, ਜਿਸ ਨੂੰ ਦੇਖਦਾ ਹੈ ਜੋ ਦੇਖਣ ਦਾ ਆਧਾਰ ਹੈ ਉਹ ਜਿਹੜਾ ਕਾਰਕ ਹੈ, ਸਭ ਕੁਝ ਕਰਨ ਦਾ ਕਾਰਣ, ਸਾਰੇ ਕਾਰਜ ਦਾ ਤਰੀਕਾ, ਵਿਉਂਤ, ਇਹ ਸਭ ਕੁਝ ਉਹ ਆਪ ਹੀ ਹੈ, ਆਤਮਾ ਹੀ ਹੋਂਦ ਹੈ, ਆਤਮਾ ਹੀ ਸਵੈ ਹੈ, ਆਤਮਾ ਹੀ ਜੋਤ ਹੈ, ਉਹ ਹੀ ਗਿਆਨ ਦਾ ਸਰੂਪ ਹੈ, ਉਸ ਨੂੰ ਮੇਰਾ ਨਮਸਕਾਰ ਹੈ। ਉਹ ਅਕਾਸ਼ ਜਿਥੋਂ ਵਰਖਾ ਆਉਂਦੀ ਹੈ, ਵਰਖਾ ਦੀ ਮਿਹਰ ਹੁੰਦੀ ਹੈ, ਇਸ ਧਰਤੀ ਤੇ ਮਿਹਰ ਹੁੰਦੀ ਹੈ, ਇਹ ਵਰਖਾ ਇਹ ਆਕਾਸ਼ ਤੋਂ ਉਤਰੀ ਮਿਹਰ, ਜੀਵਨ ਦਾਨ ਹੈ, ਸਾਡੇ ਸਾਰਿਆਂ ਲਈ ਜੀਵਨ ਦਾਨ ਹੈ, ਹਰੇਕ ਲਈ ਜੀਵਨ ਦਾਨ ਹੈ, ਉਸ ਆਤਮਾ ਲਈ ਦਾਨ ਹੈ, ਉਹ ਸਵੈ ਲਈ ਦਾਨ ਹੈ, ਜਿਹੜਾ ਬ੍ਰਹਿਮੰਡ ਹੈ, ਬ੍ਰਹਮ ਦੀ ਮਿਹਰ ਹੈ, ਉਸ ਨੂੰ ਮੇਰਾ ਪ੍ਰਣਾਮ ਹੈ। ਤਿੰਨ ਨਮਸ਼ਕਾਰ ਕਰਕੇ ਸਤਿਕਾਰ ਦੇ ਕੇ ਤਾਂ ਜੋ ਉਸ ਇਕ ਦੀ ਪਰਮਾਤਮਾ ਦੀ ਮਿਹਰ ਹੋ ਸਕੇ ਉਨ੍ਹਾਂ ਸਾਰਿਆਂ ਤੇ ਜਿਹੜੇ ਪੜ੍ਹਦੇ ਹਨ, ਪੜ੍ਹਾਉਂਦੇ ਹਨ ਜਿਹੜੇ ਸੁਣਦੇ ਹਨ, ਸਮਾਧੀ ਲਗਾਉਂਦੇ ਹਨ, ਧਿਆਨ ਲਗਾਉਂਦੇ ਹਨ ਤੇ ਅੰਤ ਉਸ ਅਨੰਤ ਤਕ ਪਹੁੰਚਦੇ ਹਨ, ਉਸ ਸਚਾਈ ਤਕ ਪਹੁੰਚੇ ਹਨ, ਇਸ ਗਿਆਨ ਤਕ ਪਹੁੰਚਦੇ ਹਨ। ਇਹ ਮੰਗਲਾਚਰਨ ਕਰਕੇ ਉਹ ਕਹਾਣੀ ਦਾ ਪਛੋਕੜ ਦਸਣਾ ਸ਼ੁਰੂ ਕਰਦੇ ਹਨ।

ਇਕ ਵਾਰੀ ਇਕ ਬ੍ਰਾਹਮਣ ਸੀ ਜਿਸਦਾ ਨਾਮ ਸੀ ਸੁਭੀਕਸਨ, ਉਸਦੇ ਮਨ ਵਿਚ ਬਹੁਤ ਸ਼ੰਕੇ ਸਨ, ਉਹ ਇਕ ਰਿਸ਼ੀ ਦੇ ਆਸ਼ਰਮ ਵਿਚ ਗਿਆ। ਉਸ ਰਿਸ਼ੀ ਦਾ ਨਾਮ ਸੀ ਔਰਾਸਤੀ, ਬ੍ਰਾਹਮਣ ਨੇ ਬੜੇ ਸਤਿਕਾਰ ਨਾਲ ਇਹ ਤਿੰਨ ਸਵਾਲ ਪੁੱਛੇ ਕਿ ਗੁਰੂਦੇਵ ਤੁਸੀਂ ਸਭ ਕੁਝ ਜਾਣਦੇ ਹੋ, ਸਾਰੇ ਧਰਮਾਂ ਦਾ ਨਿਚੋੜ ਜਾਣਦੇ ਹੋ, ਸਾਰੇ ਨਿਯਮ ਜਾਣਦੇ ਹੋ, ਸਾਰੀਆਂ ਡਿਊਟੀਆਂ ਜਾਣਦੇ ਹੋ, ਤੁਹਾਡਾ ਮਨ ਬਿਲਕੁਲ ਪਵਿੱਤਰ ਹੈ, ਤੁਹਾਨੂੰ ਸਾਰੇ ਗ੍ਰੰਥਾਂ ਦੇ ਅਰਥ ਆਉਂਦੇ ਹਨ, ਸਾਰਾ ਵਿਗਿਆਨ ਆਉਂਦਾ ਹੈ, ਮੇਰਾ ਇਕ ਸ਼ੰਕਾ ਨਵਿਰਤ ਕਰੋ ਤੇ ਦੱਸੋ ਮੁਕਤੀ ਤੋਂ ਕੀ ਭਾਵ ਹੈ, ਕਰਮ ਤੋਂ ਮੁਕਤੀ ਜਾਂ ਗਿਆਨ ਤੋਂ ਮੁਕਤੀ, ਕਰਮਾਂ ਰਾਹੀਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਕਿ ਗਿਆਨ ਰਾਹੀਂ, ਆਪ ਫੈਸਲਾ ਕਰਕੇ ਦੱਸੋ ਦੋਨਾਂ ਵਿਚੋਂ ਕੀ ਸੱਚ ਹੈ, ਕੀ ਠੀਕ ਹੈ?

ਔਰਾਸਤੀ ਕਹਿਣ ਲੱਗੇ, ਜਿਵੇਂ ਪੰਛੀ ਜਦੋਂ ਅਕਾਸ਼ ਵਿਚ ਉਡਦਾ ਹੈ ਉਹ ਦੋ ਖੰਭਾਂ ਤੇ ਉਡਦਾ ਹੈ, ਉਹ ਸਿਖਰ ਤੇ ਪਹੁੰਚ ਜਾਂਦਾ ਹੈ, ਗਿਆਨ ਤੇ ਕਰਮ ਰਾਹੀਂ ਦੋਨਾਂ ਰਾਹੀਂ ਉਸ ਪ੍ਰਮ ਪਿਤਾ ਤਕ ਪਹੁੰਚਿਆ ਜਾ ਸਕਦਾ ਹੈ ਦੋਨਾਂ ਨਾਲ, ਦੋਨੋਂ ਨਾਲ ਇਕੱਠਿਆਂ ਹੀ ਇਹ ਪ੍ਰਾਪਤੀ ਹੋ ਸਕਦੀ ਹੈ। ਨਾ ਕੇਵਲ ਗਿਆਨ ਨਾਲ, ਨਾ ਕੇਵਲ ਕਰਮ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ। ਦੋਨਾਂ ਨਾਲ ਇਕੱਠਿਆਂ ਇਹ ਹੋ ਸਕਦਾ ਹੈ, ਦੋਨੋਂ ਇਕੱਠੇ ਹੀ ਮੁਕਤੀ ਦਾ ਸਾਧਨ ਹਨ, ਇਸ ਤੇ ਮੈਂ ਤੁਹਾਨੂੰ ਇਕ ਕਹਾਣੀ ਸੁਣਾਉਂਦਾ ਹਾਂ।

ਇਕ ਵਾਰੀ ਇਕ ਬ੍ਰਾਹਮਣ ਹੋਇਆ ਹੈ, ਉਸ ਦਾ ਨਾਮ ਸੀ ਕਰੁਣਾ। ਉਸ ਨੇ ਸਾਰੇ ਵੇਦ ਪੜ੍ਹੇ ਹੋਏ ਸਨ, ਸਾਰੇ ਸਾਸ਼ਤਰ ਪੜ੍ਹੇ ਹੋਏ ਸਨ, ਉਹ ਅਗਨੀਦੇਸ਼ ਦਾ ਪੁੱਤਰ ਸੀ, ਉਸ ਨੇ ਸਾਰੇ ਵੇਦ ਵੇਦਾਂਤ ਸਭ ਪੜ੍ਹਿਆ ਹੋਇਆ ਸੀ, ਇਹ ਸਭ ਉਸ ਨੇ ਆਪਣੇ ਗੁਰੂ ਤੋਂ ਪੜ੍ਹਿਆ ਹੋਇਆ ਸੀ, ਉਹ ਇਹ ਸਭ ਕੁਝ ਪੜ੍ਹ ਕੇ ਵਾਪਸ ਘਰ ਆ ਗਿਆ, ਘਰ ਰਹਿਣ ਲਗ ਪਿਆ, ਕੁਝ ਵੀ ਨਹੀਂ ਸੀ ਕਰਦਾ, ਉਹ ਚੁੱਪ ਚਾਪ ਰਹਿੰਦਾ ਸੀ, ਸੌਂ ਛਡਦਾ ਸੀ। ਅਗਨੀ ਦੇਸ਼ ਨੇ ਜਦੋਂ ਇਹ ਸਭ ਕੁਝ ਦੇਖਿਆ ਕਿ ਉਸ ਦਾ ਪੁੱਤਰ ਚੁੱਪ ਬੈਠਾ ਰਹਿੰਦਾ ਹੈ, ਕੋਈ ਕੰਮ ਨਹੀਂ ਕਰਦਾ, ਅਗਨੀ ਦੇਸ਼ ਕਹਿਣ ਲੱਗੇ, "ਬੇਟਾ! ਇਹ ਤਾਂ ਬੜੀ ਮਾੜੀ ਗੱਲ ਹੈ, ਇਹ ਤਾਂ ਜੀਉਣ ਦਾ ਕੋਈ ਤਰੀਕਾ ਨਹੀਂ। ਪਿਤਾ ਕਹਿਣ ਲੱਗਾ, "ਬੇਟਾ! ਕੁਝ ਕਰੋ, ਤੂੰ ਆਪਣਾ ਕਰਮ ਕਿਉਂ ਨਹੀਂ ਕਰਦਾ, ਬਿਨਾਂ ਕਰਮ ਕੀਤੇ ਤੂੰ ਸਿੱਧੀ ਕਿਵੇਂ ਪ੍ਰਾਪਤ ਕਰੇਂਗਾ, ਕੋਈ ਪ੍ਰਾਪਤੀ ਕਿਵੇਂ ਕਰੇਂਗਾ, ਮੈਨੂੰ ਦਸ ਤੂੰ ਕਰਮ ਕਰਨ ਤੋਂ ਕਿਉਂ ਇਸ ਤਰ੍ਹਾਂ ਮੂੰਹ ਮੋੜ ਲਿਆ ਹੈ? ਕਰੁਣਾ ਕਹਿਣ ਲੱਗਾ ਜੇ ਮੈਂ ਸਵੇਰ ਤੋਂ ਸ਼ਾਮ ਤਕ ਹਵਨ ਕਰਾਂ, ਸਾਰੀਆਂ ਰੀਤੀਆਂ ਮਰਿਆਦਾ ਕਰੀ ਜਾਵਾਂ ਤਾਂ ਵੀ ਮੈਂ ਕਰਮ ਕਰ ਰਿਹਾ ਹਾਂ, ਸਾਰੀਆਂ ਚੀਜ਼ਾਂ ਵਿਚ ਪਰਵਿਰਤੀ ਹੀ ਹੈ, ਇਹੋ ਜਿਹੇ ਕਰਮ ਸਾਰੀਆਂ ਸਰੁਤੀਆਂ ਵਿਚ ਦੱਸੇ ਗਏ ਹਨ, ਸਾਰੀਆਂ ਸਿਮ੍ਰਤੀਆਂ ਵਿਚ ਦੱਸੇ ਗਏ ਹਨ, ਦਲੀਲ ਨਾਲ ਦੱਸੇ ਗਏ ਹਨ, ਜੁਗਤੀ ਨਾਲ ਕਾਨੂੰਨ ਨਾਲ ਦੱਸੇ ਗਏ ਹਨ, ਇਹ ਹੀ ਪ੍ਰਵਿਰਤੀ ਹੈ, ਬਾਹਰ ਦੇ ਕੰਮ ਸਾਰੀਆਂ ਰੀਤੀਆਂ, ਸਾਰੀਆਂ ਮਰਿਆਦਾ ਮੈਂ ਇਨ੍ਹਾਂ ਵਿਚ ਕੋਈ ਰੁਚੀ ਨਹੀਂ ਰਖਦਾ, ਪੈਸਾ ਇਕੱਠਾ ਕਰਨ ਨਾਲ ਕੋਈ ਮੁਕਤੀ ਨਹੀਂ ਹੁੰਦੀ, ਰੋਜ਼ ਦੇ ਕਰਮ ਵੀ ਮੁਕਤੀ ਨਹੀਂ ਦਿਵਾਉਂਦੇ, ਮੇਰੀ ਕੋਈ ਉਨ੍ਹਾਂ ਵਿਚ ਰੁਚੀ ਨਹੀਂ, ਬਹੁਤ ਬੱਚੇ ਪੈਦਾ ਕਰਨ ਨਾਲ ਵੀ ਮੁਕਤੀ ਨਹੀਂ ਮਿਲਦੀ। ਸਾਰੇ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਯਕੀਸ ਨੂੰ ਮੁਕਤੀ ਮਿਲੀ ਕਿਉਂਕਿ ਉਸ ਨੇ ਤਿਆਗ ਕੀਤਾ, ਉਸ ਨੇ ਅੰਮ੍ਰਿਤ ਪੀਤਾ, ਜੋ ਅੰਮ੍ਰਿਤ ਪੀਂਦਾ ਹੈ ਉਹ ਅਮਰ ਹੋ ਜਾਂਦਾ ਹੈ। ਇਕ ਪਾਸੇ ਤਾਂ ਤੁਹਾਨੂੰ ਸਾਰੀਆਂ ਸੰਸਾਰਕ ਡਿਊਟੀਆਂ ਕਰਨੀਆਂ ਚਾਹੀਦੀਆਂ ਹਨ, ਦੂਸਰੇ ਪਾਸੇ ਪੁਸਤਕਾਂ ਕਹਿੰਦੀਆਂ ਹਨ ਕਿ ਤੁਹਾਨੂੰ ਤਿਆਗ ਕਰਨਾ ਚਾਹੀਦਾ ਹੈ। ਮੈਨੂੰ ਇਹ ਸ਼ੰਕਾ ਹੈ ਕਿ ਕੀ ਕਰਨਾ ਚਾਹੀਦਾ ਹੈ, ਕਿਉਂਕਿ ਮੇਰਾ ਸ਼ੰਕਾ ਨਵਿਰਤ ਨਹੀਂ ਹੋਇਆ ਇਸ ਕਰਕੇ ਮੈਂ ਬੈਠਾ ਹਾਂ ਤੇ ਕੁਝ ਨਹੀਂ ਕਰ ਰਿਹਾ।

ਐਨਾ ਕਹਿ ਕੇ ਕਰੁਣਾ ਫੇਰ ਚੁੱਪ ਕਰਕੇ ਬੈਠ ਗਿਆ, ਆਪਣੇ ਪੁਤਰ ਦਾ ਇਹ ਹਾਲ ਦੇਖ ਕੇ ਪਿਤਾ ਕਹਿਣ ਲੱਗਾ, "ਬੇਟਾ! ਮੇਰੀ ਗੱਲ ਸੁਣ, ਮੈਂ ਤੈਨੂੰ ਇਕ ਕਹਾਣੀ ਦਸਦਾ ਹਾਂ ਮਨ ਲਗਾ ਕੇ ਸੁਣ ਤੇ ਸਮਝਣ ਦੀ ਕੋਸ਼ਿਸ਼ ਕਰ, ਜੋ ਵੀ ਮੈਂ

ਤੈਨੂੰ ਦਸਾਂਗਾ ਉਸ ਨੂੰ ਚੰਗੀ ਤਰ੍ਹਾਂ ਸੋਚੀਂ ਸਮਝੀ। ਜੋ ਮੈਂ ਤੈਨੂੰ ਦਸਣ ਲੱਗਾ ਹਾਂ, ਉਸ ਨੂੰ ਸਮਝ ਸੋਚ ਫੇਰ ਜੋ ਤੇਰਾ ਦਿਲ ਕਰੇ ਤੂੰ ਕਰੀਂ।

ਇਕ ਵਾਰੀ ਦੀ ਗੱਲ ਹੈ ਇਕ ਲਕਸ਼ਮੀ ਸੀ ਜਿਸ ਦਾ ਨਾਮ ਸੀ ਸਰੁਚੀ, ਸਰੁਚੀ ਸਭ ਤੋਂ ਸੋਹਣੀ ਅਪੱਛਰਾ ਸੀ। ਅਪੱਛਰਾ ਬ੍ਰਹਮ ਲੋਕ ਦੇ ਰਹਿਣ ਵਾਲੀਆਂ ਪਰੀਆਂ ਹੁੰਦੀਆਂ ਹਨ, ਅੰਗਰੇਜ਼ੀ ਵਿਚ, ਇਨ੍ਹਾਂ ਨੂੰ fairies ਕਹਿੰਦੇ ਹਨ, ਪੂਰਬ ਵਿਚ ਇਨ੍ਹਾਂ ਨੂੰ ਅਪੱਛਰਾ ਜਾਂ ਪਰੀਆਂ ਕਹਿੰਦੇ ਹਨ। ਇਕ ਦਿਨ ਦੀ ਗੱਲ ਹੈ ਇਹ ਸਭ ਤੋਂ ਸੋਹਣੀ ਅਪਛਰਾ ਹਿਮਾਲੀਆ ਦੀ ਚੋਟੀ ਤੇ ਬੈਠੀ ਸੀ, ਉਥੇ ਆਸ ਪਾਸ ਸਾਰੇ ਮੋਰ ਨਚ ਰਹੇ ਸਨ। ਉਥੇ ਕਿਨਰ ਤੇ ਕਿਨਰੀਆਂ ਜਿਹੜੇ ਉਥੇ ਦੇ ਸਭ ਤੋਂ ਸੋਹਣੇ ਮਰਦ ਤੇ ਔਰਤ ਮੰਨੇ ਜਾਂਦੇ ਹਨ, ਉਹ ਉਥੇ ਕਲੋਲਾਂ ਕਰਦੇ ਹਨ, ਉਸ ਸਮੇਂ ਉਥੇ ਬੈਠਿਆਂ ਉਸ ਨੇ ਬਹੁਤ ਜ਼ੋਰ ਦੀ ਗੜ੍ਹ-ਗੜ੍ਹਾਹਟ ਸੁਣੀ ਜਿਵੇਂ ਅਕਾਸ਼ ਵਿਚ ਹੜ੍ਹ ਆ ਗਿਆ ਹੁੰਦਾ ਹੈ, ਉਸ ਨੇ ਦੇਖਿਆ ਤਾਂ ਇੰਦਰ ਦੇਵਤਾ ਦਾ ਦੂਤ ਲੰਘ ਰਿਹਾ ਸੀ, ਪਿਛੇ ਇੰਦਰ ਦੇਵਤਾ ਆਪਣੇ ਰੱਥ ਤੇ ਆ ਰਹੇ ਸਨ, ਉਨ੍ਹਾਂ ਨੂੰ ਦੇਖ ਕੇ ਇਹ ਸੋਹਣੀ ਅਪਸਰਾ ਸਰੁਚੀ ਕਹਿਣ ਲੱਗੀ, "ਹੇ ਦੂਤ! ਤੂੰ ਕਿਥੋਂ ਆਇਆ ਹੈਂ ਤੇ ਕਿਥੇ ਜਾ ਰਿਹਾ ਹੈਂ? ਮੈਨੂੰ ਇਸ ਬਾਰੇ ਕੁਝ ਦਸ, ਦੂਤ ਕਹਿਣ ਲੱਗਾ, "ਕਿੰਨਾ ਚੰਗਾ ਹੋਇਆ ਜੇ ਤੂੰ ਮੈਨੂੰ ਇਸ ਬਾਰੇ ਪੁਛਿਆ ਹੈ, ਤੇਰੇ ਸੋਹਣੇ ਨੈਣ ਸੋਹਣੇ ਭਰਵੱਟੇ ਤੇ ਸ਼ੁਭਰਕ। ਇਕ ਰਿਸ਼ੀ ਰਾਜਾ ਹੈ ਜਿਸ ਦਾ ਨਾਮ ਹੈ, ਅਰਿਸ਼ਟ ਮਨੀ ਜਿਸ ਨੇ ਆਪਣਾ ਰਾਜ ਆਪਣੇ ਪੁਤਰ ਨੂੰ ਦਿਤਾ ਹੈ। ਪਿਛਲੇ ਸਮਿਆਂ ਵਿਚ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਸੀ ਕਿ ਰਾਜਾ ਗੱਦੀ ਤੇ ਬੈਠਿਆ ਨਾ ਮਰੇ। ਪੰਜਾਹ ਸਾਲ ਦੀ ਉਮਰ ਤੇ ਜਾਂ ਉਸ ਦੇ ਨੇੜੇ ਤੇੜੇ ਰਾਜ ਗੱਦੀ ਆਪਣੇ ਪੁੱਤਰ ਨੂੰ ਦੇ ਦਿੰਦਾ ਸੀ ਤੇ ਆਪ ਭਗਤੀ ਕਰਨ ਵਿਚ ਲਗ ਜਾਂਦਾ ਸੀ। ਇਸ ਤਰ੍ਹਾਂ ਹੀ ਆਮ ਮਨੁੱਖ ਕਰਦਾ ਸੀ, ਪੰਜਾਹ ਸਾਲ ਦੀ ਉਮਰ ਵਿਚ ਕੰਮ ਕਾਜ ਛੱਡ ਦਿੰਦੇ ਸੀ, ਸਭ ਕੁਝ ਬੱਚਿਆਂ ਨੂੰ ਦੇ ਕੇ ਆਪ ਬਹੁਤ ਹੀ ਥੋੜ੍ਹੀਆਂ ਲੋੜ ਦੀਆਂ ਚੀਜ਼ਾਂ ਲੈ ਕੇ ਰਹਿੰਦੇ ਸੀ, ਉਸ ਤੋਂ ਵੱਧ ਨਾਲ ਉਨ੍ਹਾਂ ਦਾ ਕੋਈ ਮਤਲਬ ਨਹੀਂ ਸੀ ਹੁੰਦਾ।

ਅਰਸਤਨੀਮੀ ਸੰਸਾਰ ਤੋਂ ਉਪਰਾਮ ਹੋਇਆ, ਕਿਸੇ ਸੰਸਾਰਿਕ ਚੀਜ਼ ਵਲ ਆਕਰਸ਼ਨ ਨਹੀਂ ਹੁੰਦਾ। ਉਹ ਇਕ ਪੂਰਨ ਧਰਮਾਤਮਾ ਹੈ, ਪੂਰਾ ਨਿਆਕਾਰੀ ਹੁੰਦਿਆਂ ਜੰਗਲਾਂ ਨੂੰ ਤਪਸਿਆ ਕਰਨ ਨਿਕਲ ਜਾਂਦਾ ਹੈ, ਉਥੇ ਬੈਰਾਗੀ ਦੀ ਤਰ੍ਹਾਂ ਅਭਿਆਸ ਕਰਦਾ ਹੈ। ਹੁਣ ਉਹ ਰਾਜਾ, ਗੰਧਮਧਨਾ ਦੇ ਪਹਾੜ ਤੇ ਪੱਛਮ ਵਿਚ ਅਭਿਆਸ ਕਰ ਰਿਹਾ ਹੈ, ਮੈਂ ਉਨ੍ਹਾਂ ਕੋਲ ਕੁਝ ਕਰਨ ਗਿਆ। ਹੁਣ ਮੈਂ ਵਾਪਸ ਸਵਰਗ ਆਪਣੇ ਗੁਰੂ ਕੋਲ ਜਾ ਰਿਹਾ ਹਾਂ ਤੇ ਸਭ ਕੁਝ ਉਨ੍ਹਾਂ ਨੂੰ ਦਸਾਂਗਾ, ਅਪਸਰਾ, ਪਰੀ, ਸਭ ਤੋਂ ਸੋਹਣੀ ਜਿਸ ਦਾ ਨਾਮ ਸਰੁਚੀ ਹੈ, ਉਹ ਕਹਿੰਦੀ ਹੈ, ਇਹ ਸਭ ਕੁਝ ਕਿਸ ਲਈ ਦਸੋ ਤਾਂ ਸਈ, ਮੈਨੂੰ, ਦੁਬਿਧਾ ਵਿਚ, ਸੰਸੇ ਵਿਚ ਨਾ ਰੱਖੋ, ਮੈਨੂੰ ਦਸੋ ਤੁਸੀਂ ਐਨੇ ਉਤਸੁਕ ਕਿਉਂ ਹੋ ਰਹੇ ਹੋਂ? ਦੇਵ ਦੂਤ ਪ੍ਰਮਾਤਮਾ ਦੇ ਦੂਤ ਕਹਿਣ ਲੱਗੇ, ਠੀਕ ਹੈ, ਠੀਕ ਹੈ ਹੇ ਭਦਰੇ ਤੇ ਸੁਲਖਣੀ ਬੀਬੀ! ਮੈਂ ਤੈਨੂੰ ਸਾਰੀ ਗੱਲ ਸ਼ੁਰੂ ਤੋਂ ਆਖੀਰ ਤਕ ਦਸਦਾ ਹਾਂ, ਮੈਨੂੰ ਗੁਰੂਦੇਵ ਸਵਰਗਾਂ ਦੇ ਮਾਲਕ ਨੇ ਦਸਿਆ ਹੈ ਕਿ ਰਾਜਾ ਅਰਸਨੀਮੀ ਪਹਾੜਾਂ ਤੇ ਜਾ ਕੇ ਆਪਣੀ ਤਪਸਿਆ ਸਾਧ ਰਿਹਾ ਹੈ।

ਇਕ ਸਮਾਂ ਹੁੰਦਾ ਹੈ ਜਦੋਂ ਤੁਸੀਂ ਸਵਰਗ ਦੇ ਕਾਬਲ ਹੁੰਦੇ ਹੋ, ਮੁਕਤੀ ਦੇ ਨਹੀਂ, ਇਹੋ ਗੱਲ ਭੌਤਿਕ ਅਨੁਭਵ ਫਿਲੋਸਫੀ ਬਾਰੇ ਸੱਚ ਹੈ ਸਵਰਗ ਵੀ ਦੂਸਰੇ ਸੰਸਾਰ ਦੀ ਇਕ ਆਮ ਥਾਂ ਹੈ, ਕਈ ਲੋਕਾਂ ਲਈ ਉਹ ਵਧੇਰੇ ਆਰਾਮਦਾਇਕ ਹੈ।

ਉਹ ਰਾਜਾ ਤਪਸਿਆ ਕਰ ਰਿਹਾ ਹੈ, ਮੇਰੇ ਗੁਰੂਦੇਵ ਨੇ ਮੈਨੂੰ ਕਿਹਾ ਮੈਂ ਹੇਠਾਂ ਜਾਵਾਂ। ਜਿਥੇ ਉਹ ਰਾਜਾ ਤਪਸਿਆ ਕਰ ਰਿਹਾ ਹੈ ਉਹ ਬਹੁਤ ਸੋਹਣੀ ਥਾਂ ਹੈ, ਗੁਰੂਦੇਵ ਕਹਿਣ ਲੱਗੇ ਇਹ ਵਿਮਾਨ ਲੈ ਜਾਓ, ਦੇਵਤੇ ਸਦਾ ਵਿਮਾਨ ਵਿਚ ਹੀ ਆਉਂਦੇ ਜਾਂਦੇ ਹਨ, ਵਿਮਾਨ ਵਿਚ ਸਾਰੀਆਂ ਅਪਸਰਾਂ ਹੁੰਦੀਆਂ ਹਨ, ਸਾਰੇ ਸਾਜ਼ ਹੁੰਦੇ ਹਨ ਤੇ ਉਥੇ ਗੰਧਰਵ ਹੁੰਦੇ ਹਨ, ਸਵਰਗੀ ਅਪਸਰਾ ਹੁੰਦੀਆਂ ਹਨ, ਸਵਰਗੀ ਗਾਉਣ ਵਾਲੇ, ਨਚਣ ਵਾਲੇ, ਸਿੱਧ ਤੇ ਸਪਰਾ ਜਾਤੀ ਦੇ ਮਨੁੱਖ ਹੁੰਦੇ ਹਨ, ਹਰ ਤਰ੍ਹਾਂ ਦੇ ਗਾਉਣ ਵਾਲੇ ਸਾਜ਼ ਮ੍ਰਿਦੰਗ ਢੋਲਕ, ਬੰਸਰੀ ਸਭ ਕੁਝ ਹੁੰਦਾ ਹੈ। ਇੰਦਰਦੇਵ ਨੇ ਕਿਹਾ ਇਹ ਵਿਮਾਨ ਲੈ ਜਾ, ਇਸ ਵਿਚ ਸਾਰੀਆਂ ਹੀ ਸੁੰਦਰ ਚੀਜ਼ਾਂ ਹਨ, ਉਸ ਰਾਜੇ ਕੋਲ ਜਾਓ ਤੇ ਉਸ ਨੂੰ ਲੈ ਆਓ, ਉਹ ਇਸ ਸਮੇਂ ਸਵਰਗ ਦਾ ਅਧਿਕਾਰੀ ਹੈ, ਉਸ ਨੂੰ ਅਮਰਾਵਤੀ ਵਿਚ ਲੈ ਆਓ, ਅਮਰ ਲੋਕਾਂ ਦਾ ਨਗਰ ਹੈ, ਅਮਰਾਵਤੀ ਜਿਥੇ ਆ ਕੇ ਮਨੁੱਖ ਅਮਰ ਹੋ ਜਾਂਦਾ ਹੈ। ਇਹ ਹੁਕਮ ਲੈ ਕੇ ਮੈਂ ਵਿਮਾਨ ਲੈ ਕੇ ਤੁਰ ਪਿਆ, ਇਸ ਵਿਚ ਉਸ ਸਭ ਕੁਝ ਹੈ ਜੋ ਗੁਰੂਦੇਵ ਨੇ ਕਿਹਾ ਸੀ ਮੈਂ ਸਿੱਧਾ ਉਸ ਪਹਾੜ ਤੇ ਗਿਆ ਤੇ ਉਸ ਦੇ ਆਸ਼ਰਮ ਵਿਚ ਪੁੱਜਾ, ਜਾ ਕੇ ਮੈਂ ਉਸ ਨੂੰ ਇੰਦਰਦੇਵ ਦਾ ਸੁਨੇਹਾ ਦਿਤਾ। ਸੁਨੇਹਾ ਸੁਣਨ ਤੋਂ ਬਾਅਦ ਰਾਜਾ ਕਹਿਣ ਲੱਗਾ ਮੇਰਾ ਇਕ ਪ੍ਰਸ਼ਨ ਹੈ, "ਹੇ ਦੂਤ! ਤੂੰ ਮੈਨੂੰ ਇਹ ਦਸ ਕਿ ਸਵਰਗ ਦੀਆਂ ਮਾੜੀਆਂ ਗੱਲਾਂ ਕੀ ਹਨ? ਤੇ ਚੰਗੀਆਂ ਗੱਲਾਂ ਕੀ ਹੈ? ਮੈਂ ਪਹਿਲਾਂ ਤੇਰੇ ਕੋਲੋਂ ਸਾਰਾ ਵਰਨਣ ਸੁਣਾਂਗਾ ਫੇਰ ਫੈਸਲਾ ਕਰਾਂਗਾ, ਮੈਂ ਤੇਰੇ ਨਾਲ ਜਾਣਾ ਹੈ ਕਿ ਨਹੀਂ। ਦੂਤ ਕਹਿਣ ਲੱਗਾ ਮੈਂ ਉਨ੍ਹਾਂ ਨੂੰ ਦਸਿਆ, "ਜਿਹੜੇ ਪੁੰਨ ਤੁਸੀਂ ਇਕੱਠੇ ਕੀਤੇ ਹੁੰਦੇ ਹਨ, ਜਿਹੜੇ ਕੰਮ ਕੀਤੇ ਹਨ ਜਿਸ ਤਰ੍ਹਾਂ ਦੇ ਕਰਮ ਕੀਤੇ ਹੋਣ ਉਸ ਅਨੁਸਾਰ ਤੁਸੀਂ ਸਵਰਗ ਦੇ ਸੁੱਖ ਦੇ ਅਧਿਕਾਰੀ ਬਣਦੇ ਹੋ ਤੇ ਸੁਖ ਪ੍ਰਾਪਤ ਕਰਦੇ ਹੋ, ਕਿਉਂਕਿ ਤੁਹਾਡੇ ਬਹੁਤ ਪੁੰਨ ਹਨ, ਤੁਸੀਂ ਹੋਰ ਪੁੰਨ ਕਮਾ ਕੇ ਸਵਰਗ ਦੇ ਸਾਰੇ ਸੁਖ ਮਾਣ ਸਕਦੇ ਹੋ, ਜੇ ਤੁਸੀਂ ਆਮ ਜਿਹੇ ਰਾਜੇ ਹੁੰਦੇ, ਵੱਡੇ ਰਾਜੇ ਨਾ ਹੋ ਕੇ ਆਮ ਰਾਜੇ ਆਮ ਕਰਮਾਂ ਵਾਲੇ ਹੁੰਦੇ ਤਾਂ ਤੁਸੀਂ ਆਮ ਸਵਰਗ ਦੇ ਅਧਿਕਾਰੀ ਹੁੰਦੇ। ਜੇ ਤੁਹਾਡੇ ਕਰਮ ਬਹੁਤ ਉਤਮ ਨਹੀਂ ਹਨ, ਜੇ ਉਹ ਕਨਿਸ਼ਟ ਹਨ, ਜੇ ਤੁਹਾਡੇ ਪੁੰਨ ਬਹੁਤ ਉਤਮ ਨਹੀਂ ਹਨ, ਫੇਰ ਤੁਸੀਂ ਮੱਧ ਤਰ੍ਹਾਂ ਦੇ ਸਵਰਗ ਵਿਚ ਜਾਓਗੇ। ਸਵਰਗ ਵਿਚ ਵੀ ਸੰਪਰਦਾ ਹਨ ਇਕ ਦੂਸਰੇ ਨਾਲ ਹਨ, ਉਹ ਉਪਰ ਚੰਗੇ ਸਵਰਗ ਵਿਚ ਹੈ, ਮੈਂ ਮੱਧ ਸਵਰਗ ਵਿਚ ਹਾਂ, ਉਹ ਥੱਲੇ ਵਾਲੇ ਸਵਰਗ ਵਿਚ ਹਨ, ਮੈਂ ਜਿਥੇ ਹਾਂ, ਮੈਨੂੰ ਉਥੇ ਹੀ ਰਹਿ ਕੇ ਸਬਰ ਰਖਣਾ ਪਵੇਗਾ ਤੇ ਜਦੋਂ ਇਕੱਠੇ ਕੀਤੇ ਪੁੰਨ ਕਰਮ ਖਤਮ ਹੋ ਜਾਂਦੇ ਹਨ ਤਾਂ ਫੇਰ ਧਰਤੀ ਤੇ ਵਾਪਸ ਭੇਜ ਦਿਤਾ ਜਾਂਦਾ ਹੈ ਇਹ ਹੀ ਸਵਰਗ ਦੀਆਂ ਚੰਗੀਆਂ ਤੇ ਮੰਦੀਆਂ ਗੱਲਾਂ ਹਨ।

ਇਹ ਸੁਣ ਕੇ ਰਾਜਾ ਕਹਿਣ ਲੱਗਾ, "ਮੈਂ ਤੁਹਾਡੇ ਇਹੋ ਜਿਹੇ

ਸਵਰਗ ਵਿਚ ਨਹੀਂ ਜਾਣਾ ਚਾਹੁੰਦਾ, ਹਾਲੇ ਮੈਂ ਹੋਰ ਤਪਸਿਆ ਕਰਾਂਗਾ, ਇਸ ਸਰੀਰ ਨੂੰ ਹੋਰ ਪਵਿੱਤਰ ਬਣਾਵਾਂਗਾ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਸੱਪ ਆਪਣੀ ਪੁਰਾਣੀ ਚਮੜੀ ਲਾਹ ਕੇ ਸੁੱਟ ਦਿੰਦਾ ਹੈ। ਹੇ ਦੇਵ ਦੂਤ! ਹੇ ਪ੍ਰਮਾਤਮਾ ਦੇ ਦੂਤ ਇਹ ਆਪਣਾ ਵਿਮਾਨ ਵਾਪਸ ਲੈ ਜਾ, ਇਹ ਰੱਥ ਲੈ ਜਾ, ਮਹਿੰਦਰ ਕੋਲ ਵਾਪਸ ਚਲਾ ਜਾਹ, ਆਪਣੇ ਸਵਰਗ ਦੇ ਰਾਜੇ ਕੋਲ ਵਾਪਸ ਚਲਾ ਜਾ, ਤੈਨੂੰ ਅਲਵਿਦਾ ਤੇ ਪ੍ਰਮਾਤਮਾ ਭਲਾ ਕਰੇ।

ਦੂਤ ਨੇ ਇਹ ਕਥਾ ਇਕ ਬੀਬੀ ਨੂੰ ਸੁਣਾਈ, ਬ੍ਰਾਹਮਣ ਨੇ ਇਹ ਕਥਾ ਕਰੁਨੀਆਂ ਨੂੰ ਸੁਣਾਈ ਤੇ ਹੁਣ ਇਹ ਕਥਾ ਸੁਤੀਕਸ਼ਾ ਨੂੰ ਅਗਸਤੀ ਮੁਨੀ ਆਪਣੇ ਆਸ਼ਰਮ ਵਿਚ ਸੁਣਾ ਰਹੇ ਹਨ, ਮੈਂ ਇਹ ਸਭ ਕੁਝ ਜਾ ਕੇ ਇੰਦ੍ਰ ਦੇਵ ਨੂੰ ਦਸਾਂਗਾ।

ਇਸ ਤਰ੍ਹਾਂ ਹੀ ਹੋਇਆ, ਮੈਂ ਗਿਆ ਤੇ ਜਾ ਕੇ ਇੰਦ੍ਰਦੇਵ ਨੂੰ ਸਭ ਕੁਝ ਦਸਿਆ, ਇੰਦ੍ਰ ਦੇਵ ਬਹੁਤ ਹੈਰਾਨ ਹੋਏ ਤੇ ਕਹਿਣ ਲੱਗੇ ਬੜੀ ਅਜੀਬ ਗੱਲ ਹੈ, ਸਾਰੇ ਸਵਰਗ ਨੂੰ ਆਉਣਾ ਚਾਹੁੰਦੇ ਹਨ, ਪਰ ਇਹ ਬੰਦਾ ਹੈ ਇਸ ਨੇ ਵਮਾਨ ਵਾਪਸ ਭੇਜ ਦਿਤਾ ਤੇ ਸਵਰਗ ਨੂੰ ਆਉਣਾ ਹੀ ਨਹੀਂ ਚਾਹੁੰਦਾ। ਇੰਦ੍ਰ ਦੇਵ ਫੇਰ ਕਹਿਣ ਲੱਗੇ, "ਦੂਤ! ਫੇਰ ਧਰਤੀ ਤੇ ਜਾ ਉਸ ਰਾਜੇ ਨੂੰ ਚੁਕ ਕੇ ਤੇ ਬਾਲਮੀਕ ਰਿਸ਼ੀ ਦੇ ਆਸ਼ਰਮ ਲੈ ਜਾਓ, ਇਨ੍ਹਾਂ ਨੂੰ ਵਾਦ ਵਿਵਾਦ ਕਰਨ ਦਿਓ।" ਬਾਲਮੀਕ ਨੇ ਰਮਾਇਣ ਲਿਖੀ ਹੈ, ਅਸੀਂ ਉਸ ਬਾਰੇ ਗੱਲ ਕਰਦੇ ਹਾਂ। ਬਾਲਮੀਕ ਦੀ ਕਥਾ ਇਕ ਵਖਰੀ ਕਥਾ ਹੈ। ਬਾਲਮੀਕ ਇਕ ਸਾਧੂ ਸੀ (ਇਹ ਕਥਾ ਦੇ ਵਿਚ ਇਕ ਹੋਰ ਕਥਾ ਹੈ) ਬਾਲਮੀਕ ਸ਼ਬਦ ਦਾ ਅਰਥ ਹੈ, ਕੀੜੀਆਂ ਦਾ ਪੁੱਤਰ, ਉਸ ਨੂੰ ਕੀੜੀਆਂ ਦੇ ਭੌਣ ਤੋਂ ਲਿਆਂਦਾ ਕਿਹਾ ਜਾਂਦਾ ਹੈ। ਉਹ ਡਾਕੂ ਸੀ, ਜੰਗਲ ਵਿਚ ਰਹਿੰਦਾ ਸੀ ਤੇ ਜਿਹੜਾ ਵੀ ਜੰਗਲ ਵਿਚੋਂ ਲੰਘਦਾ ਉਸ ਨੂੰ ਲੁੱਟ ਲੈਂਦਾ। ਇਕ ਦਿਨ ਦੋ ਸੰਤ ਲੰਘ ਰਹੇ ਸੀ ਇਹ ਉਨ੍ਹਾਂ ਨੂੰ ਲੁੱਟਣ ਚਲੇ ਗਏ, ਉਨ੍ਹਾਂ ਕੋਲ ਜੋ ਸੀ ਉਨ੍ਹਾਂ ਨੇ ਦੇ ਦਿਤਾ। ਇਕ ਸਾਧੂ ਨੇ ਪੁਛਿਆ, ਤੂੰ ਇਹ ਕੰਮ ਕਿਉਂ ਕਰਦਾ ਹੈਂ? ਕੀ ਤੂੰ ਲੁੱਟ ਮਾਰ ਕਰਕੇ ਟੱਬਰ ਪਾਲਦਾ ਹੈਂ? ਸੰਤ ਕਹਿਣ ਲੱਗੇ ਇਹ ਠੀਕ ਨਹੀਂ, ਜੋ ਤੂੰ ਕਰਦਾ ਹੈਂ, ਇਹ ਗਲਤ ਹੈ, ਇਹ ਪਾਪ ਹੈ। ਬਾਲਮੀਕ ਕਹਿਣ ਲੱਗਾ ਮੈਂ ਕੀ ਕਰਾਂ? ਤੂੰ ਇਕ ਗੱਲ ਕਰ ਤੂੰ ਘਰ ਜਾ, ਜਾ ਕੇ ਆਪਣੇ ਪਰਿਵਾਰ ਨੂੰ ਪੁੱਛ ਜਦੋਂ ਇਨ੍ਹਾਂ ਪਾਪਾਂ ਦੇ ਫਲ ਭੋਗਣ ਦਾ ਸਮਾਂ ਆਏਗਾ ਕੀ ਉਹ ਭੁਗਤਣਗੇ, ਕੀ ਉਹ ਤੇਰੇ ਪਾਪਾਂ ਦੀ ਸਜ਼ਾ ਵਿਚ ਭਾਗੀਦਾਰ ਬਣਨਗੇ? ਉਹ ਕਹਿਣ ਲੱਗਾ ਤੁਸੀਂ ਮੈਨੂੰ ਡਰਾ ਕੇ ਦੌੜ ਜਾਣਾ ਚਾਹੁੰਦੇ ਹੋ, ਇਕ ਨੇ ਕਿਹਾ, ਨਹੀਂ ਤੂੰ ਜਾ ਕੇ ਪੁੱਛ ਕੇ ਆ ਅਸੀਂ ਇਥੇ ਹੀ ਇੰਤਜ਼ਾਰ ਕਰਦੇ ਹਾਂ, ਦੂਸਰੇ ਨੇ ਕਿਹਾ ਜੇ ਤੈਨੂੰ ਸਾਡੇ ਦੌੜ ਜਾਣ ਦਾ ਡਰ ਹੈ ਤੂੰ ਸਾਨੂੰ ਦਰਖਤ ਨਾਲ ਬੰਨ੍ਹ ਦੇ, ਉਸ ਨੇ ਇਸ ਤਰ੍ਹਾਂ ਹੀ ਕੀਤਾ, ਉਸ ਨੇ ਸੰਤਾਂ ਨੂੰ ਦਰਖਤ ਨਾਲ ਬੰਨ੍ਹ ਦਿਤਾ ਤੇ ਆਪ ਘਰ ਵਾਲਿਆਂ ਕੋਲੋਂ ਪੁੱਛਣ ਚਲਾ ਗਿਆ। ਜਾ ਕੇ ਉਸ ਨੇ ਆਪਣੀ ਪਤਨੀ ਨੂੰ ਪੁਛਿਆ ਕਿ ਦੋ ਪਰਦੇਸੀ ਆਏ ਹਨ ਉਨ੍ਹਾਂ ਨੇ ਮੈਨੂੰ ਤੁਹਾਡੇ ਕੋਲ ਇਕ ਸਵਾਲ ਦਾ ਜਵਾਬ ਪੁੱਛਣ ਲਈ ਭੇਜਿਆ ਹੈ, ਭਾਵੇਂ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਕੁਝ ਮੈਨੂੰ ਹੋਏਗਾ ਤੁਸੀਂ ਮੇਰੇ ਨਾਲ ਵੰਡਾਓਗੇ, ਪਰ ਫੇਰ ਵੀ ਮੈਂ ਇਕ ਵਾਰੀ ਪੁਛਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਇਸ ਦਾ ਕੀ ਮਤਲਬ ਹੈ ਕਿ ਤੂੰ ਸਾਡੇ ਕੋਲੋਂ ਪੁਛਣਾ ਚਾਹੁੰਦਾ ਹੈਂ, ਸਾਨੂੰ ਪਾਲਣਾ ਤੇਰਾ ਧਰਮ ਹੈ, ਅਸੀਂ ਉਸ ਪਾਪ ਦੀ ਸਜ਼ਾ ਨਹੀਂ ਭੁਗਤਾਂਗੇ। ਇਹ ਸੁਣ ਕੇ ਉਹ ਵਾਪਸ ਆ ਗਿਆ ਤੇ ਸੰਤਾਂ ਨੂੰ ਦਸਣ ਲੱਗਿਆ। ਮੈਨੂੰ ਤਾਂ ਬੜੀ ਹੈਰਾਨੀ ਹੋਈ ਹੈ, ਮੈਨੂੰ ਤਾਂ ਉਨ੍ਹਾਂ ਦਾ ਜਵਾਬ ਸੁਣ ਕੇ ਬੜਾ ਦੁੱਖ ਲੱਗਾ। ਸਾਧੂਆਂ ਨੇ ਉਸ ਨੂੰ ਸਿਖਾਇਆ, ਸਿੱਧੇ ਰਸਤੇ ਪਾਇਆ, ਉਸ ਨੂੰ ਮੰਤਰ ਦਿਤਾ 'ਮਰਾ' ਤੇ ਫੇਰ ਉਹ ਰਮਾਇਣ ਦੇ ਰਚੇਤਾ ਬਣੇ ਜਿਹੜੀ ਕਿ ਸਭ ਤੋਂ ਵੱਡੀ ਕਵਿਤਾ ਰਾਮ ਤੇ ਲਿਖੀ ਗਈ ਹੈ। ਰਾਮ ਜੋ ਕਿ ਪ੍ਰਮਾਤਮਾ ਦੇ ਅਵਤਾਰ ਮੰਨੇ ਜਾਂਦੇ ਹਨ।

ਸੋ ਇਥੇ ਇੰਦਰ ਦੂਤਾਂ ਨੂੰ ਦਸਦੇ ਹਨ ਕਿ ਉਹ ਜਿਹੜਾ ਰਾਜਾ ਤਪਸਿਆ ਕਰ ਰਿਹਾ ਹੈ, ਉਸ ਨੂੰ ਚੁੱਕ ਕੇ ਬਾਲਮੀਕ ਦੇ ਆਸ਼ਰਮ ਪਹੁੰਚਾ ਦਿਓ, ਬਾਲਮੀਕ ਤੱਤ ਜਾਣਦੇ ਹਨ। ਬਾਲਮੀਕ ਨੂੰ ਮੇਰਾ ਸੰਦੇਸ਼ ਵੀ ਦੇਓ, ਉਸ ਨੂੰ ਕਹੋ ਕਿ ਇਹ ਰਾਜਾ ਸਵਰਗ ਵਿਚ ਨਹੀਂ ਆਉਣਾ ਚਾਹੁੰਦਾ, ਇਹ ਪੂਰਨ ਮੁਕਤੀ ਚਾਹੁੰਦਾ ਹੈ, ਕ੍ਰਿਪਾ ਕਰਕੇ ਇਸ ਨੂੰ ਦੱਸੋ ਤੇ ਸਿਖਾਓ, ਬਾਲਮੀਕ ਨੂੰ ਦੱਸੋ ਮੈਂ ਹੀ ਇਸ ਨੂੰ ਉਨ੍ਹਾਂ ਕੋਲ ਭੇਜਿਆ ਹੈ। ਸੋ ਇਸ ਤਰ੍ਹਾਂ ਮੈਨੂੰ ਦੇਵਤਿਆਂ ਦੇ ਮੁਖੀ ਨੇ ਭੇਜਿਆ।

ਬਾਲਮੀਕ ਨੇ ਰਾਜਾ ਨੂੰ ਪੁਛਿਆ ਕਿ ਤੁਸੀਂ ਬਿਲਕੁਲ ਠੀਕ ਹੋ। ਤੁਸੀਂ ਕਿਵੇਂ ਹੋ? ਰਾਜਾ ਕਹਿਣ ਲੱਗਾ, "ਬਿਲਕੁਲ ਤੁਸੀਂ ਉਹ ਸਭ ਕੁਝ ਜਾਣਦੇ ਹੋ ਜੋ ਜਾਨਣ ਦੇ ਯੋਗ ਹੈ, ਮੈਂ ਬਹੁਤ ਕ੍ਰਿਤਾਰਥ ਹਾਂ, ਮੈਂ ਬਹੁਤ ਖੁਸ਼ ਹਾਂ, ਤੁਹਾਨੂੰ ਦੇਖ ਕੇ ਮੈਂ ਬਹੁਤ ਖੁਸ਼ ਹਾਂ, ਇਹ ਹੀ ਮੇਰੀ ਸਭ ਤੋਂ ਵੱਡੀ ਖੁਸ਼ੀ ਹੈ, ਮੈਂ ਤੁਹਾਡੇ ਕੋਲ ਬੈਠਾ ਹਾਂ ਤੇ ਜਾਨਣਾ ਚਾਹੁੰਦਾ ਹਾਂ, ਮੈਨੂੰ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ, ਬਿਨਾ ਕਿਸੇ ਵਿਘਨ ਦੇ ਕਿਤੇ ਇਹੋ ਜਿਹੀ ਜਗ੍ਹਾ ਤੇ ਬੈਠ ਕੇ ਦੱਸੋ ਕਿ ਮੇਰਾ ਸੰਸਾਰ ਤੇ ਆਉਣਾ ਜਾਣਾ ਕਿਵੇਂ ਖਤਮ ਹੋ ਸਕਦਾ ਹੈ? ਮੈਂ ਇਸ ਸੰਸਾਰ ਦੇ ਬੰਧਨ ਤੋਂ ਕਿਵੇਂ ਛੁਟ ਸਕਦਾ ਹਾਂ। ਬਾਲਮੀਕ ਕਹਿਣ ਲੱਗੇ, "ਰਾਜਨ! ਮੈਂ ਤੈਨੂੰ ਰਾਮਾਇਣ ਦਾ ਅਖੰਡ ਪਾਠ ਸੁਣਾਵਾਂਗਾ, ਉਸ ਨੂੰ ਸੁਣ ਕੇ ਤੂੰ ਆਪਣਾ ਨਿਰਣੇ ਲੈ ਲਈਂ, ਉਸ ਨੂੰ ਸੁਣ ਕੇ ਜੀਵਨ ਮੁਕਤ ਹੋ ਜਾਏਗਾ ਮੈਂ ਤੈਨੂੰ ਰਾਮ ਚੰਦਰ ਜੀ ਤੇ ਵਿਸ਼ਿਸ਼ਟ ਦੀ ਗੱਲ ਬਾਤ ਸੁਣਾਵਾਂਗਾ। ਭਾਵ ਗੁਰੂ ਤੇ ਚੇਲੇ ਦਾ ਵਾਰਤਾਲਾਪ ਸੁਣਾਵਾਂਗਾ।"

ਮੁਕਤ ਹੋਣ ਦੀ ਇਹ ਕਥਾ ਸੁਣ ਕੇ ਤੁਹਾਨੂੰ ਸਤਿ ਦਾ ਪਤਾ ਲਗ ਜਾਵੇਗਾ, ਤੁਹਾਡੇ ਵਾਸਤਵਿਕ ਰੂਪ ਦਾ ਪਤਾ ਲਗ ਜਾਵੇਗਾ ਤੇ ਇਸ ਤਰ੍ਹਾਂ ਤੁਸੀਂ ਸੁਤੰਤਰ ਹੋ ਜਾਵੋਗੇ। ਰਾਜੇ ਨੇ ਪੁਛਿਆ ਰਾਮ ਕੌਣ ਹੈ? ਉਹ ਕਿਸ ਤਰ੍ਹਾਂ ਦੇ ਮਨੁੱਖ ਹਨ? ਕੀ ਉਹ ਮੁਕਤ ਹਨ ਕਿ ਨਹੀਂ? ਮੈਨੂੰ ਦੱਸੋ ਕਿਉਂਕਿ ਤੁਹਾਨੂੰ ਹੀ ਤੱਤ ਦਾ ਪਤਾ ਹੈ। ਬਾਲਮੀਕ ਕਹਿਣ ਲੱਗੇ, "ਇਹ ਵਿਸ਼ਨੂੰ ਦੇਵ ਹਨ, ਜੋ ਕਿ ਸਰਾਪ ਨੂੰ ਭੋਗਣ ਲਈ ਰਾਜੇ ਦਾ ਰੂਪ ਧਾਰਨ ਕਰਕੇ ਇਹ ਦਰਸਾ ਰਹੇ ਹਨ ਜਿਵੇਂ ਉਹ ਜਾਣਦੇ ਹੀ ਕੁਝ ਨਹੀਂ ਜਿਵੇਂ ਕਿ ਉਨ੍ਹਾਂ ਦਾ ਬੜਾ ਸੀਮਤ ਜਿਹਾ ਗਿਆਨ ਹੋਵੇ, ਉਨ੍ਹਾਂ ਨੇ ਇਹ ਮਨੁਖਾ ਜਨਮ ਲਿਆ ਹੈ ਕਿਉਂਕਿ ਜੇ ਉਹ ਦੇਵਤਾ ਹਨ ਉਨ੍ਹਾਂ ਨੂੰ ਕਿਸੇ ਗੁਰੂ ਦੀ ਲੋੜ ਨਹੀਂ, ਜੇ ਰਾਮ ਚੰਦਰ ਜੀ ਦਾ ਵੀ ਅਵਤਾਰ ਹਨ ਉਨ੍ਹਾਂ ਨੂੰ ਵੀ ਗੁਰੂ ਧਾਰਨ ਕਰਨ ਦੀ ਤੇ ਗੁਰੂ ਕੋਲੋਂ ਸਿਖਿਆ ਲੈਣ ਦੀ ਕੀ ਲੋੜ ਹੈ? ਇਹ ਸਭ ਕੁਝ ਉਨ੍ਹਾਂ ਨੇ ਇਸ ਲਈ ਕੀਤਾ ਤਾਂ ਜੋ ਗੁਰੂ ਤੋਂ ਗਿਆਨ ਲਿਆ ਜਾ ਸਕੇ, ਉਨ੍ਹਾਂ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਦਰਸਾਇਆ ਜਿਵੇਂ ਉਨ੍ਹਾਂ ਦਾ

ਗਿਆਨ ਸੀਮਤ ਹੋਵੇ।" ਰਾਜਾ ਕਹਿਣ ਲੱਗਾ, "ਮੈਨੂੰ ਹੁਣ ਤੁਸੀਂ ਸਰਾਪ ਦੀ ਕਥਾ ਦੱਸੋ, ਸਚਿਦਾਨੰਦ ਕੌਣ ਹੈ? ਪਰਮ ਚੇਤਨਤਾ ਕੀ ਹੈ? ਪਰਮ ਅਨੰਦ ਜਿਸਦਾ ਪ੍ਰਗਟਾਵਾ ਚੈਤੰਨਯ ਵਿਗ੍ਰਤਾ ਹੈ ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਦੇਵਤੇ ਨੂੰ ਸਰਾਪ ਕਿਸ ਨੇ ਦਿਤਾ।"

ਬਾਲਮੀਕ ਕਹਿਣ ਲੱਗੇ, "ਸੰਸਕ੍ਰਿਤ ਵਿਚ 'ਸਨਤ ਕੁਮਾਰੋ ਨਿਸਕਾਮਾ ਅਵਸਦ ਬ੍ਰਹਮ ਸਦਮਨੀ ਬੈਕੁੰਠਾ ਧਾਰਾਤੋ ਵਿਸਨੂੰ ਤ੍ਰੈਲੋਕ ਯਾਸਪਤੀ ਪ੍ਰਭੂ' ਇਕ ਵਾਰੀ ਦੀ ਗੱਲ ਹੈ ਇਕ ਸਾਧੂ ਸੀ ਉਨ੍ਹਾਂ ਦਾ ਨਾਮ ਸੰਤ ਕੁਮਾਰ ਸੀ ਹਿੰਦੂ ਮਿਥਿਹਾਸ ਵਿਚ ਇਹ ਚਾਰ ਭਰਾ ਸਨ। ਸਨਕ, ਸਨੰਦਨ, ਸਨਾਤਨ, ਸਨੰਤ ਕੁਮਾਰ, ਉਨ੍ਹਾਂ ਨੂੰ ਵਰਦਾਨ ਹੈ ਉਹ ਮੁਕਤ ਹਨ ਪਰ ਉਹ ਕੇਵਲ ਪੰਜ ਸਾਲ ਦੇ ਬੱਚਿਆਂ ਦੇ ਰੂਪ ਵਿਚ ਹੀ ਪ੍ਰਗਟ ਹੁੰਦੇ ਹਨ, ਜਿਥੇ ਵੀ ਉਹ ਜਾਂਦੇ ਹਨ ਉਹ ਪੰਜ ਸਾਲ ਦੇ ਬੱਚੇ ਬਣ ਕੇ ਹੀ ਵਿਚਰਦੇ ਹਨ ਤੇ ਸਭ ਨੂੰ ਗਿਆਨ ਦਿੰਦੇ ਹਨ। ਦੇਖਣ ਵਿਚ ਉਹ ਬਾਲ ਰੂਪ ਵਿਚ ਬਹੁਤ ਹੀ ਸੁੰਦਰ ਹਨ, ਸੰਨਤਕੁਮਾਰ ਜਿਹੜੇ ਬਿਲਕੁਲ ਮੁਕਤ ਹਨ ਇੱਛਾ ਰਹਿਤ ਹਨ, ਬ੍ਰਹਮ ਲੋਕ ਵਿਚ ਰਹਿੰਦੇ ਹਨ, ਇਸ ਸਮੇਂ ਵਿਸ਼ਨੂੰ ਜੋ ਕਿ ਪਾਲਣਹਾਰ ਹਨ, ਉਹ ਬੈਕੁੰਠ ਤੋਂ ਆਏ ਤੇ ਸੱਤਾਂ ਲੋਕਾਂ ਵਿਚ ਉਨ੍ਹਾਂ ਦਾ ਸਵਾਗਤ ਕੀਤਾ। ਬ੍ਰਹਮਾ ਨੇ ਆਪ ਜਾ ਕੇ ਸਵਾਗਤ ਕੀਤਾ ਪਰ ਸੰਨਤ ਕੁਮਾਰ ਨਹੀਂ ਆਏ, ਉਸ ਤੇ ਵਿਸ਼ਨੂੰ ਜੀ ਨੇ ਕਿਹਾ ਕਿ ਸੰਨਤ ਕੁਮਾਰ ਤੂੰ ਬਹੁਤ ਘੁਮੰਡੀ ਹੋ ਗਿਆ ਹੈਂ ਕਿਉਂਕਿ ਤੇਰੀ ਕੋਈ ਇੱਛਾ ਨਹੀਂ, ਇਸ ਗੱਲ ਦਾ ਤੈਨੂੰ ਹੰਕਾਰ ਹੈ। ਮੈਂ ਤੈਨੂੰ ਸਰਾਪ ਦਿੰਦਾ ਹਾਂ, ਤੂੰ ਹੁਣ ਜਨਮ ਲੈ ਕੇ ਧਰਤੀ ਉਤੇ ਪੂਰੀਆਂ ਇਛਾਵਾਂ ਨਾਲ ਆਏਂਗਾ, ਤੇਰਾ ਨਾਮ ਸ਼ਾਰਜਨਮ ਹੋਏਗਾ, ਸੰਨਤ ਕੁਮਾਰ ਨੇ ਕਿਹਾ, ਵਿਸ਼ਨੂੰ ਤੂੰ ਮੈਨੂੰ ਸਰਾਪ ਦਿਤਾ ਹੈ ਕਿ ਆਪਣੇ ਆਪ ਨੂੰ? ਉਹ ਕਹਿਣ ਲੱਗੇ, "ਥੋੜ੍ਹੀ ਦੇਰ ਲਈ ਤੇਰੀ ਸਰਬੱਗਤਾ ਖਤਮ ਹੋ ਜਾਵੇਗੀ। ਇਸੇ ਤਰ੍ਹਾਂ ਹੋਰ ਕਈ ਸਰਾਪ ਹਨ, ਇਹ ਤਾਂ ਆਪਣੇ ਨਿਜੀ ਸਬੰਧ ਹਨ, ਪ੍ਰਮਾਤਮਾ ਨੂੰ ਕਿਵੇਂ ਵੀ ਪੇਸ਼ ਕੀਤਾ ਜਾ ਸਕਦਾ ਹੈ।

ਇਕ ਵਾਰੀ ਦੀ ਗੱਲ ਹੈ ਇਕ ਭ੍ਰਿਗੂ ਨਾਮ ਮਹਾਤਮਾ ਸੀ ਉਨ੍ਹਾਂ ਦੀ ਪਤਨੀ ਚੜ੍ਹਾਈ ਕਰ ਗਈ। ਉਹ ਪ੍ਰਮਾਤਮਾ ਨੂੰ ਕਹਿਣ ਲੱਗਾ, ਹੇ ਪ੍ਰਮਾਤਮਾ! ਤੂੰ ਮੇਰੀ ਪਤਨੀ ਬਾਰੇ ਮੈਨੂੰ ਦਸ, ਤੈਨੂੰ ਨਹੀਂ ਪਤਾ, ਪਤਨੀ ਤੋਂ ਬਿਨਾਂ ਜੀਵਨ ਕੀ ਹੈ, ਤੈਨੂੰ ਮੇਰਾ ਸਰਾਪ ਲਗੇਗਾ, ਇਸ ਸਰਾਪ ਕਰਕੇ ਹੀ ਵਿਸ਼ਨੂੰ ਜੀ ਨੂੰ ਕਈ ਜਨਮ ਲੈਣੇ ਪਏ ਤੇ ਦੁਖ ਸਹਿਣੇ ਪਏ, ਕਈ ਵਾਰੀ ਕਸ਼ਟ ਸਹਿਣ ਲਈ ਵੱਡੇ ਦੇਵਤਿਆਂ ਨੂੰ ਵੀ ਜਨਮ ਲੈਣਾ ਪੈਂਦਾ ਹੈ, ਇਸ ਕਥਾ ਦਾ ਇਕ ਰੂਪ ਹੈ ਪਰ ਇਸ ਕਥਾ ਦੇ ਹੋਰ ਵੀ ਪਹਿਲੂ ਹਨ।

ਬਾਲਮੀਕ ਦੀ ਰਮਾਇਣ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ ਕਿ ਧਰਤੀ ਤੇ ਬਹੁਤ ਪਾਪ ਹੋ ਰਹੇ ਸਨ, ਰਾਵਣ ਵਰਗੇ ਰਾਜੇ ਅਤਿਆਚਾਰ ਕਰ ਰਹੇ ਸਨ। ਧਰਤੀ ਨੇ ਪ੍ਰਮਾਤਮਾ ਨੂੰ ਬੇਨਤੀ ਕੀਤੀ ਤੇ ਕਿਹਾ ਹੇ ਪ੍ਰਮਾਤਮਾ! ਮੈਨੂੰ ਬਚਾ ਲੈ।

ਜਿਹੜਾ ਸਵਰਗ ਵਿਚ ਵਸਦਾ ਹੈ, ਧਰਤੀ ਤੇ ਵਸਦਾ ਹੈ, ਅਸਮਾਨ ਤੇ ਵਸਦਾ ਹੈ, ਮੇਰੇ ਅੰਦਰ ਜਿਹੜਾ ਵਸਦਾ ਹੈ ਮੇਰੇ ਤੋਂ ਬਾਹਰ ਜਿਹੜਾ ਵਸਦਾ ਹੈ, ਜਿਹੜਾ ਸਰਬ ਵਿਆਪਕ ਹੈ ਜਿਹੜਾ ਸਾਰਿਆਂ ਦਾ ਜੀਵਨ ਹੈ, ਜਿਹੜਾ ਸਭ ਦੇ ਅੰਦਰ ਦਾ ਜੀਵਨ ਹੈ ਜਿਸ ਦੀ ਸ਼ਾਨ ਤੇ ਚਮਕ ਨਾਲ ਸਾਰੇ ਵਿਸ਼ਵ ਵਿਚ ਜੀਵਨ ਹੈ, ਮੈਂ ਉਸ ਨੂੰ ਲੱਖ ਲੱਖ ਪ੍ਰਣਾਮ ਕਰਦਾ ਹਾਂ।

ਬਾਲਮੀਕ ਕਹਿਣ ਲੱਗੇ, "ਇਸ ਤੋਂ ਪਹਿਲਾਂ ਕਿ ਮੈਂ ਪੜ੍ਹਾਵਾਂ, ਮੇਰੇ ਲਈ ਇਹ ਦੇਖਣਾ ਬਹੁਤ ਜ਼ਰੂਰੀ ਹੈ ਕਿ ਕੀ ਤੈਨੂੰ ਪੜ੍ਹਨ ਦਾ ਸਿਖਣ ਦਾ ਅਧਿਕਾਰ ਹੈ। ਅਧਿਕਾਰ ਤੋਂ ਭਾਵ ਹੈ ਕਿ ਜਿਸਨੂੰ ਗਿਆਨ ਦਿਤਾ ਜਾ ਰਿਹਾ ਹੈ ਉਹ ਇਸ ਗਿਆਨ ਦਾ ਅਧਿਕਾਰੀ ਹੈ। ਕੀ ਤੁਸੀਂ ਆਪਣੇ ਆਪ ਨੂੰ ਇਸ ਗਿਆਨ ਦੀ ਪ੍ਰਾਪਤੀ ਲਈ ਤਿਆਰ ਕੀਤਾ ਹੈ, ਕੀ ਇਸ ਦੀ ਪ੍ਰਾਪਤੀ ਦੀਆਂ ਸ਼ਰਤਾ ਪੂਰੀਆਂ ਕੀਤੀਆਂ ਹਨ। ਇਸ ਤਰ੍ਹਾਂ ਦੇ ਗਿਆਨ ਦਾ ਅਧਿਕਾਰੀ ਉਹ ਹੀ ਹੋਵੇਗਾ ਜਿਹੜਾ ਇਹ ਗਿਆਨ ਰਖਦਾ ਹੈ ਕਿ ਉਹ ਮਾਇਆ ਵਿਚ ਲਪੇਟਿਆ ਪਿਆ ਹੈ, ਉਸ ਨੂੰ ਮੁਕਤੀ ਦੀ ਲੋੜ ਹੈ। ਜਿਸ ਨੂੰ ਇਸ ਦਾ ਗਿਆਨ ਹੈ ਕਿ ਉਸ ਨੂੰ ਮੁਕਤੀ ਦੀ ਲੋੜ ਹੈ ਪਰ ਉਸ ਨੂੰ ਗਿਆਨ ਨਹੀਂ ਹੈ ਉਹ ਅਗਿਆਨੀ ਹੈ, ਪੂਰਾ ਅਗਿਆਨੀ, ਇਸ ਗਿਆਨ ਨੂੰ ਪ੍ਰਾਪਤ ਨਹੀਂ ਕਰ ਸਕੇਗਾ। ਜਿਸ ਨੂੰ ਗਿਆਨ ਹੈ ਉਸ ਨੂੰ ਇਹ ਜਾਨਣ ਦੀ ਲੋੜ ਨਹੀਂ। ਜਿਹੜਾ ਗਿਆਨ ਦਾ ਅਧਿਕਾਰੀ ਹੈ ਲੋਚਾ ਰਖਦਾ ਹੈ ਉਹ ਹੀ ਗਿਆਨ ਪ੍ਰਾਪਤ ਕਰ ਸਕਦਾ ਹੈ। ਜੋ ਕੁਝ ਵੀ ਇਨ੍ਹਾਂ ਕਥਾਵਾਂ ਵਿਚ ਦਸਿਆ ਗਿਆ ਹੈ, ਉਨ੍ਹਾਂ ਤੋਂ ਸਿੱਖ ਕੇ ਇਸ ਸੰਸਾਰ ਤੋਂ ਮਾਇਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਉਨ੍ਹਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ, ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਤੇ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**L L L L L L L**

---

(ਪੰਨਾ 25 ਦੀ ਬਾਕੀ)

ਬਣਦਾ ਹੈ। ਮੇਰੇ ਸਾਰੇ ਹੀ ਸਬੰਧੀ ਇਹ ਸੁਣ ਕੇ ਖੁਸ਼ ਹੋਣਗੇ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖੂਨ ਦਾ ਇਕ ਕਤਰਾ ਫਿਰ ਰੋਸ਼ਨ ਹੋ ਕੇ ਅੱਲਾਹ ਪਾਕ ਦੇ ਨੂਰ ਦਾ ਹਿੱਸੇਦਾਰ ਬਣ ਗਿਆ ਹੈ। ਇਨਸਪੈਕਟਰ ਕਹਿੰਦਾ ਹੀ ਉਠਿਆ, ਸਿਜਦਾ ਕੀਤਾ ਤੇ ਤੁਰ ਗਿਆ।

ਇਕ ਦਿਨ ਇਸ ਇਨਸਪੈਕਟਰ ਨੂੰ ਸਰਦਾਰ ਗਿਆਨ ਸਿੰਘ ਜੀ ਰਾੜਾ ਮਿਲੇ। ਉਸ ਤੋਂ ਹਾਲ ਚਾਲ ਪੁਛਿਆ। ਇਸ ਨੇ ਬੜੇ ਵਖਰੇ ਢੰਗ ਨਾਲ ਇਹ ਗੱਲ ਦੱਸੀ ਕਿ ਉਹ ਹੁਣ ਸੰਤ ਜੀ ਮਹਾਰਾਜ ਦਾ ਮੁਰੀਦ ਹੋ ਗਿਆ ਹੈ। ਫਿਰ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਸਰਦਾਰ ਗਿਆਨ ਸਿੰਘ ਜੀ ਨੇ ਵੱਡੇ ਮਹਾਰਾਜ ਜੀ ਪਾਸੋਂ ਹੀ ਅੰਮ੍ਰਿਤ ਪਾਨ ਕਰਕੇ ਸਿੱਖੀ ਦੀ ਮਰਿਆਦਾ ਨੂੰ ਧਾਰਨ ਕੀਤਾ ਸੀ। ਤਦ ਇਹ ਸਦਾ ਹੀ ਸਰਦਾਰ ਗਿਆਨ ਸਿੰਘ ਜੀ ਨੂੰ ਪੀਰ ਭਾਈ ਕਹਿ ਕੇ ਪੁਕਾਰਦਾ ਸੀ ਤੇ ਇਹ ਗੱਲ ਬੜੇ ਮਾਣ ਨਾਲ ਹਰ ਕਿਸੇ ਨੂੰ ਦਸਦਾ ਸੀ ਕਿ ਮੁਰਸ਼ਦ ਨੇ ਇਕ ਐਸੀ ਬੂਟੀ ਘੋਲ ਪਿਲਾਈ ਹੈ ਕਿ ਉਸਦਾ ਨਸ਼ਾ ਕਦੇ ਉਤਰ ਹੀ ਨਹੀਂ ਸਕਦਾ। ਇਕ ਐਸੀ ਜੋਤ ਜਗਾਈ ਹੈ ਕਿ ਹੋਰ ਬਾਹਰਲੀ ਰੋਸ਼ਨੀ ਹਰ ਤਰ੍ਹਾਂ ਹੀ ਮੱਧਮ ਪੈ ਗਈ ਹੈ। ਇਹ 1947 ਤਕ ਬਰਾਬਰ ਇਸ ਦਰਬਾਰ ਦੀ ਹਾਜ਼ਰੀ ਭਰਦਾ ਰਿਹਾ।

**L L L L L L L**

## ਜ਼ਰੂਰੀ ਬੇਨਤੀਆਂ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।

## ਦੋਆਬੇ ਵਿਚ ਮੈਗਜ਼ੀਨ ਨਾ ਪਹੁੰਚਣ ਸਬੰਧੀ, ਰੀਨੀਊਲ ਅਤੇ ਨਵੀਂ ਮੈਂਬਰਸ਼ਿਪ ਦੇ ਚੰਦੇ ਦੇਣ ਲਈ ਹੇਠ ਲਿਖੇ ਪ੍ਰੇਮੀਆਂ ਨਾਲ ਸੰਪਰਕ ਕਰੋ ਜੀ।

1. **ਅਜੈਬ ਸਿੰਘ (ਰਿਟਾਇਡ. ਐਸ.ਡੀ.ਓ)**
   **VPO. ਬਹਿਰਾਮ, ਜ਼ਿਲਾ ਨਵਾਂ ਸ਼ਹਿਰ**
2. **ਭਾਈ ਅਜੈਬ ਸਿੰਘ,**
   **ਪਿੰਡ ਸੂੰਢ, ਜ਼ਿਲਾ - ਨਵਾਂ ਸ਼ਹਿਰ**
3. **ਭਾਈ ਕੁਲਦੀਪ ਸਿੰਘ**
   **ਪਿੰਡ ਮਲੂਪੋਤਾ, ਜ਼ਿਲਾ - ਨਵਾਂ ਸ਼ਹਿਰ**
4. **ਭਾਈ ਕੁਲਵਿੰਦਰ ਸਿੰਘ**
   **ਪਿੰਡ ਭਰੋ ਮਜਾਰਾ, ਜ਼ਿਲਾ - ਨਵਾਂ ਸ਼ਹਿਰ**
5. **ਭਾਈ ਅਮਰੀਕ ਸਿੰਘ**
   **ਬਿਜਲੀ ਬੋਰਡ, ਬੰਗਾ,**
   **ਜ਼ਿਲਾ - ਨਵਾਂ ਸ਼ਹਿਰ**
6. **ਬੀਬੀ ਪ੍ਰਕਾਸ਼ ਕੌਰ**
   **ਬਸੰਤ ਨਗਰ, ਫਗਵਾੜਾ**

## FOR ATAM MARG MAGAZINE & BOOKS, PLEASE CONTACT : -

1. **ARJAN SINGH**
   1, JUBILEE GARDENS,
   SOUTHALL MIDDX LONDON
   UBI-21J, U.K. PH. 01-578-6564
2. **AVINDER SINGH TAKHAR,**
   118 UXBRIDGE ROAD,
   SOUTHALL MIDDX,
   UBI-3DW LONDON U.K
   PH : OFF. O171-581-3109,
   RESI : 0181-571-114
3. **SUKHDEV KAUR CHEEMA**
   70, THE JETTY,
   LOWER SHELTON
   MARSTON MORATAINA
   MK 43-OLW, U.K.
   PH : 01234-76-7602
4. **SUKHJINER SINGH KHERA**
   KTC LTD., BEACON WORKS,
   FRIAR PARD ROAD
   WENESBURY,
   WEST MIDLANDS WSIO-OJU,
   ENGLAND
5. **SWARAN SINGH,**
   423 CORINTHIA DR.,
   MILPITAS, CA-95035-3617 USA
   PH : 708-682-8939, 708-934-6174
6. **SATNAM SINGH ATWAL**
   2755 GUILDHALL DR.
   CA-95132, SANJOSE, USA
   PH : 408-263-1844
7. **MANJIT SINGH GILL**
   178, HILLANDALE DR.,
   GLOOMINGDALE,
   ILL-60108 USA
   PH : 708-893-5156,
   708-893-5835
8. **MOHINDER SINGH GILL**
   GILL. PETROLEUM INC.
   837E GLENWOOD AVE.
   TURLOCK CA - 95380 USA
   FAX.209-66822, 01-800-542-7100,
   209-667-5536, 209-632-0512
9. **JAGJIWAN SINGH**
   231 DIXON LANDINGH ROAD,
   APT # 204, MILPITAS
   CA-95035 USA
   FAX. 408-960-8562,
   OFF. 480-492-4313,
   RESI - 408-496-1905,
   MOBLIE NO. 408-569-6184
10. **SARMUKH SINGH PANNU**
    5633, RHODER ST.
    VANCOUVER B.C.
    V5R-3P2 CANADA
    PH : 604-433-0408
11. **TARSEM SINGH BAINS,**
    15465 KILMORE PLACE,
    SURREY B.C.
    V3S-6N3 CANADA
    PH : 604-576-211
12. **JASBIR SINGH RANU**
    10135-143 ST.,
    SURREY B.C. V3T-UT2
    CANADA
    PH : 604-589-9189
13. **SWARAN SINGH VIRDI**
    103101 98TH AVE.,
    SURREY B.C.V3T-1B8
    CANADA
    PH : 708-202-1545
14. **JEEWAN SINGH**
    4, NORBROKE CRT.
    MILL PARK-3082
    MELBOURNE, AUSTRALIA
    03-436-6898, 03-436-5865
15. **BALWINDER SINGH CHAHAL**
    11/101 EVALINI SR.,
    CAMPSIE NSW-2194
    AUSTRARALIA
    PH : 00612-96228188
16. **JAGIR SINGH**
    SOPHIA STREET-70,
    ROTTERDAM,
    HOLLAND NETHERLAND,
    010-2124-608
17. **SITAL SINGH**
    GREECE
    01-42-22-851 ; 01-42-22-850

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ - 61 )*

4. ਕੇਵਲ ਅਗਿਆਨੀ ਹੀ ਸਾਂਖ ਫਿਲੋਸਫੀ ਤੇ ਯੋਗ ਵਿਚ ਅੰਤਰ ਦੇਖਦੇ ਹਨ, ਪੰਡਤ ਉਨ੍ਹਾਂ ਦੋਨਾਂ ਨੂੰ ਸਮ ਹੀ ਸਮਝਦੇ ਹਨ, ਉਹ ਦੋਨੋਂ ਸਮ ਹਨ, ਇਕ ਹੀ ਹਨ। ਕਿਸੇ ਇਕ ਨੂੰ ਸਮਝ ਕੇ ਉਸ ਮਾਰਗ ਤੇ ਚਲ ਕੇ ਦੋਨਾਂ ਦਾ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ।

5. ਜੋ ਪਦਵੀ ਸਾਂਖ ਨੂੰ ਸਮਝ ਕੇ ਉਸ ਦੇ ਦੱਸੇ ਮਾਰਗ ਤੇ ਚਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਹੀ ਪਦਵੀ ਯੋਗ ਦੇ ਮਾਰਗ ਤੇ ਚਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਹੜਾ ਯੋਗ ਤੇ ਸਾਂਖ ਨੂੰ ਇਕ ਹੀ ਦੇਖਦਾ ਹੈ, ਉਹ ਹੀ ਠੀਕ ਦੇਖਦਾ ਹੈ।

ਗਿਆਨੀ ਜਿਹੜੇ ਦੋਨੋਂ ਮਾਰਗਾਂ ਸਾਂਖ ਦਾ ਮਾਰਗ ਤੇ ਯੋਗ ਦਾ ਮਾਰਗ ਭਾਵ ਗਿਆਨ ਦਾ ਮਾਰਗ ਅਤੇ ਕਰਮ ਕਰਨ ਦੇ ਮਾਰਗ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਉਹ ਇਨ੍ਹਾਂ ਦੋਨਾਂ ਵਿਚ ਭੇਦ ਨਹੀਂ ਰਖਦੇ। ਉਹ ਜਾਣਦੇ ਹਨ ਕਿ ਇਹ ਇਕੋ ਹੀ ਚੀਜ਼ ਹੈ, ਇਕ ਹੀ ਸਿਕੇ ਦੇ ਦੋ ਪਾਸੇ ਹਨ, ਭਲਾ ਕੋਈ ਗਿਆਨ ਤੋਂ ਬਿਨਾਂ ਕਰਮ ਕਿਵੇਂ ਕਰ ਸਕਦਾ ਹੈ ਤੇ ਗਿਆਨ ਦੀ ਜੋਤੀ ਕਰਮ ਤੋਂ ਬਿਨਾਂ ਕਿਵੇਂ ਜਗਾਈ ਜਾ ਸਕਦੀ ਹੈ? ਕਰਮ ਯੋਗ ਦੇ ਪਿਛੇ ਬੜੀ ਵੱਡੀ ਸਾਂਖ ਦੀ ਫਿਲੋਸਫੀ ਹੈ ਤੇ ਯੋਗ ਦਾ ਵਿਗਿਆਨ ਜੀਵਨ ਦਾ ਪ੍ਰਯੋਗਵਾਦੀ ਪਾਸਾ ਦਰਸਾਉਂਦਾ ਹੈ। ਸੋ ਇਹ ਇਕ ਹੀ ਹਨ ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ, ਦੋਨੋਂ ਹੀ ਮਾਰਗ ਅਧਿਆਤਮਵਾਦ ਦੀ ਚੋਟੀ ਤੇ ਪਹੁੰਚਾਉਂਦੇ ਹਨ, ਕਰਮ ਕਰਨੇ ਆਮ ਮਨੁੱਖ ਲਈ ਠੀਕ ਹਨ, ਪਰ ਜਿਹੜਾ ਬ੍ਰਹਮਗਿਆਨੀ ਹੈ, ਦੂੰਦ ਤੋਂ ਉਪਰ ਉਠ ਚੁੱਕਾ ਹੈ ਉਸ ਲਈ ਕੋਈ ਵੀ ਮਾਰਗ ਠੀਕ ਹੈ, ਸਾਰੇ ਹੀ ਮਾਰਗ ਇਕੋ ਜਿਹੇ ਹਨ ਭਾਵੇਂ ਉਹ ਤਿਆਗ ਦੇ ਮਾਰਗ ਤੇ ਚਲੇ ਭਾਵੇਂ ਕਰਮ ਦੇ ਮਾਰਗ ਤੇ, ਉਸ ਲਈ ਸਭ ਇਕੋ ਹੀ ਹਨ। ਜਿਸ ਨੇ ਸ਼ਾਂਤੀ ਪ੍ਰਾਪਤ ਕਰ ਲਈ ਹੈ ਉਸ ਲਈ ਮਾਰਗ ਦਾ ਕੋਈ ਮਹੱਤਵ ਹੀ ਨਹੀਂ ਰਹਿ ਜਾਂਦਾ। ਇਸੇ ਕਰਕੇ ਬ੍ਰਹਮਗਿਆਨੀ ਦੇ ਮਨ ਵਿਚ ਕੋਈ ਦੂੰਦ ਨਹੀਂ ਹੁੰਦਾ ਕਿ ਉਹ ਕਿਹੜੇ ਮਾਰਗ ਤੇ ਚਲਦੇ ਹਨ, ਦੋਨੋਂ ਮਾਰਗਾਂ ਦਾ ਟੀਚਾ ਇਕ ਹੈ ਅੰਤ ਇਕ ਹੈ, ਸੁਤੰਤਰਤਾ, ਮੋਖ, ਸੰਪੂਰਨਤਾ ਤੇ ਆਤਮ ਸਾਧਨਾ।

6. ਹੇ ਮਹਾਂਬਾਹੋ! ਤਿਆਗ ਦਾ ਮਾਰਗ ਯੋਗ ਤੋਂ ਬਿਨਾਂ ਬਹੁਤ ਔਖਾ ਹੈ, ਉਹ ਜਗਿਆਸੂ ਜਿਹੜਾ ਯੋਗ ਕਰਮ ਕਰਦਾ ਹੈ, ਬ੍ਰਹਮ ਦੀ ਪ੍ਰਾਪਤੀ ਛੇਤੀ ਹੀ ਕਰ ਲੈਂਦਾ ਹੈ।

7. ਨਿਸ਼ਕਾਮ ਕਰਮ ਕਰਦੇ ਹੋਏ ਉਹ ਕਰਮ ਯੋਗੀ ਜਿਸ ਦਾ ਮਨ ਸ਼ੁਧ ਹੈ, ਜਿਸ ਨੇ ਆਪਾ ਸਾਧ ਲਿਆ ਹੈ, ਇੰਦ੍ਰੀਆਂ ਤੇ ਪੂਰਾ ਕਾਬੂ ਪਾ ਲਿਆ ਹੈ ਜਿਹੜਾ ਸਾਰਿਆਂ ਵਿਚ ਇਕੋ ਹੀ ਆਤਮਾ ਦੇਖਦਾ ਹੈ, ਉਹ ਕਰਮ ਕਰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ।

ਕਰਮ ਕਰਨ ਦੇ ਗੂੜ੍ਹੇ ਗਿਆਨ ਤੋਂ ਬਿਨਾਂ ਤਿਆਗ ਦੇ ਮਾਰਗ ਤੇ ਨਹੀਂ ਚਲਣਾ ਚਾਹੀਦਾ, ਨਿਸੁਆਰਥ ਕਰਮ ਹੀ ਤਿਆਗ ਮਾਰਗ ਤੇ ਚਲਣ ਲਈ ਸਹਾਈ ਹੁੰਦੇ ਹਨ। ਕਰਮ ਦਾ ਮਾਰਗ ਹੀ ਇਕ ਆਵਸ਼ਕ ਪੌੜੀ ਹੈ ਜਿਹੜੀ ਤਿਆਗ ਤਕ ਪਹੁੰਚਾ ਦਿੰਦੀ ਹੈ। ਭਰਮ ਤਦ ਪੈਂਦਾ ਹੈ ਜਦੋਂ ਅਸੀਂ ਦੋਨਾਂ ਨੂੰ ਵੱਖ-ਵੱਖ ਦੇਖਦੇ ਹਨ ਅਤੇ ਦੋਨਾਂ ਦਾ ਇਕ ਦੂਸਰੇ ਨਾਲ ਸਬੰਧ ਨਹੀਂ ਸਮਝਦੇ।

ਯੋਗ ਮਾਰਗ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ, ਸ਼ਾਂਤੀ ਤੋਂ ਬਿਨਾਂ ਕਿਸੇ ਵੀ ਮਾਰਗ ਤੇ ਨਹੀਂ ਚਲਿਆ ਜਾ ਸਕਦਾ, ਸ਼ਾਂਤੀ ਤੋਂ ਬਿਨਾਂ ਕੇਵਲ ਸੰਤਾਪ ਤੇ ਭਰਮ ਹੀ ਹੈ। ਜੇ ਤਿਆਗ ਦੇ ਮਾਰਗ ਤੇ ਬੈਰਾਗ ਤੋਂ ਸੁੰਨੇ ਹੋ ਕੇ ਤੁਰਿਆ ਜਾਵੇ, ਉਹ ਫੋਕਾ ਤਿਆਗ ਹੁੰਦਾ ਹੈ, ਰੁਖਾ ਤਿਆਗ ਹੁੰਦਾ ਹੈ ਜਿਸ ਨਾਲ ਸੰਤਾਪ ਲਗਦਾ ਹੈ। ਯੋਗੀ ਜਿਹੜਾ ਸਾਧਨਾ ਕਰਦਾ ਹੈ ਉਹ ਇਸ ਗੱਲ ਨੂੰ ਸਮਝਦਾ ਹੈ ਕਿ ਅਨੁਭਵੀ ਗਿਆਨ ਹੀ ਕੇਵਲ ਸਤੁੰਸ਼ਟ ਗਿਆਨ ਹੁੰਦਾ ਹੈ।

ਸਾਰੇ ਹੀ ਸੰਤ ਮਹਾਤਮਾ ਇਕੋ ਗੱਲ ਕਹਿੰਦੇ ਹਨ ਭਾਵੇਂ ਉਹ ਕਿਸੇ ਵੀ ਸੰਪਰਦਾ ਨਾਲ ਸਬੰਧ ਕਿਉਂ ਨਾ ਰਖਦੇ ਹੋਣ, ਸਾਰਿਆਂ ਦੇ ਉਪਦੇਸ਼ ਇਕੋ ਹੀ ਹੁੰਦੇ ਹਨ, ਪਰ ਦਿਤੇ ਗਏ ਉਪਦੇਸ਼ਾਂ ਉਤੇ ਭਰੋਸਾ ਹੀ ਕਾਫੀ ਨਹੀਂ, ਭਰੋਸੇ ਨਾਲ ਹਨ੍ਹੇਰਾ ਨਹੀਂ ਮਿਟਦਾ, ਅਗਿਆਨ ਖਤਮ ਨਹੀਂ ਹੁੰਦਾ, ਭਰੋਸੇ ਨਾਲੋਂ ਵੱਧ ਸੰਤਾਂ ਮਹਾਤਮਾ ਦੇ ਬਚਨ ਕਮਾਉਣੇ ਹੁੰਦੇ ਹਨ, ਆਪ ਕ੍ਰਿਪਾ ਦੇ ਪਾਤਰ ਬਣ ਕੇ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ, ਆਪ ਅਨੁਭਵ ਕਰਨਾ ਹੁੰਦਾ ਹੈ ਜੋ ਕੇਵਲ ਗੁਰੂ ਕ੍ਰਿਪਾ ਨਾਲ ਹੀ ਹੋ ਸਕਦਾ ਹੈ। ਇਹ ਅਵਸ਼ਕ ਹੈ ਕਿ ਹਰ ਕੋਈ ਆਪਣਾ ਦੀਵਾ ਆਪ ਹੀ ਜਲਾਵੇ, ਆਪਣਾ ਅਗਿਆਨ ਆਪ ਹੀ ਦੂਰ ਕਰੇ, ਭਾਵੇਂ ਚੰਦਰਮਾ, ਤਾਰੇ ਸੂਰਜ ਸਭ ਕੁਝ ਹੀ ਹੈ, ਇਹ ਸਭ ਹਰ ਇਕ ਦੇ ਹਨ ਪਰ ਜਦੋਂ ਤਕ ਤੁਸੀਂ ਆਪਣੇ ਅੰਦਰ ਦਾ ਦੀਵਾ ਨਹੀਂ ਜਗਾਓਂਗੇ, ਹਨ੍ਹੇਰਾ ਹੀ ਰਹੇਗਾ, ਆਪਣਾ ਦੀਵਾ ਜਗਾਏ ਬਿਨਾਂ ਤੁਹਾਨੂੰ ਠੋਕਰ ਲਗੇਗੀ ਹੀ। ਆਪ ਗਿਆਨ ਪ੍ਰਾਪਤ ਕੀਤੇ ਬਿਨਾਂ ਸੰਸੇ ਪਏ ਹੀ ਰਹਿਣਗੇ। ਅਗਿਆਨ ਦੇ ਬੱਦਲਾਂ ਵਿਚੋਂ, ਗਿਆਨ ਦੇ ਸੂਰਜ ਦੀ ਝਲਕ ਨਹੀਂ ਪੈ ਸਕਦੀ। ਜਗਿਆਸੂ ਭਾਵੇਂ ਠੀਕ ਮਾਰਗ ਉਤੇ ਹੀ ਚਲ ਰਿਹਾ ਹੋਵੇ ਮਨ ਦੇ ਭਰਮ ਮ੍ਰਿਗ ਤ੍ਰਿਸ਼ਨਾ ਪੈਦਾ ਕਰਦੇ ਹਨ, ਭਰਮ ਪੈਦਾ ਕਰਦੇ ਹਨ, ਜਿਹੜੇ ਉਸ ਨੂੰ ਗੁਮਰਾਹ ਕਰਦੇ ਹਨ, ਅਗਿਆਨੀ ਮਨ ਮਨੁੱਖ ਨੂੰ ਇਕ ਗੋਲ ਚੱਕਰ ਵਿਚ ਹੀ ਬੰਦ ਕਰ ਦਿੰਦਾ ਹੈ, ਮਨੁੱਖ ਉਸ ਦੇ ਹੀ ਗੇੜੇ ਕੱਟੀ ਜਾਂਦਾ ਹੈ, ਉਹ ਸਿੱਧੇ ਦੱਸੇ ਹੋਏ ਸੰਤਾਂ ਦੇ ਮਾਰਗ ਤੇ ਨਹੀਂ ਟੁਰ ਸਕਦਾ, ਅੰਦਰ ਦਾ ਚਾਨਣ ਅਤੀ ਅਵਸ਼ਕ ਹੈ, ਬਾਹਰ

ਦੇ ਸੌ ਚਾਨਣਾਂ ਨਾਲੋਂ ਅੰਦਰ ਦੀ ਜੋਤ ਦਾ ਚਾਨਣ ਕਿਤੇ ਵਧ ਹੈ।

ਕੇਵਲ ਉਹ ਜਿਨ੍ਹਾਂ ਨੇ ਸੰਪੂਰਨਤਾ ਪ੍ਰਾਪਤ ਕਰ ਲਈ ਹੈ, ਪੂਰਨ ਕਰਮ ਕਰ ਲਏ ਹਨ, ਓਹੀ ਤਿਆਗ ਮਾਰਗ ਤੇ ਚਲ ਸਕਦੇ ਹਨ। ਸੱਚੀ ਸੰਪੂਰਨਤਾ ਤਿਆਗ ਨਾਲ ਹੀ ਆਉਂਦੀ ਹੈ ਤੇ ਨਿਸ਼ਕਾਮ ਕਰਮ ਕਰਨ ਨਾਲ ਹੀ ਆਉਂਦੀ ਹੈ। ਨਿਸ਼ਕਾਮ ਕਰਮ ਹੀ ਪੂਰੀ ਤਰ੍ਹਾਂ ਦਾ ਸਮਰਪਣ ਹਨ, ਫਲ ਦਾ ਸਮਰਪਣ ਪੂਰੀ ਤਰ੍ਹਾਂ ਕਰ ਦੇਣਾ ਹੀ ਨਿਸ਼ਕਾਮ ਕਰਮ ਹੈ। ਨਿਸ਼ਕਾਮ ਹੋ ਕੇ ਕਰਮ ਕਰਨਾ, ਨਿਸੁਆਰਥ ਹੋ ਕੇ ਕਰਮ ਕਰਨਾ ਹੀ ਆਪਣੇ ਆਪ ਨੂੰ ਸਮਰਪਣ ਕਰਨਾ ਹੈ। ਇਸ ਦੇ ਪਿਛੋਂ ਹੀ ਪਵਿੱਤਰ ਗਿਆਨ ਦਾ ਜਨਮ ਹੁੰਦਾ ਹੈ ਉਹ ਅੰਤਰ ਗਿਆਨ ਜਿਹੜਾ ਸਾਰੇ ਗਿਆਨ ਦਾ ਸੋਮਾ ਹੈ।

ਕਰਮ ਯੋਗ ਵਾਸਤੇ ਸੰਜਮ ਅਤੇ ਮਨ ਦੀ ਪਵਿੱਤਰਤਾ ਅਤੀ ਆਵਸ਼ਕ ਹਨ ਜਿਸ ਨੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਮਨ ਤੇ ਕਾਬੂ ਪਾ ਲਿਆ ਹੈ, ਉਹ ਨਿਰਲੇਪ ਹੋ ਜਾਂਦਾ ਹੈ, ਉਹ ਨਿਸ਼ਕਾਮ ਹੋ ਕੇ, ਸ਼ਾਂਤ ਹੋ ਕੇ ਕਰਮ ਕਰਦਾ ਹੈ। ਮਨ ਦਾ ਕੰਮ ਹੈ ਹਰ ਗੱਲ ਨੂੰ ਸੋਚੇ, ਦਲੀਲ ਦੇਵੇ, ਦਰਸ਼ਨ ਸਾਸ਼ਤ੍ਰ ਰਾਹੀਂ ਪੜਚੋਲੇ ਪਰ ਹਿਰਦੇ ਦਾ ਕੰਮ ਹੈ ਮਹਿਸੂਸ ਕਰੇ ਤੇ ਭਾਵ ਰਾਹੀਂ ਪ੍ਰਭਾਵਿਤ ਹੋਵੇ। ਭਾਵਾਂ ਦੀ ਸ਼ਕਤੀ ਬੇਅੰਤ ਹੈ ਪਰ ਇਨ੍ਹਾਂ ਦੀ ਕੋਈ ਦਲੀਲ ਨਹੀਂ ਹੁੰਦੀ। ਸਾਧਕ ਨੂੰ ਚਾਹੀਦਾ ਹੈ ਉਹ ਆਪਣੀਆਂ ਭਾਵਨਾਵਾਂ ਨੂੰ ਨਜ਼ਰੋਂ ਓਹਲੇ ਨਾ ਕਰੇ, ਉਨ੍ਹਾਂ ਨੂੰ ਬੁੱਧੀ ਰਾਹੀਂ ਪਰਖੇ ਵੀ ਨਾ, ਪਰ ਹਿਰਦਾ ਪਵਿੱਤਰ ਕਰੇ, ਇੰਦ੍ਰੀਆਂ ਤੇ ਕਾਬੂ ਪਾਵੇ ਤੇ ਮਨ ਤੇ ਕਾਬੂ ਪਾਵੇ। ਹਿਰਦਾ ਪਵਿੱਤਰ ਹੋਣ ਨਾਲ ਮਨੁੱਖ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ, ਭਾਵਨਾਵਾਂ ਨੂੰ ਸਮਝ ਕੇ, ਜਾਣ ਕੇ ਜਿਹੜੇ ਭਾਵ ਅਨੁਕੂਲ ਹੋਣ ਉਨ੍ਹਾਂ ਦੀ ਵਰਤੋਂ ਨਾਲ ਅਨੰਦ ਦੀ ਪ੍ਰਾਪਤੀ ਕਰਨੀ, ਇਹ ਅਨੰਦ ਇੰਦ੍ਰੀਆਂ ਕਾਬੂ ਕਰਕੇ ਪ੍ਰਾਪਤ ਕੀਤੇ ਅਨੰਦ ਤੋਂ ਕਿਤੇ ਵਖਰਾ ਹੈ। ਸਾਧਨਾ ਦੇ ਦੋਨੋਂ ਪੱਖ ਨਾਲ ਨਾਲ ਚਲਣੇ ਚਾਹੀਦੇ ਹਨ, ਮਨ ਤੇ ਕਾਬੂ ਪਾਉਣਾ ਅਤੇ ਹਿਰਦੇ ਦੀ ਪਵਿੱਤਰਤਾ ਪ੍ਰਾਪਤ ਕਰਨਾ, ਜਿਨ੍ਹਾਂ ਨੇ ਵੀ ਇਸ ਤਰ੍ਹਾਂ ਸਾਧਨਾ ਕੀਤੀ ਹੈ, ਅੰਦਰ ਦਾ ਗਿਆਨ ਪ੍ਰਾਪਤ ਕੀਤਾ ਹੈ, ਉਹ ਆਪੇ ਦਾ ਹੀ ਪਸਾਰਾ ਦੇਖਦੇ ਹਨ ਸਭ ਨੂੰ, ਪਿਆਰ ਕਰਦੇ ਹਨ, ਸਭ ਨੂੰ ਕਿਸੇ ਨੂੰ ਨਹੀਂ ਛਡਦੇ - ਸਭ ਨਾਲ ਪਿਆਰ, ਸਭ ਨਾਲ ਮਿਤਰਤਾ। ਉਹ ਆਪਣੇ ਕਰਮ ਨਿਸੁਆਰਥ ਹੋ ਕੇ ਕਰਦੇ ਹਨ, ਨਿਰਲੇਪ ਹੋ ਕੇ ਕਰਦੇ ਹਨ।

8. ਤੱਤਬੇਤਾ ਮਹਾਂਪੁਰਖ ਮੈਂ ਕੁਝ ਨਹੀਂ ਕਰਦਾ ਹੋਇਆ ਸਭ ਕੁਝ ਕਰ ਰਿਹਾ ਹੈ। ਸੁਣਦਾ ਹੋਇਆ, ਦੇਖਦਾ ਹੋਇਆ, ਸਪਰਸ਼ ਕਰਦਾ ਹੋਇਆ, ਖਾਂਦਾ ਹੋਇਆ, ਤੁਰਦਾ ਹੋਇਆ, ਸੌਂਦਾ ਹੋਇਆ, ਸਾਹ ਲੈਂਦਾ ਹੋਇਆ, ਇਹ ਸਭ ਕੁਝ ਕਰਦਿਆਂ ਕੁਝ ਨਹੀਂ ਕਰ ਰਿਹਾ।

9. ਬੋਲਦਾ, ਛਡਦਾ, ਫੜਦਾ, ਨੇਤ੍ਰ ਖੋਲ੍ਹਦਾ, ਨੇਤ੍ਰ ਬੰਦ ਕਰਦਾ ਹੋਇਆ ਇਹੋ ਹੀ ਜਾਣ ਕੇ ਇਹ ਸਭ ਕੁਝ ਕਰਦਾ ਹੈ ਕਿ ਇੰਦ੍ਰੀਆਂ ਹੀ ਇੰਦ੍ਰੀਆਂ ਦੇ ਵਿਸ਼ੇ ਵਿਚ ਵਰਤ ਰਹੀਆਂ ਹਨ (ਭਾਵ ਮੈਂ-ਭਾਵ ਨਾਲ ਕੁਝ ਨਹੀਂ ਕਰ ਰਿਹਾ)

ਇਹ ਦੋਨੋਂ ਸ਼ਲੋਕ ਇਕ ਦੂਸਰੇ ਨਾਲ ਜੁੜੇ ਹੋਏ ਹਨ, ਇਕ ਦੂਸਰੇ ਦੇ ਅਨੁਕੂਲ ਹਨ ਇਕ ਹੀ ਭਾਵ ਪ੍ਰਗਟ ਕਰਦੇ ਹਨ, ਜਗਿਆਸੂ ਪਹਿਲਾਂ ਗਿਆਨ ਪ੍ਰਾਪਤ ਕਰੇ, ਫੇਰ ਉਸ ਗਿਆਨ ਦਾ ਅਭਿਆਸ ਕਰੇ, ਉਸਦੀ ਵਰਤੋਂ ਕਰੇ। ਅਭਿਆਸ ਨਾਲ ਹਉਮੈ ਧੋਤੀ ਜਾਂਦੀ ਹੈ, ਨਹੀਂ ਤਾਂ ਹਉਮੈ ਚਾਰੋਂ ਪਾਸੇ ਕੰਧਾਂ ਬਣਾ ਲੈਂਦੀ ਹੈ ਤੇ ਆਪਣੀ ਦਿਸ਼ਾ ਭੁੱਲ ਜਾਂਦੀ ਹੈ, ਜਿਹੜਾ ਯੋਗੀ ਆਪਣੀ ਹਉਮੈ ਨੂੰ ਸੋਧ ਲੈਂਦਾ ਹੈ ਉਹ ਆਪਣੀਆਂ ਇੰਦ੍ਰੀਆਂ ਉਤੇ ਪੂਰਾ ਕਾਬੂ ਪਾ ਲੈਂਦਾ ਹੈ, ਫੇਰ ਇੰਦ੍ਰੀਆਂ ਮਨ ਦੇ ਕਾਬੂ ਹੋ ਕੇ ਕੰਮ ਕਰਦੀਆਂ ਹਨ ਤੇ ਮਨ, ਬੁੱਧੀ ਨਾਲ ਮਿਲ ਕੇ ਹਉਮੈ ਨੂੰ ਧੋਣ ਦਾ ਕੰਮ ਕਰਦਾ ਹੈ। ਇਸ ਤਰ੍ਹਾਂ ਪਵਿੱਤਰ ਹੋਈ, ਧੋਤੀ ਹੋਈ ਆਤਮਾ ਪਰਮਾਤਮਾ ਦਾ ਪ੍ਰਤੀਕ ਬਣ ਜਾਂਦੀ ਹੈ।

ਉਹ ਮਹਾਂਪੁਰਸ਼ ਜਿਹੜੇ ਸਤਿ ਜਾਣਦੇ ਹਨ, ਬੈਰਾਗ ਦੇ ਮਾਰਗ ਤੇ ਚਲਦੇ ਹਨ, ਨਿਸ਼ਕਾਮ ਕਰਮ ਕਰਦੇ ਹਨ, ਸੰਸਾਰ ਵਿਚ ਵੀ ਵਿਚਰਦੇ, ਸੰਸਾਰਕ ਕਰਮ ਕਰਦੇ ਹਨ, ਦੇਖਣਾ, ਸੁਣਨਾ, ਸਪਰਸ਼ ਕਰਨਾ, ਖਾਣਾ, ਬੋਲਣਾ ਇਕੱਲੇ ਹੋਣਾ, ਦੂਸਰਿਆਂ ਨਾਲ ਹੋਣਾ, ਜਾਗਦਿਆਂ, ਸੁਪਨੇ ਲੈਂਦਿਆਂ, ਸੌਂਦਿਆਂ, ਇਹ ਸਭ ਕੁਝ ਕਰਦਿਆਂ, ਉਹ ਕੁਝ ਵੀ ਨਹੀਂ ਕਰ ਰਿਹਾ, ਉਹ ਜਾਣਦਾ ਹੈ ਉਹ ਕਰਤਾ ਨਹੀਂ ਹੈ, ਇੰਦ੍ਰੀਆਂ ਆਪਣਾ ਕੰਮ ਕਰ ਰਹੀਆਂ ਹਨ, ਉਹ ਮੈਂ ਭਾਵ ਵਿਚ ਲੀਨ ਹੋ ਕੇ ਕਰਮ ਨਹੀਂ ਕਰ ਰਿਹਾ ਹੈ, ਸੁੱਤੇ ਹੀ ਕਰ ਰਿਹਾ ਹੈ ਜਾਂ ਇਹ ਕਹਿ ਲਵੋ ਉਸ ਤੋਂ ਕਰਾਇਆ ਜਾ ਰਿਹਾ ਹੈ, ਇਕ ਯੋਗੀ ਇਸ ਤਰ੍ਹਾਂ ਕਰਮ ਕਰਦਾ ਹੈ, ਉਹ ਕਰਤਾ ਨਹੀਂ ਹੁੰਦਾ।

10. ਮੋਹ ਨੂੰ ਤਿਆਗ ਕੇ ਜੋ ਕਰਮ ਕਰਦਾ ਹੈ, ਆਪਣੇ ਕਰਮ ਬ੍ਰਹਮ ਦੇ ਅਰਪਣ ਕਰਦਾ ਹੈ, ਉਹ ਪਾਪਾਂ ਤੋਂ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕਮਲ ਦਾ ਪੱਤਾ।

11. ਯੋਗੀ ਆਪਣੇ ਸਰੀਰ ਨਾਲ, ਮਨ ਨਾਲ, ਬੁੱਧੀ ਨਾਲ ਇੰਦ੍ਰੀਆਂ ਨਾਲ ਕਰਮ ਕਰਦਾ ਹੈ, ਮੋਹ ਤੋਂ ਮੁਕਤ ਹੋ ਕੇ ਉਹ ਸਾਰੇ ਕਰਮ ਕਰਦਾ ਹੈ ਅਤੇ ਆਪਣੇ ਆਪ ਨੂੰ ਸ਼ੁਧ ਕਰਦਾ ਹੈ।

12. ਯੁਕਤਾ ਕਰਮ ਫਲ ਨੂੰ ਤਿਆਗ ਕੇ ਪਰਮ ਸ਼ਾਂਤੀ ਪਦ ਦੀ ਪ੍ਰਾਪਤੀ ਕਰਦਾ ਹੈ, ਅਯੁਕਤਾ ਪੁਰਖ ਫਲ ਦੀ ਕਾਮਨਾ ਰੱਖ ਕੇ ਕਰਮ ਕਰਦਾ ਹੈ ਤੇ ਜਨਮ ਮਰਨ ਦੇ ਬੰਨ੍ਹਣ ਵਿਚ ਬੰਨਿਆ ਜਾਂਦਾ ਹੈ।

ਲੋੜ ਹੈ ਇੰਦ੍ਰੀਆਂ ਨੂੰ ਕਾਬੂ ਕਰਨ ਦੀ, ਮਨ ਨੂੰ ਕਾਬੂ ਕਰਨ ਦੀ ਅਤੇ ਉਸ ਪ੍ਰਭੂ ਨੂੰ ਜਾਨਣ ਦੀ, ਪਹਿਚਾਨਣ ਦੀ। ਮੋਹ ਤੋਂ ਛੁਟਕਾਰਾ ਪਾਉਣਾ ਆਵਸ਼ਕ ਹੈ, ਕੇਵਲ ਅਨੁਸ਼ਾਸ਼ਨ ਮੋਹ ਤੋਂ ਮੁਕਤ ਹੋਣ ਲਈ ਕਾਫੀ ਨਹੀਂ, ਕੇਵਲ ਉਹ ਮਨੁੱਖ ਜਿਹੜਾ ਆਪਣੇ ਕਰਮ, ਕਰਮ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਦਾ ਹੈ, ਉਹ ਮੋਹ ਦੇ ਬੰਧਨ ਤੋਂ ਛੁਟ ਜਾਂਦਾ ਹੈ, ਉਹ ਇਕ ਕਮਲ ਫੁੱਲ ਦੀ ਤਰ੍ਹਾਂ ਹੈ, ਕਮਲ ਦਾ ਫੁਲ ਭਾਵੇਂ ਪਾਣੀ ਵਿਚ ਉਗਦਾ ਹੈ ਪਰ ਉਸ ਦੇ ਪੱਤੇ ਪਾਣੀ ਦੀ ਛੋਹ ਤੋਂ ਬੇਲਾਗ ਹੀ ਰਹਿੰਦੇ ਹਨ। ਕਮਲ ਯੋਗ ਦਾ ਚਿੰਨ ਹੈ ਉਹ ਸਾਨੂੰ ਇਹ ਹੀ ਯਾਦ ਕਰਾਉਂਦਾ ਹੈ ਕਿ ਅਸੀਂ ਸੰਸਾਰ ਵਿਚ ਰਹਿੰਦੇ ਹੋਏ ਨਿਰਲਿਪਤ ਰਹੀਏ।

ਬਹੁਤ ਲੋਕੀ ਮੋਹ ਤੇ ਪਿਆਰ ਵਿਚ ਉਲਝ ਜਾਂਦੇ ਹਨ। ਵਾਸਤਵ ਵਿਚ ਮੋਹ ਤੋਂ ਛੁਟਕਾਰਾ ਹੀ ਪਿਆਰ ਹੈ, ਮੋਹ ਲਾਲਸਾ ਹੈ, ਇਕ ਅਮਲ ਹੈ। ਜੇ ਅਸੀਂ ਆਪਣੇ ਸਬੰਧਾਂ ਵਿਚ ਨਿਰਲੇਪ ਹੋ ਜਾਈਏ, ਮੋਹ ਤੋਂ ਰਹਿਤ ਹੋ ਜਾਈਏ, ਅਸੀਂ ਆਪਣੇ ਆਪ ਲਈ ਸਵਰਗ ਬਣਾ ਸਕਦੇ ਹਾਂ, ਅਸੀਂ ਅਨੰਦ ਮੰਡਲ ਵਿਚ ਰਹਿ ਸਕਦੇ ਹਾਂ। ਪਤੀ ਪਤਨੀ ਦੇ ਸਬੰਧ ਵਿਚ ਵੀ ਜੇ ਦੋਨੋਂ ਹੀ ਇਕ ਦੂਸਰੇ ਦੇ ਅੰਦਰ ਪ੍ਰਮਾਤਮਾ ਦੇਖਣ ਲਗ ਪੈਣ ਅਤੇ ਇਸ ਲਈ ਚੇਤਨ ਹੋ ਜਾਣ ਹਰ ਸਮੇਂ ਇਸ ਲਈ ਸਤਰਕ ਰਹਿਣ ਤਾਂ ਆਪਸੀ ਸਬੰਧ ਲਾਲਸਾ ਤੋਂ ਬਦਲ ਕੇ, ਮੋਹ ਤੋਂ ਬਦਲ ਕੇ ਪਿਆਰ ਵਾਲੇ ਬਣ ਜਾਣਗੇ, ਪਰ ਜੇ ਕੇਵਲ ਇੰਦ੍ਰੀਆਂ ਦੇ ਭੋਗਾਂ ਤਕ ਹੀ ਗੱਲ ਰਹਿ ਜਾਣੀ ਹੈ ਤਾਂ ਭੋਗ, ਮੋਹ ਹੋਰ ਵਧੇਗਾ, ਸਬੰਧਾਂ ਨੂੰ ਅਧਿਆਤਮਕ ਪੱਧਰ ਤੇ ਪਹੁੰਚਾਉਣ ਲਈ ਦੋਨਾਂ ਨੂੰ ਜੀਵਨ ਦਾ ਇਕ ਹੀ ਉਦੇਸ਼ ਰਖਣਾ ਪਵੇਗਾ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਗੱਡੀ ਦੇ ਦੋ ਪਹੀਏ ਹੋਣ। ਜਦੋਂ ਇਕੋ ਗੱਡੀ ਦੇ ਦੋਨੋਂ ਪਹੀਏ ਇਕੋ ਜਿਹੇ ਹੋਣ, ਮਾਰਗ ਅਨੰਦਮਈ ਬਣ ਜਾਂਦਾ ਹੈ। ਜਿਹੜਾ ਵੀ ਸਬੰਧ ਪਿਆਰ ਨਾਲ ਜੁੜਿਆ ਹੋਵੇ ਉਹ ਵੀ ਅਨੰਦਮਈ ਬਣ ਜਾਂਦਾ ਹੈ।

ਕ੍ਰਿਸ਼ਨ ਜੀ ਦਸਦੇ ਹਨ ਸਾਰੇ ਕਰਮ ਪੂਜਾ ਕਰਨ ਦੀ ਤਰ੍ਹਾਂ ਵੀ ਕੀਤੇ ਜਾ ਸਕਦੇ ਹਨ, ਸਾਰੇ ਕਰਮਾਂ ਦਾ ਫਲ ਪ੍ਰਭੂ ਨੂੰ ਅਰਪਣ ਕੀਤਾ ਜਾ ਸਕਦਾ ਹੈ, ਜੇ ਸਾਰੇ ਕਰਮ ਪੂਜਾ ਸਮਝ ਕੇ ਕੀਤੇ ਜਾਣ, ਫੇਰ ਉਨ੍ਹਾਂ ਕਰਮਾਂ ਦੇ ਫਲ ਕਿਵੇਂ ਬੰਧਨ ਬਣ ਸਕਦੇ ਹਨ? ਸੁਆਰਥ ਲਈ ਕੀਤੇ ਗਏ ਕਰਮ, ਇੰਦ੍ਰੀਆਂ ਦਾ ਭੋਗ ਭੋਗਣ ਲਈ ਕੀਤੇ ਗਏ ਕਰਮ, ਬੰਧਨ ਬਣ ਜਾਇਆ ਕਰਦੇ ਹਨ। ਜਿਨ੍ਹਾਂ ਨੇ ਕਰਮ ਕਰਕੇ ਫਲ ਅਰਪਣ ਕਰਨਾ ਸਿੱਖ ਲਿਆ ਹੈ, ਜਿਹੜੇ ਵਾਹਿਗੁਰੂ ਨਾਲ ਜੁੜੇ ਰਹਿੰਦੇ ਹਨ, ਉਸ ਦੀ ਹੋਂਦ ਹਰ ਚੀਜ਼ ਵਿਚ ਮਹਿਸੂਸ ਕਰਦੇ ਹਨ, ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹਿੰਦੇ ਹਨ ਜਿਵੇਂ ਕਮਲ ਫੁਲ ਤੇ ਉਸ ਦੀਆਂ ਪੱਤੀਆਂ ਪਾਣੀ ਵਿਚ ਰਹਿੰਦੀਆਂ ਹਨ ਪਰ ਪਾਣੀ ਉਨ੍ਹਾਂ ਨੂੰ ਛੋਂਹਦਾ ਨਹੀਂ।

ਯੋਗੀ ਨਿਸੁਆਰਥੀ ਹੋ ਕੇ ਕਰਮ ਕਰਦੇ ਹਨ। ਉਨ੍ਹਾਂ ਦੇ ਕਰਮ ਫਲ ਪ੍ਰਾਪਤੀ ਲਈ ਨਹੀਂ ਹੁੰਦੇ, ਨਾ ਹੀ ਭੋਗ ਭੋਗਣ ਲਈ ਹੁੰਦੇ ਹਨ, ਨਿਸੁਆਰਥੀ ਯੋਗੀ ਸਦਾ ਹੀ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ, ਉਹ ਮੋਹ ਵਿਚ ਨਹੀਂ ਫਸਦੇ, ਇਹ ਮਾਰਗ ਨਿਸੁਆਰਥ ਪ੍ਰੇਮ ਦਾ ਮਾਰਗ ਹੈ, ਨਿਸੁਆਰਥ ਸੇਵਾ ਦਾ ਮਾਰਗ ਹੈ, ਇਹ ਯੋਗੀ ਮਾਨਵਤਾ ਨੂੰ ਪਿਆਰ ਕਰਦੇ ਹੋਏ ਸ਼ਾਂਤੀ ਦੀ ਸਥਿਰਤਾ ਦੀ ਉਤਮ ਪਦਵੀ ਪ੍ਰਾਪਤ ਕਰ ਲੈਂਦੇ ਹਨ। ਜੋ ਸੁਆਰਥੀ ਹੋ ਕੇ ਕਰਮ ਕਰਦਾ ਹੈ, ਮੋਹ ਵਿਚ ਗ੍ਰਸਿਆ ਹੋਇਆ ਕਰਮ ਕਰਦਾ ਹੈ, ਜੋ ਦੇਣਾ ਨਹੀਂ ਜਾਣਦਾ, ਤਿਆਗ ਨਹੀਂ ਜਾਣਦਾ, ਛੱਡਣਾ ਨਹੀਂ ਜਾਣਦਾ, ਕਰਮਾਂ ਦੇ ਫਲ ਦੀ ਆਸ਼ਾ ਰਖਦਾ ਹੈ, ਉਹ ਬੰਨ੍ਹਿਆ ਜਾਂਦਾ ਹੈ, ਆਵਾਗੌਣ ਦੇ ਚੱਕਰ ਵਿਚ ਬੱਝ ਜਾਂਦਾ ਹੈ।

13. ਸਾਰੇ ਕਰਮ ਸਮਪਰਣ ਕਰਦਾ ਹੋਇਆ, ਆਪਣੇ ਉਤੇ ਪੂਰਾ ਸੰਜਮ ਰਖਦਾ ਹੋਇਆ ਉਹ ਪੂਰਾ ਮਨੋਤਿਆਗ ਕਰਕੇ ਨੌਂ ਦਰਵਾਜ਼ਿਆਂ ਦੇ ਘਰ ਵਿਚ (ਦੇਹ) ਸੁਖ ਆਰਾਮ ਨਾਲ ਰਹਿੰਦਾ ਹੈ, ਨਾ ਉਹ ਆਪ ਕਰਮ ਕਰਦਾ ਹੈ, ਨਾ ਕਿਸੇ ਤੋਂ ਕਰਵਾਉਂਦਾ ਹੈ।

ਨੌਂ ਦਰਵਾਜ਼ਿਆਂ ਤੋਂ ਭਾਵ ਹੈ ਨੌਂ ਦਰਵਾਜ਼ੇ ਜਿਹੜੇ ਬਾਹਰ ਖੁਲ੍ਹਦੇ ਹਨ। ਦੋ ਨਾਸਕਾ, ਦੋ ਕੰਨ, ਦੋ ਅੱਖਾਂ, ਮੂੰਹ ਮਲਮੂਤਰ ਦੇ ਰਸਤੇ, ਇਨ੍ਹਾਂ ਬਾਰੇ ਰਸਾਇਣ ਵਿਚ ਬਹੁਤੀ ਸੋਹਣੀ ਤਰ੍ਹਾਂ ਲਿਖਿਆ ਹੋਇਆ ਹੈ, ਇਨ੍ਹਾਂ ਨੌਂ ਦਰਵਾਜ਼ਿਆਂ ਦੇ ਚੌਕੀਦਾਰ ਇਹੋ ਜਿਹੇ ਬੁਰੇ ਹਨ ਜਿਹੜੇ ਆਪਣੀ ਨਗਰੀ ਦੀ ਰੱਖਿਆ ਕਰਨ ਦੀ ਬਜਾਏ ਲੁਟਾਉਂਦੇ ਹੀ ਰਹਿੰਦੇ ਹਨ। ਇਹ ਦਰਵਾਜ਼ੇ ਖੁਲ੍ਹੇ ਹੀ ਰਖਦੇ ਹਨ, ਸਾਰੇ ਭੋਗ ਭੋਗਦੇ ਹਨ, ਇਨ੍ਹਾਂ ਨੂੰ ਭੋਗ ਹੀ ਭੋਗਣੇ ਆਉਂਦੇ ਹਨ, ਯੋਗੀਆਂ ਦਾ ਇਨ੍ਹਾਂ ਨੌਂ ਦਰਵਾਜ਼ਿਆਂ ਉਤੇ ਪੂਰਾ ਕਾਬੂ ਹੁੰਦਾ ਹੈ। ਉਹ ਇੰਦੀਆਂ ਦੇ ਭੋਗ ਵਿਚ ਨਹੀਂ ਫਸਦੇ ਕਿਉਂਕਿ ਭੋਗ ਹੌਲੀ ਹੌਲੀ ਇਸ ਦੇਹ ਰੂਪੀ ਨਗਰੀ ਨੂੰ ਨਸ਼ਟ ਕਰ ਦਿੰਦੇ ਹਨ, ਇਸ ਨਗਰੀ ਦਾ ਮਾਲਕ ਭਾਵ ਆਤਮਾ ਅੰਦਰ ਸਥਿਤ ਹੈ, ਡੂੰਘੀ ਚੇਤਨਾ ਨਾਲ ਉਸ ਤਕ ਪਹੁੰਚਣ ਦੀ ਥਾਂ ਅਸੀਂ ਹਉਮੈ ਦੀ ਕੰਧ ਉਸਾਰ ਲੈਂਦੇ ਹਾਂ, ਮਾਲਕ ਬਣ ਬੈਠਦੇ ਹਾਂ ਅਤੇ ਆਪਣੇ ਆਪ ਲਈ ਸਮਸਿਆ ਖੜ੍ਹੀ ਕਰ ਲੈਂਦੇ ਹਾਂ।

ਕਿਉਂਕਿ ਅਸੀਂ ਭੋਗਾਂ ਵਿਚ ਲਿਪਟੇ ਪਏ ਹਾਂ, ਭੋਗ ਭੋਗ ਕੇ ਅਸੀਂ ਆਪ ਹੀ ਭੋਗੇ ਜਾਂਦੇ ਹਾਂ, ਹਉਮੈ ਦੀ ਕੰਧ ਸਾਨੂੰ ਆਤਮਾ ਤੋਂ ਅੱਡ ਕਰ ਦਿੰਦੀ ਹੈ, ਉਸੇ ਸੰਤਾਪ ਵਿਚ ਅਸੀਂ ਪਏ ਰਹਿੰਦੇ ਹਾਂ, ਇਹ ਬਿਰਹਾ ਐਨਾ ਦੁਖਦਾਈ ਹੁੰਦਾ ਹੈ ਜਿਸ ਦੀ ਵਿਆਖਿਆ ਕਰਨੀ ਵੀ ਔਖੀ ਹੈ, ਉਸ ਮਨੁੱਖ ਲਈ ਹੋਰ ਵੀ ਔਖਾ ਹੋ ਜਾਂਦਾ ਹੈ ਜਿਹੜਾ ਇਸ ਗੱਲ ਦੀ ਸੋਝੀ ਰਖਦਾ ਹੋਵੇ ਭਾਵ ਜਿਸ ਨੂੰ ਪਤਾ ਹੋਵੇ ਉਹ ਆਤਮਾ ਤੋਂ ਵਿਛੜਿਆ ਹੋਇਆ ਹੈ। ਯੋਗੀ ਇਹ ਪੂਰੀ ਤਰ੍ਹਾਂ ਜਾਣਦਾ ਹੈ ਕਿ ਨੌਂ ਦਰਵਾਜ਼ਿਆਂ ਦੇ ਭੋਗ ਹੀ ਹਉਮੈ ਦਾ ਵੱਡਾ ਕਾਰਣ ਹਨ, ਉਹ ਇਨ੍ਹਾਂ ਨੌਂ ਦਰਵਾਜ਼ਿਆਂ ਨੂੰ ਇੱਛਾ ਸ਼ਕਤੀ ਨਾਲ ਬੰਦ ਕਰ ਲੈਂਦਾ ਹੈ ਤੇ ਆਪਣੇ ਆਪ ਉਤੇ ਪੂਰਾ ਸੰਜਮ ਰਖਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਨੌਂ ਦਰਵਾਜ਼ੇ ਵਿਘਨ ਨਹੀਂ ਬਣਦੇ, ਸੰਤਾਪ ਨਹੀਂ ਬਣਦੇ, ਸਤਿ ਨੂੰ ਜਾਣ ਕੇ ਸਾਰੇ ਵਿਘਨਾਂ ਦਾ ਨਾਸ ਕਰਕੇ ਯੋਗੀ ਹਉਮੈ ਤੇ ਕਾਬੂ ਪਾ ਲੈਂਦਾ ਹੈ ਤੇ ਨਿਰਲੇਪ ਹੋ ਜਾਂਦਾ ਹੈ। ਉਸ ਦੀ ਸ਼ਾਂਤੀ ਸਥਾਈ ਹੁੰਦੀ ਹੈ।

ਇਸ ਸਰੀਰ ਰੂਪੀ ਨਗਰੀ ਦੇ ਦਸ ਦਰਵਾਜ਼ੇ ਹਨ, ਨੌਂ ਦਰਵਾਜ਼ਿਆਂ ਦਾ ਤਾਂ ਸਭ ਨੂੰ ਪਤਾ ਹੀ ਹੈ, ਦਸਵਾਂ ਗੁਪਤ ਹੈ, ਉਸਦਾ ਪਤਾ ਜਾਂ ਤਾਂ ਪੁਜੇ ਹੋਏ ਤੱਤ ਬੇਤੇ ਮਹਾਂਪੁਰਖਾਂ ਨੂੰ ਹੈ ਜਾਂ ਯੋਗੀਆਂ ਨੂੰ। ਉਸ ਨੂੰ ਬ੍ਰਹਮ ਰਾਂਦਰਾ (Brahma randhra the jontanel or soft spot on the crown of the head) ਇਸ ਦੀਆਂ ਕ੍ਰਿਆ ਕੇਵਲ ਯੋਗੀ ਤੇ ਤੱਤ ਬੇਤੇ ਮਹਾਂਪੁਰਖ ਹੀ ਜਾਣਦੇ ਹਨ। ਜਦੋਂ ਪ੍ਰਾਣ ਆਪਣੀ ਕ੍ਰਿਆ ਛੱਡ ਦਿੰਦੇ ਹਨ, ਸਰੀਰ ਢਹਿ ਢੇਰੀ ਹੋ ਜਾਂਦਾ ਹੈ, ਜੀਵਨ ਦਾ ਅੰਤ ਹੋ ਜਾਂਦਾ ਹੈ ਜਿਸ ਨੂੰ ਆਮ ਮਨੁੱਖ ਮੌਤ ਕਹਿੰਦਾ ਹੈ। ਪ੍ਰਾਣਾਂ ਦੇ ਬਣੇ ਹੋਏ ਪੁਲ ਤੋਂ ਬਿਨਾਂ ਜੀਵਨ ਦੇ ਦੋ ਵੱਖ ਵੱਖ ਹਿੱਸੇ ਹਨ ਇਕ ਹਿੱਸਾ ਆਤਮਾ ਤੇ ਅਚੇਤ ਮਨ ਹੈ, ਦੂਸਰਾ ਹਿੱਸਾ ਚੇਤਨ ਮਨ, ਇੰਦ੍ਰੀਆਂ ਅਤੇ ਸਰੀਰ ਹੈ। ਇਹ ਵਾਸਤਵ ਵਿਚ ਮੌਤ ਨਹੀਂ, ਇਹ ਤਾਂ ਵਿਛੋੜਾ ਹੈ, ਜਿਹੜੇ ਸਮਝਦੇ ਹਨ ਕਿ ਮਰ ਕੇ ਉਹ ਆਪਣੇ ਹਾਲਾਤ ਤੋਂ ਛੁਟਕਾਰਾ ਪਾ ਲੈਣਗੇ ਉਹ ਬਹੁਤ ਵੱਡੇ ਭੁਲੇਖੇ ਵਿਚ ਹਨ, ਉਹ ਇਹੋ ਜਿਹੀ ਗੱਲ ਦੀ ਇੱਛਾ ਕਰ ਰਹੇ ਹਨ ਜੋ ਕਦੀ ਹੋ ਹੀ ਨਹੀਂ ਸਕਦੀ, ਉਨ੍ਹਾਂ

ਨੂੰ ਇਹ ਸਭ ਸੋਚਣ ਦੀ ਥਾਂ ਆਪਣਾ ਕਰਮ ਕਰਨਾ ਚਾਹੀਦਾ ਹੈ, ਆਪਣੇ ਪੂਰੇ ਤਾਣ ਨਾਲ ਸੰਸਾਰ ਦੇ ਕੰਮ ਕਾਜ ਕਰਨੇ ਚਾਹੀਦੇ ਹਨ। ਜਦੋਂ ਤੁਹਾਡੀ ਛੋਟੀ ਗਲੀ ਹੁੰਦੀ ਹੈ, ਤੁਸੀਂ ਪੂਰਾ ਰਾਹ ਨਹੀਂ ਦੇਖ ਸਕਦੇ। ਮੌਤ ਕਪੜੇ ਬਦਲਣ ਦੀ ਤਰ੍ਹਾਂ ਹੈ, ਅੰਤ ਨਹੀਂ, ਗਿਆਨੀ ਕਦੀ ਵੀ ਮੌਤ ਤੋਂ ਨਹੀਂ ਡਰਦਾ, ਮੌਤ ਦਾ ਡਰ ਕੇਵਲ ਅਗਿਆਨੀ ਦੇ ਮਨ ਦਾ ਹੀ ਹੈ। ਗਿਆਨੀ ਜਾਣਦਾ ਹੈ ਉਹ ਨਾ ਕਦੀ ਜੰਮਿਆ ਸੀ, ਨਾ ਕਦੀ ਮਰੇਗਾ, ਜਦੋਂ ਵੀ ਕੋਈ ਯੋਗੀ ਜਾ ਪਹੁੰਚਿਆ ਮਹਾਂਪੁਰਖ ਸਰੀਰ ਛੱਡਦੇ ਹਨ, ਉਹ ਆਪਣੇ ਪ੍ਰਾਣ ਦਸਮ ਦੁਆਰ ਤੋਂ ਹੀ ਛਡਦੇ ਹਨ, ਉਹ ਇਥੇ ਦਾ ਅਤੇ ਅੱਗੇ ਦਾ ਜੀਵਨ ਦੇਖ ਸਕਦੇ ਹਨ। ਯੋਗੀ ਵਾਸਤੇ ਇਥੇ ਦੇ ਜੀਵਨ ਅਤੇ ਅਗਲੇ ਜੀਵਨ ਦਾ ਕੋਈ ਰਹੱਸ ਨਹੀਂ। ਉਹ ਇਸ ਦਾ ਹਿੱਸਾ ਹੁੰਦਿਆਂ ਹੋਇਆਂ ਉਸ ਉਤੇ ਕਿਸੇ ਚੀਜ਼ ਦਾ ਪ੍ਰਭਾਵ ਨਹੀਂ ਪੈਂਦਾ, ਮਰਨ ਦਾ ਵੀ ਕੋਈ ਫਰਕ ਨਹੀਂ ਪੈਂਦਾ, ਉਹ ਤਾਂ ਸਤਿ ਚਿਤ ਤੇ ਅਨੰਦ ਹੈ, ਆਮ ਮਨੁੱਖ ਨੂੰ ਦਸਮ ਦੁਆਰ ਦਾ ਕੁਝ ਨਹੀਂ ਪਤਾ। ਉਹ ਤਾਂ ਨੌਂ ਦਰਵਾਜ਼ਿਆਂ ਦੇ ਭੋਗਾਂ ਵਿਚ ਹੀ ਰੁਝੇ ਹੋਏ ਹਨ। ਇਸ ਤਰ੍ਹਾਂ ਰੁਝੇ ਹੀ ਉਹ ਇਸ ਸੰਸਾਰ ਤੋਂ ਤੁਰ ਜਾਂਦੇ ਹਨ, ਮੋਹ ਵਿਚ ਫਸੇ ਹੋਏ, ਭੋਗਾਂ ਵਿਚ ਗੁਲਤਾਨ, ਉਹ ਸਦਾ ਹੀ ਦੁਖੀ ਰਹਿੰਦੇ ਹਨ, ਇਥੇ ਵੀ ਦੁਖੀ ਰਹਿੰਦੇ ਹਨ, ਇਥੋਂ ਜਾ ਕੇ ਅੱਗੇ ਵੀ ਦੁਖੀ ਰਹਿੰਦੇ ਹਨ, ਉਹ ਆਪਣਾ ਦੁਖ ਸੰਤਾਪ ਨਾਲ ਹੀ ਚੁਕੀ ਫਿਰਦੇ ਹਨ।

14. ਪ੍ਰਭੂ ਨਾ ਤਾਂ ਕਰਮਾਂ ਦਾ ਰਚਤਾ ਹੈ, ਨਾ ਕਰਮਾਂ ਦੇ ਫਲ ਦਾ ਰਚਤਾ, ਇਹ ਸਭ ਤਾਂ ਪ੍ਰਕ੍ਰਿਤੀ ਦਾ ਖੇਲ੍ਹ ਹੈ।

15. ਸਰਵਤਰ ਵਿਚ ਰਮਿਆ ਅਰਥਾਤ ਪ੍ਰਮਾਤਮਾ ਨਾ ਕਿਸੇ ਦੇ ਚੰਗੇ ਕਰਮ ਲੈਂਦਾ ਹੈ, ਨਾ ਹੀ ਕਿਸੇ ਦੇ ਪਾਪ ਲੈਂਦਾ ਹੈ, ਅਗਿਆਨ ਨੇ ਗਿਆਨ ਤੇ ਪੜਦਾ ਪਾਇਆ ਹੋਇਆ ਹੈ ਇਸ ਕਰਕੇ ਹੀ ਮਨੁੱਖ ਮੋਹ ਵਿਚ ਫਸਿਆ ਹੋਇਆ ਹੈ।

16. ਜਿਨ੍ਹਾਂ ਦਾ ਅਗਿਆਨ ਆਤਮ ਗਿਆਨ ਰਾਹੀਂ ਦੂਰ ਹੋ ਗਿਆ ਹੈ, ਉਨ੍ਹਾਂ ਵਿਚ ਉਸ ਇਕ ਦਾ, ਪ੍ਰਮਾਤਮਾ ਦਾ ਪ੍ਰਕਾਸ਼ ਸੂਰਜ ਦੀ ਤਰ੍ਹਾਂ ਹੋ ਗਿਆ ਹੈ।

17. ਜਿਨ੍ਹਾਂ ਦੀ ਬੁੱਧੀ ਉਸ ਵਿਚ ਵਸਦੀ ਹੈ ਜਿਹੜੇ ਉਸ ਨਾਲ ਅਭੇਦ ਹੋ ਗਏ ਹਨ ਜਿਨ੍ਹਾਂ ਦਾ ਉਸ ਇਕ ਉਪਰ ਪੂਰਾ ਭਰੋਸਾ ਹੈ, ਉਸੇ ਦੇ ਹੀ ਹੋ ਗਏ ਹਨ। ਜਿਨ੍ਹਾਂ ਦੇ ਪਾਪ ਗਿਆਨ ਜਾਲ ਨਸ਼ਟ ਹੋ ਗਏ ਹਨ, ਉਹ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਗਏ ਹਨ ਭਾਵ ਛੁਟ ਗਏ ਹਨ।

ਚੌਦਵੇਂ ਸ਼ਲੋਕ ਵਿਚ ਪ੍ਰਭੂ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਇਸ ਸ਼ਬਦ ਦੀ ਵਰਤੋਂ ਉਸ ਲਈ ਕੀਤੀ ਜਾਂਦੀ ਹੈ ਜਿਸ ਨੇ ਆਪਣੇ ਆਪ ਨੂੰ ਜਿੱਤ ਲਿਆ ਹੋਵੇ, ਆਪਣੇ ਉਤੇ ਪੂਰਾ ਕਾਬੂ ਪਾ ਲਿਆ ਹੋਵੇ। ਇਹੋ ਜਿਹਾ ਯੋਗੀ ਇਹ ਜਾਣ ਜਾਂਦਾ ਹੈ ਕਿ ਉਸ ਦੇ ਕਰਮ ਤੇ ਉਸ ਦੀ ਆਤਮਾ ਦਾ ਕੋਈ ਸਬੰਧ ਨਹੀਂ ਹੈ, ਭਾਵੇਂ ਚੰਗੇ ਕਰਮ ਹੋਣ, ਭਾਵੇਂ ਮੰਦੇ, ਮਨੁੱਖ ਨਾ ਤਾਂ ਕਰਤਾ ਹੈ, ਨਾ ਹੀ ਕਿਸੇ ਦੇ ਕਰਮਾਂ ਦਾ ਉਹ ਜ਼ਿੰਮੇਵਾਰ ਹੈ, ਨਾ ਹੀ ਕਰਮਾਂ ਦੇ ਫਲ ਦਾ। ਕਰਮ ਤਾਂ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣਾਂ ਦੇ ਪ੍ਰਭਾਵ ਨਾਲ ਇਨ੍ਹਾਂ ਦੇ ਮਿਸ਼ਰਨ ਨਾਲ ਹੁੰਦੇ ਹਨ।

ਅਗਿਆਨ ਦੇ ਕਾਰਣ ਮਨੁੱਖ ਦੇ ਗਿਆਨ ਤੇ ਪੜਦਾ ਪਿਆ ਰਹਿੰਦਾ ਹੈ ਜਿਸ ਕਰਕੇ ਮਨੁੱਖ ਉਲਝਿਆ ਰਹਿੰਦਾ ਹੈ, ਭਰਮਿਆ ਰਹਿੰਦਾ ਹੈ ਤੇ ਬਹੁਤ ਸਾਰੇ ਕਰਮ ਉਸ ਉਲਝੀ ਹੋਈ ਅਵਸਥਾ ਵਿਚ ਹੀ ਕਰਦਾ ਰਹਿੰਦਾ ਹੈ, ਬੱਦਲ ਸੂਰਜ ਨੂੰ ਥੋੜ੍ਹੀ ਦੇਰ ਵਾਸਤੇ ਢੱਕ ਸਕਦੇ ਹਨ ਤੇ ਥੋੜ੍ਹੀ ਦੇਰ ਵਾਸਤੇ ਸਾਨੂੰ ਬਹੁਤ ਵਾਰੀ ਸੂਰਜ ਦਿਸਦਾ ਨਹੀਂ। ਜਦੋਂ ਬੱਦਲ ਖਤਮ ਹੋ ਜਾਂਦੇ ਹਨ, ਸੂਰਜ ਦੀਆਂ ਕਿਰਨਾਂ ਆਪਣਾ ਚਾਨਣ ਦੇਣ ਲਗ ਜਾਂਦੀਆਂ ਹਨ, ਸੂਰਜ ਦਿਸਣ ਲਗ ਪੈਂਦਾ ਹੈ। ਜਿਵੇਂ ਸੂਰਜ ਥੋੜ੍ਹੀ ਦੇਰ ਵਾਸਤੇ ਢਕਿਆ ਜਾਂਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਅਗਿਆਨ ਉਸ ਅਸੀਮ ਨੂੰ ਨਹੀਂ ਦੇਖਣ ਦਿੰਦਾ, ਅਗਿਆਨ ਦਾ ਪੜ੍ਹਦਾ ਮਨੁੱਖ ਦੇ ਅਤੇ ਉਸ ਅਸੀਮ ਦੇ ਵਿਚਕਾਰ ਪੈ ਜਾਂਦਾ ਹੈ, ਅਗਿਆਨ ਦਾ ਹਨ੍ਹੇਰਾ ਨਵਿਰਤ ਕਰਨ ਲਈ ਗਿਆਨ ਦੀ ਲੋੜ ਹੈ, ਸਾਧਨਾ ਦੀ ਲੋੜ ਹੈ। ਸਾਰਾ ਪਸਾਰਾ ਗੁਣਾਂ ਦਾ ਹੈ, ਆਤਮਾ ਦਾ ਕੋਈ ਪਸਾਰਾ ਨਹੀਂ, ਆਤਮਾ ਇਕ ਮਾਲਕ ਦੀ ਤਰ੍ਹਾਂ ਹੈ ਤੇ ਤਿੰਨ ਗੁਣ ਇਸ ਦੇ ਕਰਮਚਾਰੀ ਹਨ, ਪ੍ਰਕ੍ਰਿਤੀ ਵੀ ਮਾਲਕ ਦੀ ਇੱਛਾ ਅਨੁਸਾਰ ਹੀ ਕੰਮ ਕਰਦੀ ਹੈ, ਆਤਮਾ ਅਨੁਸਾਰ ਕੰਮ ਕਰਦੀ ਹੈ, ਆਤਮਾ ਬਿਲਕੁਲ ਵੱਖ ਹੀ ਰਹਿੰਦੀ ਹੈ, ਬ੍ਰਹਮ ਦੀ ਰਚਨਾ, ਸ੍ਰਿਸ਼ਟੀ ਦੀ ਰਚਨਾ, ਉਹ ਮਨੁੱਖ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਜਿਹੜਾ ਇਹ ਜਾਣਦਾ ਹੋਵੇ 'ਏਕੋਹਮ ਬਹੋ ਸਿਆਮ' ਭਾਵ ਸਭ ਵਿਚ ਇਕੋ ਦਾ ਹੀ ਪਸਾਰਾ ਹੈ। ਕੋਈ ਪ੍ਰਕ੍ਰਿਤੀ ਨਹੀਂ ਹੈ, ਕੋਈ ਹੋਰ ਦੂਸਰਾ ਹੈ ਹੀ ਨਹੀਂ, ਦੂਸਰੇ ਦੀ ਕੋਈ ਥਾਂ ਹੀ ਨਹੀਂ, ਕੇਵਲ ਇਕ ਹੀ ਪਰੀਪੂਰਨ ਹੈ, ਕੋਈ ਵੀ ਚੀਜ਼ ਆਪਣੇ ਆਪ ਵਿਚ ਸੰਪੂਰਨ ਨਹੀਂ ਹੈ, ਸੰਪੂਰਨ ਕੇਵਲ ਉਹ ਆਪ ਹੀ ਹੈ, ਜਿਹੜੇ ਦ੍ਵੈਤ ਵਿਚ ਵਿਸ਼ਵਾਸ਼ ਰਖਦੇ ਹਨ, ਉਹ ਤੱਤ ਦੀ ਡੂੰਘਾਈ ਤਕ ਪਹੁੰਚ ਹੀ ਨਹੀਂ ਸਕਦੇ, ਉਸ ਇਕ ਦਾ ਅਭਾਸ ਕਰ ਹੀ ਨਹੀਂ ਸਕਦੇ, ਉਹ ਸੋਚ ਹੀ ਨਹੀਂ ਸਕਦੇ, ਇਹ ਹੀ ਪਰੀਪੂਰਨ ਹੈ, ਦੂਸਰਾ ਹੈ ਹੀ ਕੋਈ ਨਹੀਂ, ਦੂਸਰੇ ਦੀ ਕੋਈ ਥਾਂ ਹੀ ਨਹੀਂ। ਇਕ ਹੀ ਅਨੇਕ ਰੂਪ ਧਾਰ ਕੇ ਵਿਚਰ ਰਿਹਾ ਹੈ, ਉਹ ਇਕ ਹੀ ਪਰੀਪੂਰਨਤਾ ਹੈ, ਉਹ ਆਪ ਹੀ ਪਰੀਪੂਰਨ ਹੁੰਦਿਆਂ ਹੋਇਆਂ ਆਪਣੀ ਸ਼ਾਨ ਦਾ ਪਸਾਰਾ ਕਰ ਰਿਹਾ ਹੈ।

ਦ੍ਵੈਤ ਵਿਚ ਵਿਸ਼ਵਾਸ਼ ਰੱਖਣ ਵਾਲੇ ਕਹਿੰਦੇ ਹਨ ਕਿ ਤੁਹਾਡੇ ਪਾਪ, ਗੁਨਾਹ ਗਲਤੀਆਂ ਪਰਮਾਤਮਾ ਖਤਮ ਕਰ ਸਕਦਾ ਹੈ, ਤੁਹਾਨੂੰ ਸ਼ੁਧ ਕਰ ਸਕਦਾ ਹੈ, ਉਹ ਸਵੈ-ਕੇਂਦ੍ਰਿਤ ਅਰਦਾਸ ਕਰਦੇ ਹਨ ਅਤੇ ਇਸ ਭਰੋਸੇ ਨਾਲ ਅਰਦਾਸ ਕਰਦੇ ਹਨ ਕਿ ਉਨ੍ਹਾਂ ਦੇ ਪਾਪ ਪ੍ਰਮਾਤਮਾ ਧੋ ਦੇਵੇਗਾ। ਮਜ਼੍ਹਬ ਦੇ ਆਗੂਆਂ ਨੇ ਇਕ ਤਰੀਕਾ ਬਣਾਇਆ ਹੈ ਜਿਸ ਨਾਲ ਜੇ ਤੁਸੀਂ ਕੀਤੇ ਹੋਏ ਪਾਪਾਂ ਦੀ ਮਨੌਤ ਕਰ ਲਵੋ ਭਾਵ ਉਨ੍ਹਾਂ ਦਾ ਇਕਬਾਲ ਕਰ ਲਵੋ, ਤਾਂ ਇਹ ਪਾਪ ਮੁੱਕ ਜਾਂਦੇ ਹਨ। ਉਸ ਦਾ ਪ੍ਰਭਾਵ ਇਕ ਚਿਕਿਤਸਾ ਦਾ ਹੁੰਦਾ ਹੈ ਪਰ ਉਸ ਨਾਲ ਤੁਹਾਡੇ ਮਨ ਦਾ ਹਨ੍ਹੇਰਾ ਨਹੀਂ ਖਤਮ ਹੁੰਦਾ। ਜਦੋਂ ਤੁਸੀਂ ਇਹ ਮੰਨਦੇ ਹੋ, ਵਿਸ਼ਵਾਸ਼ ਰਖਦੇ ਹੋ ਕਿ ਪਾਪ ਹੈ, ਮੈਂ ਪਾਪ ਕੀਤਾ ਹੈ ਉਸ ਨਾਲ ਤੁਸੀਂ ਇਹ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਤੁਸੀਂ ਪਾਪ ਕੀਤਾ ਹੈ, ਉਹ ਭਾਵ ਫੇਰ ਤੁਹਾਡੇ ਮਨ ਵਿਚ ਚਲਾ ਜਾਂਦਾ ਹੈ, ਜਦੋਂ ਇਹ ਪਾਪ ਦੀ ਭਾਵਨਾ ਮਨ ਵਿਚ ਜਾਂਦੀ ਹੈ, ਤੁਸੀਂ ਉਦਾਸ ਹੋ ਜਾਂਦੇ ਹੋ, ਨਿਰਉਤਸਾਹਤ

ਹੋ ਜਾਂਦੇ ਹੋ, ਆਪਣੇ ਅੰਦਰ ਹੀਣ ਭਾਵਨਾ ਮਹਿਸੂਸ ਕਰਦੇ ਹੋ। ਪਾਪ ਨੂੰ ਮਹਿਸੂਸ ਕਰਕੇ ਪਛਤਾਉਂਦੇ ਹੋ। ਪਾਪ ਦਾ ਅਹਿਸਾਸ ਕਰਕੇ ਪਛਤਾਉਣਾ ਬੁਰੀ ਗੱਲ ਹੈ, ਉਹ ਅਹਿਸਾਸ ਤੁਹਾਨੂੰ ਹੀਣ ਭਾਵਨਾ ਦਾ ਸ਼ਿਕਾਰ ਬਣਾ ਦਿੰਦਾ ਹੈ, ਇਸ ਨਾਲ ਤੁਹਾਡੀ ਸਮਸਿਆ ਹੋਰ ਗੰਭੀਰ ਹੋ ਜਾਂਦੀ ਹੈ, ਆਪਣੇ ਪਾਪਾਂ ਦਾ ਇਕਬਾਲ ਕਰਕੇ ਖਿਮਾਂ ਮੰਗਣ ਨਾਲ ਤੁਸੀਂ ਅੱਛਾ ਮਹਿਸੂਸ ਕਰਦੇ ਹੋ, ਹਲਕੇ ਮਹਿਸੂਸ ਕਰਦੇ ਹੋ, ਸ਼ੁਧ ਮਹਿਸੂਸ ਕਰਦੇ ਹੋ ਪਰ ਲੋੜ ਹੁੰਦੀ ਹੈ ਆਪਣੇ ਆਪ ਨੂੰ ਬਦਲਣ ਦੀ, ਆਪਣੀ ਹੋਂਦ ਨੂੰ ਬਦਲਣ ਦੀ ਤਾਂ ਜੋ ਉਹ ਕੰਮ, ਉਹ ਕ੍ਰਿਆ ਦੁਬਾਰਾ ਨਾ ਕੀਤੀ ਜਾਵੇ, ਅਰਦਾਸ ਕਰਨ ਨਾਲ ਅੰਦਰ ਸ਼ਕਤੀ ਆ ਗਈ ਮਹਿਸੂਸ ਹੁੰਦੀ ਹੈ, ਉਹ ਤੁਹਾਡੀ ਸਹਾਇਕ ਹੁੰਦੀ ਹੈ ਪਰ ਸਭ ਤੋਂ ਵੱਧ ਲੋੜ ਹੈ ਆਪਣੀ ਇੱਛਾ ਸ਼ਕਤੀ ਨੂੰ ਬਲਵਾਨ ਬਣਾਉਣਾ, ਐਨਾ ਉਚਾ ਤੇ ਬਲਵਾਨ ਬਣਾਉਣਾ ਕਿ ਤੁਸੀਂ ਆਪਣਾ ਆਪ ਬਦਲ ਸਕੋ, ਗਲਤ ਕੰਮ ਛੱਡ ਕੇ ਠੀਕ ਕੰਮ ਕਰ ਸਕੋ, ਆਪਣੇ ਵਿਹਾਰ ਬਦਲ ਸਕੋ। ਜਦੋਂ ਤੁਹਾਡੇ ਕੋਲ ਇੱਛਾ ਸ਼ਕਤੀ ਹੋਵੇ ਤੁਸੀਂ ਬੋਲਣ ਲਈ ਦ੍ਰਿੜ੍ਹ ਹੋਵੋ ਫੇਰ ਅੰਦਰ ਦੀ ਸ਼ਕਤੀ, ਅਰਦਾਸ ਨਾਲ ਪ੍ਰਾਪਤ ਸ਼ਕਤੀ ਵਧੇਰੇ ਸਹਾਇਕ ਹੁੰਦੀ ਹੈ, ਮਨੁੱਖ ਕੋਲ ਸੁਤੰਤਰ ਇੱਛਾ ਹੁੰਦੀ ਹੈ ਪਰ ਕੇਵਲ ਪੰਜਾਹ ਪ੍ਰਤੀਸ਼ਤ। ਬਾਕੀ ਦਾ ਪੰਜਾਹ ਪ੍ਰਤੀਸ਼ਤ ਵੀ ਤੁਸੀਂ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ ਇਹ ਬੁੱਝ ਲਵੋ ਕਿ ਇਹ ਪੰਜਾਹ ਪ੍ਰਤੀਸ਼ਤ ਇੱਛਾ ਤੁਹਾਡੀ ਹੋਂਦ ਦੀ ਡੂੰਘਾਈ ਵਿਚ ਪਈ ਹੈ, ਤੁਹਾਡੀ ਹੋਂਦ ਦੀ ਗਹਿਰਾਈ ਵਿਚ ਪਈ ਹੈ, ਸਿਰਫ ਆਪਣੇ ਪਾਪਾਂ ਦੀ ਮਨੌਤ ਕਰ ਲੈਣੀ, ਪਾਦਰੀ ਕੋਲ ਜਾ ਕੇ ਆਪਣੇ ਪਾਪਾਂ ਦਾ ਇਕਬਾਲ ਕਰ ਲੈਣਾ, ਦੋਸਤਾਂ ਮਿਤਰਾਂ ਨਾਲ ਗੱਲ ਕਰਕੇ ਆਪਣੇ ਆਪ ਨੂੰ ਹਲਕਾ ਕਰ ਲੈਣਾ ਇਕ ਵਖਰੀ ਗੱਲ ਹੈ, ਤੁਸੀਂ ਹਲਕਾ ਮਹਿਸੂਸ ਕਰਦੇ ਹੋ ਪਰ ਇਹ ਕਰਕੇ ਤੁਸੀਂ ਅੱਗੋਂ ਨਾ ਕਰਨ ਦੀ ਤਾਕਤ ਹਾਸਲ ਨਹੀਂ ਕਰਦੇ, ਅੱਗੋਂ ਨਾ ਕਰਨ ਦੀ ਦ੍ਰਿੜ੍ਹਤਾ ਨਹੀਂ ਰਖਦੇ। ਸਵੈ ਕਾਬੂ ਕਰਕੇ, ਆਤਮ ਸੰਜਮ ਕਰਕੇ ਨਾਲ ਹੀ ਅਰਦਾਸ ਕਰਕੇ ਤੁਸੀਂ ਆਪਣੇ ਅੰਦਰ ਦੀ ਸ਼ਕਤੀ ਦਾ ਅਹਿਸਾਸ ਕਰਦੇ ਹੋ, ਸ਼ਕਤੀ ਦੇ ਸੋਮੇ ਦਾ ਅਹਿਸਾਸ ਕਰਦੇ ਹੋ, ਇਨ੍ਹਾਂ ਦੋਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ - ਅੰਦਰ ਦੀ ਸ਼ਕਤੀ ਦੀ ਅਤੇ ਅਰਦਾਸ ਦੀ। ਪ੍ਰਮਾਤਮਾ ਕਿਵੇਂ ਤੁਹਾਡੇ ਪਾਪਾਂ ਦੀ ਤੇ ਗਲਤੀਆਂ ਦੀ ਜ਼ਿੰਮੇਵਾਰੀ ਲੈ ਸਕਦਾ ਹੈ? ਇਹ ਤਾਂ ਇਕ ਅਗਿਆਨੀ ਦੀ ਫਿਲੋਸਫੀ ਹੈ, ਆਮ ਮਨੁੱਖ ਬਹੁਤ ਹੀ ਲਾਪਰਵਾਹ ਹੋ ਜਾਂਦੇ ਹਨ, ਉਹ ਆਪਣੀਆਂ ਡਿਊਟੀਆਂ ਠੀਕ ਤਰ੍ਹਾਂ ਨਹੀਂ ਕਰਦੇ। ਜਿਹੜੇ ਕੰਮ ਉਨ੍ਹਾਂ ਦੇ ਗੋਚਰੇ ਲੱਗੇ ਹੁੰਦੇ ਹਨ, ਉਹ ਧਿਆਨ ਨਹੀਂ ਦਿੰਦੇ। ਫੇਰ ਉਹ ਚਰਚਾਂ ਵਿਚ ਜਾਂਦੇ ਹਨ, ਮੰਦਰਾਂ ਵਿਚ ਜਾਂਦੇ ਹਨ, ਗੁਰਦਵਾਰਿਆਂ ਵਿਚ ਜਾਂਦੇ ਹਨ ਹੋਰ ਪਵਿੱਤਰ ਅਸਥਾਨਾਂ ਤੇ ਜਾਂਦੇ ਹਨ ਤੇ ਸੋਚਦੇ ਹਨ ਕਿ ਉਨ੍ਹਾਂ ਦੇ ਪਾਪ ਧੋਤੇ ਜਾਣਗੇ, ਉਹ ਕੇਵਲ ਇਕ ਤਸੱਲੀ ਹੈ, ਉਹ ਇਕ ਮਨੋਵਿਗਿਆਨਕ ਪੱਖੋ ਠੀਕ ਹੈ ਪਰ ਉਹ ਕੋਈ ਸਥਾਈ ਇਲਾਜ ਨਹੀਂ ਹੈ।

ਇਕ ਯੋਗੀ ਸਾਧਨਾ ਦੇ ਮਾਰਗ ਤੇ ਚਲਦਿਆਂ ਇਹ ਭਲੀ ਭਾਂਤੀ ਜਾਣਦਾ ਹੈ ਕਿ ਉਸਦੇ ਸੰਸਕਾਰ ਉਸ ਨੂੰ ਉਹ ਕੁਝ ਕਰਨ ਲਈ ਪ੍ਰੇਰਨਾ ਦਿੰਦੇ ਹਨ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ, ਇਸ ਕਰਕੇ ਗਿਆਨ ਦੇ ਨਾਲ ਨਾਲ ਆਤਮ ਸੰਜਮ ਵੀ ਅਵਸ਼ਕ ਹੈ, ਬਹੁਤ ਸਾਰੇ ਸਾਧਕ ਆਤਮ ਸੰਜਮ ਨੂੰ, ਮਨੋਬ੍ਰਿਤੀ, ਭਾਵਨਾਵਾਂ ਨੂੰ ਦਬਾਉਣ ਦੇ ਬਰਾਬਰ ਸਮਝਣ ਲਗ ਪੈਂਦੇ ਹਨ ਪਰ ਇਹ ਠੀਕ ਨਹੀਂ, ਸਾਰੇ ਦਬੇ ਹੋਏ ਭਾਵ ਡੂੰਘੇ ਦਬੇ ਹੋਏ ਜਾ ਓਪਰੇ, ਸਾਰਿਆਂ ਨੂੰ ਹੀ ਬਾਹਰ ਕੱਢ ਕੇ ਗਿਆਨ ਦੀ ਅਗਨੀ ਵਿਚ ਸੁਆਹ ਕੀਤਾ ਜਾਂਦਾ ਹੈ, ਆਤਮ ਸੰਜਮ ਇਕ ਚੇਤਨ ਕ੍ਰਿਆ ਹੈ ਜੋ ਬੜੀ ਸੋਚ ਸਮਝ ਕੇ ਕੀਤੀ ਜਾਂਦੀ ਹੈ, ਇਹ ਦਬੇ ਹੋਏ ਭਾਵਾਂ ਤੋਂ, ਸੰਵੇਗਾਂ ਤੋਂ ਛੁਟਕਾਰਾ ਪਾਉਣ ਵਾਸਤੇ ਹੀ ਹੈ। ਸਾਧਨਾ ਨਾਲ ਯੋਗੀ ਗਿਆਨ ਦੀ ਜੋਤੀ ਜਗਾ ਸਕਦਾ ਹੈ ਤੇ ਪੁਰਾਣੇ ਸੰਸਕਾਰ ਭਸਮ ਕਰ ਸਕਦਾ ਹੈ, ਉਸ ਸਮੇਂ ਸਾਧਕ ਇਹ ਜਾਣ ਲੈਂਦਾ ਹੈ ਇਹ ਆਤਮਾ ਨਹੀਂ ਕੇਵਲ ਗੁਣ ਹੀ ਭਰਮਾਂ ਦੇ ਕਾਰਨ ਹੈ।

ਜਿਹੜੇ ਸਾਧਨਾ ਦਾ ਅਭਿਆਸ ਕਰਕੇ ਆਪਾ ਚੀਨ ਕੇ ਅਨੰਦ ਮਹਿਸੂਸ ਕਰਦੇ ਹਨ, ਉਹ ਉਸ ਇਕ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ, ਇਹ ਸਾਧਨਾ ਦੀ ਸਭ ਤੋਂ ਉਚੀ ਅਵਸਥਾ ਹੁੰਦੀ ਹੈ। ਬੁੱਧੀ ਜੀਵ ਜਿਹੜੇ ਅਭਿਆਸ ਨਹੀਂ ਕਰਦੇ, ਅਨੁਭਵ ਨਹੀਂ ਕਰਦੇ, ਉਹ ਇਸ ਅਵਸਥਾ ਤਕ ਨਹੀਂ ਪਹੁੰਚ ਸਕਦੇ ਵਾਹਿਗੁਰੂ ਨਾਲ ਅਭੇਦ ਹੋਣ ਦੀ ਗੱਲ ਇਕ ਹੋਣ ਦੀ ਗੱਲ ਕਿਸੇ ਦਲੀਲ ਕਿਸੇ ਤਰਕ ਦੀ ਗੋਚਰੇ ਨਹੀਂ ਹੈ, ਕਿਸੇ ਬਹਿਸ ਦੀ ਗੋਚਰੇ ਨਹੀਂ ਹੈ, ਇਹ ਤਾਂ ਇਕ ਡੂੰਘਾ ਅਨੁਭਵ ਹੈ, ਪ੍ਰਤੱਖ ਗਿਆਨ ਹੈ ਜੋ ਕੇਵਲ ਉਹ ਹੀ ਪ੍ਰਾਪਤ ਕਰ ਸਕਦੇ ਹਨ ਜਿਹੜੇ ਸਾਧਨਾ ਦੇ ਪੱਖ ਤੇ ਹਨ, ਜਿਹੜੇ ਦ੍ਰਿੜ੍ਹ ਹੋ ਕੇ ਸਾਧਨਾ ਕਰਦੇ ਹਨ, ਉਹ ਸੰਸਕਾਰਾਂ ਤੋਂ ਛੁਟ ਜਾਂਦੇ ਹਨ, ਉਨ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ ਉਹ ਇਕ ਹੋ ਜਾਂਦੇ ਹਨ ਤੇ ਜਨਮ ਮਰਣ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ।

ਜੰਮਣਾ ਤੇ ਮਰਨਾ ਵੀ ਬਹੁਤ ਵੱਡੀਆਂ ਘਟਨਾਵਾਂ ਇਸ ਜੀਵਨ ਦੀਆਂ ਹਨ। ਮਨੁੱਖ ਬਾਰ-ਬਾਰ ਇਨ੍ਹਾਂ ਵਿਚੋਂ ਲੰਘਦਾ ਹੈ, ਮਨੁੱਖ ਜੰਮਦਾ ਹੈ, ਵੱਡਾ ਹੁੰਦਾ ਹੈ, ਬਚਪਨ ਜਵਾਨੀ ਜਵਾਨੀ ਤੋਂ ਫੇਰ ਮੱਧ ਅਵਸਥਾ, ਫੇਰ ਬੁਢਾਪਾ, ਕੀ ਇਹ ਸੱਚ ਨਹੀਂ ਅਸੀਂ ਇਕ ਜੀਵਨ ਵਿਚ ਹੀ ਕਿੰਨੀ ਵਾਰੀ ਮਰਦੇ ਹਾਂ? ਬਚਪਨ ਮਰਦਾ ਹੈ, ਜਵਾਨੀ ਆਉਂਦੀ ਹੈ, ਜਵਾਨੀ ਮਰਦੀ ਹੈ, ਵੱਡਾ ਹੁੰਦਾ ਹੈ, ਵੱਡਾਪਣ ਮਰਦਾ ਹੈ, ਮੱਧ ਅਵਸਥਾ ਆਉਂਦੀ ਹੈ, ਮੱਧ ਅਵਸਥਾ ਮਰਦੀ ਹੈ ਬੁਢਾਪਾ ਆਉਂਦਾ ਹੈ ਫੇਰ ਮਰਨ ਦਾ ਦੁਖ ਕਿਉਂ? ਅਗਿਆਨੀ ਹੀ ਮਰਨ ਤੋਂ ਡਰਦੇ ਹਨ, ਜੀਉਣ ਲਈ ਮਰਨਾ ਹੀ ਪੈਂਦਾ ਹੈ। ਆਤਮ ਸਾਧਕ ਸੁਤੰਤਰ ਹਨ, ਜੰਮਣ ਮਰਨ ਦੇ ਸਾਰੇ ਰਹੱਸ ਉਹ ਜਾਣਦੇ ਹਨ, ਉਹ ਕੇਵਲ ਮਰਨ ਦੇ ਡਰ ਤੋਂ ਹੀ ਮੁਕਤ ਨਹੀਂ, ਉਹ ਜੰਮਣ ਮਰਨ ਦੇ ਗੇੜ ਤੋਂ ਹੀ ਮੁਕਤ ਹਨ।

**L L L L L L L**


**For more information**

**please visit us on internet at :-**

**http://www.atammarg.org**

**&**

**http://www.atammarg.com**

(ਪੰਨਾ 40 ਦੀ ਬਾਕੀ)

ਲੱਗੇ, "ਮੇਰਾ ਬਿਰਧ ਸਰੀਰ ਸਖਤ ਹੈ, ਪਰ ਆਪ ਜੀ ਦੇ ਚਰਨ ਕੂਲੇ ਹਨ, ਆਪ ਦੇ ਚਰਨਾਂ ਨੂੰ ਸੱਟ ਲੱਗੀ ਹੋਵੇਗੀ।" ਜਦੋਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਨੂੰ ਪੁਛਿਆ, " ਆਪ ਦੀ ਦਾੜ੍ਹੀ ਐਨੀ ਕਿਉਂ ਵਧੀ ਹੋਈ ਹੈ?" ਤਾਂ ਆਪ ਜੀ ਨੇ ਬਿਨਾਂ ਕ੍ਰੋਧ ਕੀਤੇ ਨਿਰਮਾਣਤਾ ਨਾਲ ਕਿਹਾ ਕਿ "ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ।" ਗੁਰੂ ਅਰਜੁਨ ਦੇਵ ਜੀ ਨੂੰ ਪ੍ਰਿਥੀ ਚੰਦ ਨੇ ਅੰਤਾਂ ਦਾ ਤੰਗ ਕੀਤਾ ਪਰ ਆਪ ਜੀ ਨੇ ਕੋਈ ਕ੍ਰੋਧ ਨਹੀਂ ਕੀਤਾ। ਤੱਤੀਆਂ ਤਵੀਆਂ ਤੇ ਬੈਠ ਕੇ ਆਪ ਜੀ ਨੇ ਕ੍ਰੋਧ ਵਿਚ ਆ ਕੇ ਕੋਈ ਸਰਾਪ ਨਹੀਂ ਦਿਤਾ ਸਗੋਂ ਮੀਆਂ ਮੀਰ ਜੀ ਨੂੰ ਵੀ ਸਰਾਪ ਦੇਣ ਤੋਂ ਵਰਜਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਾਂਤ ਚਿਤ ਸ਼ਹੀਦੀ, ਭਾਈ ਦਿਆਲਾ ਜੀ ਦਾ ਦੇਗ ਵਿਚ ਉਬਾਲਣਾ ਭਾਈ ਮਤੀ ਦਾਸ ਜੀ ਦਾ ਸਰੀਰ ਆਰੇ ਨਾਲ ਦੋ ਫਾੜ ਕਰਨਾ ਤੇ ਇਸੇ ਤਰ੍ਹਾਂ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਇਹ ਸਭ ਕੁਝ ਭਾਣੇ ਵਿਚ ਰਹਿ ਕੇ ਖੁਸ਼ੀ ਖੁਸ਼ੀ ਜਰ ਗਏ ਕਿਸੇ ਨੂੰ ਵੀ ਕੋਈ ਸਰਾਪ ਆਦਿ ਨਹੀਂ ਦਿਤਾ ਗਿਆ। ਇਹ ਸਾਰੀਆਂ ਗੱਲਾਂ ਇਹ ਦਰਸਾਉਂਦੀਆਂ ਹਨ ਕਿ ਨਾਮ ਜਪਣ ਵਾਲੇ ਕ੍ਰੋਧ ਨੂੰ ਜਿੱਤ ਲੈਂਦੇ ਹਨ। ਯੁੱਧ ਵਿਚ ਭੀ ਕ੍ਰੋਧ ਦੀ ਥਾਂ ਬੀਰ ਰਸ ਅਧੀਨ ਪਿਆਰ ਨਾਲ ਆਕਰਮਣਕਾਰੀ ਨੂੰ ਵਾਰ ਕਰਨ ਲਈ ਕਹਿੰਦੇ ਹਨ ਜਿਵੇਂ ਕਿ ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਫੁਰਮਾਨ ਕਰਦੇ ਹਨ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ।" ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਇਕ ਆਕਰਮਣਕਾਰੀ ਨੇ ਤਿੰਨ ਵਾਰ ਕੀਤੇ, ਪ੍ਰਤੀਕਰਮ ਵਜੋਂ ਗੁਰੂ ਸਾਹਿਬ ਜੀ ਨੇ ਇਕ ਕਹਿ ਕੇ ਵਾਰ ਕੀਤਾ ਕਿ ਵਾਰ ਇਉਂ ਨਹੀਂ ਕਰੀਦਾ ਇੰਞ ਕਰੀਦਾ ਹੈ।

ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਮਹਾਰਾਜ ਨੇ ਸਲੋਕ ਸਹਸਕ੍ਰਿਤੀ ਵਿਚ ਕ੍ਰੋਧ ਨੂੰ ਇਕ ਅਜੀਬ ਲਾਹਨਤ ਪਾਈ ਹੈ ਤੇ ਸਾਹਿਬ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਕੀਤੀ ਹੈ ਕਿ ਹੇ ਦਇਆਲ ਦੁੱਖ ਭੰਜਨ ਨਾਨਕ ਸਾਰੇ ਜੀਵਾਂ ਦੀ ਇਸ ਕ੍ਰੋਧ ਤੋਂ ਰੱਖਿਆ ਕਰੋ -

***ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥***
***ਬਿਖਯੰਤ ਜੀਵੰ ਵਸੰ ਕਰੋਤਿ ਨਿਰਤੰ ਕਰੋਤਿ ਜਥਾ ਮਰਕਟਹ***
***ਅਨਿਕ ਸਾਸਨ ਤਾੜੰਤਿ ਜਮਦੂਤਹ,***
***ਭਵ ਸੰਗੇ ਅਧਮੰ ਨਰਹ॥***
***ਦੀਨ ਦੁਖ ਭੰਜਨ ਦਯਾਲ ਪ੍ਰਭੂ ਨਾਨਕ***
***ਸਰਬ ਜੀਆ ਰਖਾ ਕਰੋਤਿ***
***(ਸਲੋਕ ਸਹਸਕ੍ਰਿਤੀ) ਪੰਨਾ - 1358***

ਹੇ ਝਗੜੇ ਦੀ ਜੜ ਕ੍ਰੋਧ ਜੀ, ਤੈਨੂੰ ਕਦੇ ਜੀਵਾਂ ਤੇ ਦਇਆ ਨਹੀਂ ਆਈ। ਤੈਂ ਵਿਸ਼ਈ ਜੀਵਾਂ ਨੂੰ ਆਪਣੇ ਵਸ ਵਿਚ ਕੀਤਾ ਹੈ। ਉਹ ਤੇਰੇ ਅੱਗੇ ਇਸ ਤਰ੍ਹਾਂ ਨੱਚਦੇ ਹਨ ਜਿਵੇਂ ਮਦਾਰੀ ਅੱਗੇ ਬਾਂਦਰ ਨੱਚਦਾ ਹੈ। ਹੇ ਕ੍ਰੋਧ! ਤੇਰੇ ਨਾਲ ਰਹਿਣ ਕਰਕੇ ਵਿਚਾਰੇ ਨੀਚ ਆਦਮੀ ਨੂੰ ਜਮਾਂ ਤੋਂ ਸਜਾਵਾਂ ਤੇ ਤਾੜਨਾਵਾਂ ਮਿਲਦੀਆਂ ਹਨ। ਗਰੀਬਾਂ ਦੀ ਰੱਖਿਆ ਕਰਨ ਵਾਲੇ, ਦੁਖਾਂ ਨੂੰ ਭੰਨਣ ਵਾਲੇ ਹੇ ਪ੍ਰਭੂ ਨਾਨਕ ਸਾਰੇ ਜੀਵਾਂ ਦੀ ਇਸ ਕ੍ਰੋਧ ਤੋਂ ਰੱਖਿਆ ਕਰੋ।

ਗੁਰਮੁਖ ਦਾ ਗੁੱਸਾ ਪਾਣੀ ਵਿਚ ਲਕੀਰ ਹੁੰਦਾ ਹੈ ਤੇ ਮਨਮੁਖ ਦਾ ਪੱਥਰ ਤੇ ਲਕੀਰ। ਅਸਲ ਵਿਚ ਗੁਰਾਂ, ਪੀਰਾਂ, ਮਹਾਤਮਾਵਾਂ ਵਿਚ ਕੇਵਲ ਉੱਪਰ ਉੱਪਰ ਦਾ ਗੁੱਸਾ ਹੋ ਸਕਦਾ ਹੈ ਜਿਸ ਨਾਲ ਉਹ ਦੁਨੀਆਂ ਵਿਚ ਆਪਣਾ ਕਾਰਜ ਦੁਨੀਆਂ ਦੇ ਤੇ ਕੁਦਰਤ ਤੇ ਕਾਨੂੰਨਾਂ ਅਧੀਨ ਕਰਦੇ ਹਨ। ਇਹ ਕੇਵਲ ਠਾਠਾ ਬਾਗਾ ਹੀ ਹੁੰਦਾ ਹੈ। ਮਹਿਜ ਇਕ ਡਰਾਮਾ ਜੋ ਕੇਵਲ ਦੁਨੀਆਂ ਵਿਚ ਰਹਿਣ ਵਾਸਤੇ ਹੀ ਕੀਤਾ ਜਾਂਦਾ ਹੈ ਤੇ ਇਸ ਵਿਚ ਵੀ ਦੁਨੀਆਂ ਦਾ ਭਲਾ ਕਰਨ ਦੀ ਹੀ ਇੱਛਾ ਛੁਪੀ ਹੁੰਦਾ ਹੈ ਭਾਵੇਂ ਦੇਖਣ ਨੂੰ ਬਹੁਤ ਭਿਆਨਕ ਲੱਗੇ -

***ਸਾਚਿ ਨਾਮਿ ਮੇਰਾ ਮਨੁ ਲਾਗਾ।***
***ਲੋਗਨ ਸਿਉ ਮੇਰਾ ਠਾਠਾ ਬਾਗਾ।***
***ਬਾਹਰਿ ਸੂਤੁ ਸਗਲ ਸਿਉ ਮਉਲਾ।***
***ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ।***
***ਮੁਖ ਕੀ ਬਾਤ ਸਗਲ ਸਿਉ ਕਰਤਾ।***
***ਜੀਅ ਸੰਗਿ ਪ੍ਰਭੁ ਅਪੁਨਾ ਧਰਤਾ।***
***ਦੀਸਿ ਆਵਤ ਹੈ ਬਹੁਤੁ ਭੀਹਾਲਾ।***
***ਸਗਲ ਚਰਨ ਕੀ ਇਹੁ ਮਨੁ ਰਾਲਾ।***
***ਨਾਨਕ ਜਨਿ ਗੁਰੁ ਪੂਰਾ ਪਾਇਆ।***
***ਅੰਤਰਿ ਬਾਹਰਿ ਏਕੁ ਦਿਖਾਇਆ॥ ਪੰਨਾ - 384-85***

ਥੋੜਾ ਬਹੁਤ ਉੱਪਰ ਵਾਲੇ ਵਿਚਾਰ ਨਾਲ ਮੇਲ ਖਾਂਦਾ ਇਹ ਕਥਨ ਵੀ ਹੈ ਜੋ ਕਿ ਵਿਵਹਾਰਿਕ ਸੰਸਾਰ ਦੀ ਉਪਜ ਹੈ -

Wise anger is like fire from the flint, there is a great ado to bring it out; and when it does come it is out again immediately.

ਸਿਆਣਪ ਵਾਲਾ ਗੁੱਸਾ ਅਗਪੱਥਰ ਵਿਚੋਂ ਨਿਕਲੀ ਅੱਗ ਵਰਗਾ ਹੁੰਦਾ ਹੈ। ਇਹ ਸੌਖੀ ਸੌਖੀ ਬਾਹਰ ਨਹੀਂ ਆਉਂਦੀ ਅਤੇ ਜਦੋਂ ਇਹ ਬਾਹਰ ਆ ਵੀ ਜਾਂਦੀ ਹੈ ਤਾਂ ਇਹ ਤਤਕਾਲ ਹੀ ਬੁਝ ਜਾਂਦੀ ਹੈ।(ਐਮ ਹੈਨਰੀ)

**L L L L L L L**

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ -** ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ - 2, 9, 16, 23 ਮਈ, ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ -** 30 ਮਈ ਦਿਨ ਐਤਵਾਰ ਰਤਵਾੜਾ ਸਾਹਿਬ।

**ਸੰਗਰਾਂਦ** - 15 ਮਈ, ਦਿਨ ਸ਼ਨੀਵਾਰ, ਰਤਵਾੜਾ ਸਾਹਿਬ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ -** 15 ਮਈ, ਦਿਨ ਸ਼ਨੀਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** - ਡੇਰਾ ਹਿਰਦਾਪੁਰ ਚੰਗਰ ਜਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

### ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ
### ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

## ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10.ਬਾਬਾਣੀਆਂ ਕਹਾਣੀਆਂ | ਭੇਟਾ 50/- |
| 11.ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12.ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14.ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15.ਅੰਮ੍ਰਿਤ ਫੁਹਾਰ | ਭੇਟਾ 10/- |

## ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10.ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11.ਅੰਮ੍ਰਿਤ ਫੁਹਾਰ | ਭੇਟਾ 10/- |

## English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I ) | Rs. 50/- US$ 5 |
| DISCOURSES ON THE BEYOND (Part II ) | US$ 5 US£ 3 |
| 4. THE WAY TO THE IMPERCEPTIBLE | RS. 80/- US$ 10 |
| 5. The Lights Immortal | Rs. 20/- US$ 2 |
| 6. Transcendental Bliss | US$ 10 US£ 5 |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

## -: ਮਿਲਣ ਦਾ ਪਤਾ : -

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਕੋਠੀ ਨੰਬਰ 1782, ਫੇਜ਼ 3ਬੀ2,**
**ਐਸ. ਏ. ਐਸ ਨਗਰ,**
**ਮੋਹਾਲੀ - 160055 (ਪੰਜਾਬ)**
**(ਟੈਲੀਫੋਨ) : (0172) 220972, ਫੈਕਸ - 677697**